ਕੌਮਾਂਤਰੀ www.amritsartimes.live
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 205| 17 to 23 December, 2025 | Ph.: (510) 240-5949 | Email: asrtimes@gmail.com




# ਕਿਉਂ ਜਨਮ ਭੂਮੀ ਨੂੰ ਅਲਵਿਦਾ ਕਹਿ ਰਹੇ ਨੇ ਭਾਰਤੀ?

## ਹਰ ਸਾਲ 2 ਲੱਖ ਭਾਰਤੀ ਜਾ ਰਹੇ ਨੇ ਵਿਦੇਸ਼

## 5 ਸਾਲਾਂ ਦੌਰਾਨ 9 ਲੱਖ ਭਾਰਤੀਆਂ ਨੇ ਹਾਸਲ ਕੀਤੀ ਵਿਦੇਸ਼ੀ ਨਾਗਰਿਕਤਾ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਕਸਰ ਭਾਰਤ ਨੂੰ 'ਵਿਸ਼ਵ ਗੁਰੂ' ਬਣਾਉਣ ਦਾ ਦਾਅਵਾ ਕਰਦੇ ਹਨ। ਇਸ ਤੋਂ ਇਲਾਵਾ ਕੇਂਦਰ ਸਰਕਾਰ ਵੱਲੋਂ ਕਈ ਵਾਰ ਦਾਅਵਾ ਕੀਤਾ ਗਿਆ ਹੈ ਕਿ ਉਸ ਵੱਲੋਂ ਭਾਰਤ ਦੇ ਨੌਜਵਾਨਾਂ ਨੂੰ ਵੱਡੇ ਪੱਧਰ 'ਤੇ ਰੁਜ਼ਗਾਰ ਦੇਣ ਅਤੇ ਸਵੈ ਰੁਜ਼ਗਾਰ ਲਈ ਉਤਸ਼ਾਹਿਤ ਕਰਨ ਨਾਲ ਭਾਰਤੀ ਨੌਜਵਾਨਾਂ ਨੂੰ ਵਿਦੇਸ਼ ਜਾਣ ਦੀ ਲੋੜ ਨਹੀਂ ਪਵੇਗੀ ਪਰ ਵਿਦੇਸ਼ ਰਾਜ ਮੰਤਰੀ ਵੱਲੋਂ ਰਾਜ ਸਭਾ ਵਿੱਚ ਭਾਰਤੀਆਂ ਦੇ ਵਿਦੇਸ਼ ਜਾਣ ਦੇ ਪੇਸ਼ ਕੀਤੇ ਗਏ ਅੰਕੜੇ ਕੁਝ ਹੋਰ ਕਹਾਣੀ ਕਹਿ ਰਹੇ ਹਨ।

ਪਿਛਲੇ ਦਿਨੀਂ ਰਾਜ ਸਭਾ ਵਿੱਚ ਇੱਕ ਸਵਾਲ ਦਾ ਜਵਾਬ ਦਿੰਦਿਆਂ ਵਿਦੇਸ਼ ਰਾਜ ਮੰਤਰੀ ਕੀਰਤੀਵਰਧਨ ਸਿੰਘ ਨੇ ਦੱਸਿਆ ਹੈ ਕਿ 2011 ਤੋਂ 2024 ਦੇ ਵਿਚਕਾਰ ਲਗਭਗ 21 ਲੱਖ ਭਾਰਤੀਆਂ ਵੱਲੋਂ ਵਿਦੇਸ਼ੀ ਨਾਗਰਿਕਤਾ ਅਪਣਾਈ ਗਈ। ਉਨ੍ਹਾਂ ਮੁਤਾਬਕ ਸਾਲ 2021 ਤੋਂ ਬਾਅਦ ਨਾਗਰਿਕਤਾ ਛੱਡਣ ਵਾਲਿਆਂ ਦੀ ਗਿਣਤੀ ਵਿੱਚ ਵੱਡਾ ਉਛਾਲ ਦੇਖਣ ਨੂੰ ਮਿਲਿਆ। ਜਿੱਥੇ ਕੋਰੋਨਾ ਮਹਾਂਮਾਰੀ ਦੇ ਸਾਲ 2020 ਦੌਰਾਨ ਇਹ ਅੰਕੜਾ ਘਟ ਕੇ 85 ਹਜ਼ਾਰ ਦੇ ਕਰੀਬ ਰਹਿ ਗਿਆ ਸੀ, ਉਥੇ ਹੀ ਇਸ ਤੋਂ ਬਾਅਦ ਇਹ ਗਿਣਤੀ 2 ਲੱਖ ਦੇ ਆਸਪਾਸ ਪਹੁੰਚ ਗਈ। ਵਿਦੇਸ਼ ਰਾਜ ਮੰਤਰੀ ਕੀਰਤੀਵਰਧਨ ਸਿੰਘ ਵੱਲੋਂ ਰਾਜ ਸਭਾ ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ ਸਾਲ 2011 ਵਿੱਚ 1,22,819 ਲੋਕਾਂ ਨੇ ਭਾਰਤ ਦੀ ਨਾਗਰਿਕਤਾ ਛੱਡੀ ਅਤੇ ਵਿਦੇਸ਼ ਚਲੇ ਗਏ। ਇਸੇ ਤਰ੍ਹਾਂ ਸਾਲ 2012 ਵਿੱਚ 1,20,923 ਸਾਲ 2013 ਵਿੱਚ 1,31,405 ਸਾਲ 2014 ਵਿੱਚ 1,29,328 ਸਾਲ 2015 ਵਿੱਚ 1,31,489 ਸਾਲ 2016 ਵਿੱਚ 1,41,603 ਸਾਲ 2017 ਵਿੱਚ 1,33,049 ਸਾਲ 2018 ਵਿੱਚ 1,34,561 ਸਾਲ 2019 ਵਿੱਚ 1,44,017 ਸਾਲ 2020 ਵਿੱਚ 85,256 ਸਾਲ 2021 ਵਿੱਚ 1,63,370 ਸਾਲ 2022 ਵਿੱਚ 2,25,620 ਸਾਲ 2023 ਵਿੱਚ 2,16,219

ਸਾਲ 2024 ਵਿੱਚ 2,06,378 ਲੋਕਾਂ ਵੱਲੋਂ ਭਾਰਤ ਦੀ ਨਾਗਰਿਕਤਾ ਛੱਡੀ ਗਈ। ਵਿਦੇਸ਼ ਗਏ ਭਾਰਤੀ ਲੋਕਾਂ ਵਿੱਚ ਵੱਡੀ ਗਿਣਤੀ ਉਹ ਲੋਕ ਸ਼ਾਮਲ ਹਨ, ਜੋ ਕਿ ਹੁਣ ਭਾਰਤ ਵਾਪਸ ਨਹੀਂ ਆਉਣਾ ਚਾਹੁੰਦੇ ਅਤੇ ਪੱਕੇ ਤੌਰ 'ਤੇ ਵਿਦੇਸ਼ ਰਹਿਣਾ ਚਾਹੁੰਦੇ ਹਨ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਹ ਅੰਕੜੇ ਸਿਰਫ਼ ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਵਾਲੇ ਭਾਰਤੀ ਲੋਕਾਂ ਦੇ ਹਨ। ਜਿਹੜੇ ਭਾਰਤੀ ਲੋਕ ਗ਼ੈਰ ਕਾਨੂੰਨੀ ਤਰੀਕਿਆਂ ਨਾਲ ਜਾਂ ਡੰਕੀ ਰੂਟ ਰਾਹੀਂ ਵਿਦੇਸ਼ ਜਾਂਦੇ ਹਨ, ਉਹਨਾਂ ਦੇ ਅੰਕੜੇ ਮੌਜੂਦ ਨਹੀਂ ਹਨ। ਮਾਹਿਰਾਂ ਮੁਤਾਬਕ ਵਿਦੇਸ਼ ਜਾਣ ਵਾਲਿਆਂ ਵਿੱਚ ਜ਼ਿਆਦਾਤਰ ਉਹ ਲੋਕ ਸ਼ਾਮਲ ਹੁੰਦੇ ਹਨ, ਜੋ ਰੁਜ਼ਗਾਰ ਅਤੇ ਚੰਗੀ ਜ਼ਿੰਦਗੀ ਦੀ ਭਾਲ ਵਿੱਚ ਵਿਦੇਸ਼ ਜਾਂਦੇ ਹਨ ਪਰ ਜੇਕਰ ਭਾਰਤ ਸਰਕਾਰ ਇਨ੍ਹਾਂ ਨੌਜਵਾਨਾਂ ਨੂੰ ਇੱਥੇ ਹੀ ਵਧੀਆ ਰੁਜ਼ਗਾਰ ਦੇ ਮੌਕੇ ਅਤੇ ਵਿਦੇਸ਼ਾਂ ਵਰਗੀਆਂ ਸੁੱਖ ਸਹੂਲਤਾਂ ਪੈਦਾ ਕਰੇ ਤਾਂ ਵਿਦੇਸ਼ ਜਾਣ ਵਾਲਿਆਂ ਦੀ ਗਿਣਤੀ ਘਟਾਈ ਜਾ ਸਕਦੀ ਹੈ, ਪਰ ਅਫ਼ਸੋਸ ਸਰਕਾਰਾਂ ਇਸ ਪਾਸੇ ਬਿਲਕੁਲ ਵੀ ਧਿਆਨ ਨਹੀਂ ਦੇ ਰਹੀਆਂ। ਜਿਸ ਕਾਰਨ ਭਾਰਤੀ ਲੋਕਾਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਵਧਦਾ ਜਾ ਰਿਹਾ ਹੈ।

ਜੇ ਹੁਣ ਸਿਰਫ਼ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਵਿੱਚ ਆਈ ਕੋਈ ਵੀ ਸਰਕਾਰ ਪੰਜਾਬੀਆਂ ਦੇ ਵਿਦੇਸ਼ ਜਾਣ ਦੇ ਰੁਝਾਨ ਨੂੰ ਠੱਲ੍ਹ ਨਹੀਂ ਪਾ ਸਕੀ। ਪਿਛਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਹਰ ਵਰਗ ਨੂੰ ਵੱਡੇ-ਵੱਡੇ ਸੁਫ਼ਨੇ ਦਿਖਾਏ ਗਏ ਸਨ, ਪਰ ਸਭ ਤੋਂ ਵੱਧ ਸੁਫ਼ਨੇ ਨੌਜਵਾਨ ਵਰਗ ਨੂੰ ਦਿਖਾਏ ਗਏ ਸਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਲੋਕਾਂ ਨੂੰ ਕੰਮ ਕਰਨ ਲਈ ਵਿਦੇਸ਼ ਨਹੀਂ ਜਾਣਾ ਪਵੇਗਾ ਸਗੋਂ ਪੰਜਾਬ ਵਿੱਚ ਇਸ ਤਰ੍ਹਾਂ ਦਾ ਮਾਹੌਲ ਸਿਰਜਿਆ ਜਾਵੇਗਾ ਕਿ ਪੰਜਾਬ ਵਿੱਚ ਦੂਜੇ ਦੇਸ਼ਾਂ ਤੋਂ ਲੋਕ ਕੰਮ ਕਰਨ ਲਈ ਆਉਣਗੇ। 'ਆਪ' ਸਰਕਾਰ ਦੇ ਕਾਰਜਕਾਲ ਨੂੰ ਚਾਰ ਸਾਲ ਦੇ ਲਗਭਗ ਸਮਾਂ ਹੋ ਗਿਆ ਹੈ ਤੇ ਅਜੇ ਤੱਕ ਵਿਦੇਸ਼ਾਂ ਤੋਂ ਲੋਕ ਪੰਜਾਬ ਵਿੱਚ ਕੰਮ ਕਰਨ ਲਈ ਤਾਂ ਨਹੀਂ ਆਏ ਸਗੋਂ 'ਆਪ' ਸਰਕਾਰ ਦੇ ਇਸ ਕਾਰਜਕਾਲ ਵਿੱਚ ਇਸ ਤਰ੍ਹਾਂ ਦਾ ਮਾਹੌਲ ਬਣ ਗਿਆ ਹੈ ਕਿ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਹੋਰ ਵੀ ਵਾਧਾ ਹੋ ਰਿਹਾ ਹੈ ਜਿਸ ਨੇ ਪੰਜਾਬ ਪ੍ਰੇਮੀਆਂ ਲਈ ਹੋਰ ਵੀ ਵੱਡੀ ਚਿੰਤਾ ਪੈਦਾ ਕਰ ਦਿੱਤੀ ਹੈ ਤੇ ਬੁੱਧੀਜੀਵੀਆਂ ਤੇ ਹੋਰ ਸਮਾਜਿਕ ਜਥੇਬੰਦੀਆਂ ਵਲੋਂ ਕਰਵਾਏ ਜਾਂਦੇ ਪ੍ਰੋਗਰਾਮ ਵਿੱਚ ਵੱਧ ਰਹੇ ਪ੍ਰਵਾਸ 'ਤੇ ਲਗਾਤਾਰ ਚਿੰਤਾ ਜ਼ਾਹਿਰ ਕੀਤੀ ਜਾ ਰਹੀ ਹੈ। ਸਿਰਫ਼ ਪੰਜਾਬ ਹੀ ਨਹੀਂ ਸਗੋਂ ਗੁਜਰਾਤ ਵਰਗੇ ਅਮੀਰ ਸੂਬਿਆਂ ਤੋਂ ਵੀ ਵੱਡੀ ਗਿਣਤੀ ਲੋਕ ਵਿਦੇਸ਼ਾਂ ਲਈ ਪ੍ਰਵਾਸ ਕਰ ਰਹੇ ਹਨ।

(ਬਾਕੀ ਸਫ਼ਾ 26 'ਤੇ)

## ਪੰਜਾਬੀਆਂ 'ਚ ਵੀ ਵਧਿਆ ਪ੍ਰਵਾਸ ਕਰਨ ਦਾ ਰੁਝਾਨ




ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਅਧਿਐਨ ਅਨੁਸਾਰ ਪੰਜਾਬ ਦੇ 13.34% ਪੇਂਡੂ ਪਰਿਵਾਰਾਂ ਵਿੱਚ ਘੱਟੋ-ਘੱਟ ਇੱਕ ਮੈਂਬਰ ਪ੍ਰਵਾਸੀ ਸੀ।

ਮਾਝੇ ਤੋਂ ਅੰਮ੍ਰਿਤਸਰ, ਗੁਰਦਾਸਪੁਰ, ਦੁਆਬੇ ਤੋਂ ਐੱਸ.ਬੀ.ਐੱਸ. ਨਗਰ ਅਤੇ ਮਾਲਵੇ ਤੋਂ ਫਿਰੋਜ਼ਪੁਰ ਵਿੱਚ 30% ਪੇਂਡੂ ਪਰਿਵਾਰ ਅਜਿਹੇ ਸਨ ਜਿੱਥੋਂ ਘੱਟੋ-ਘੱਟ ਇੱਕ ਮੈਂਬਰ ਪ੍ਰਵਾਸ ਕਰ ਗਿਆ ਸੀ।

10.23% ਫਾਰਮ ਤੋਂ ਅਤੇ 3.11% ਗ਼ੈਰ-ਖੇਤੀ ਪਰਿਵਾਰਾਂ ਵਿੱਚ ਘੱਟੋ-ਘੱਟ ਇੱਕ ਮੈਂਬਰ ਸੀ ਜੋ ਵਿਦੇਸ਼ ਚਲੇ ਗਏ। ਸਭ ਤੋਂ ਵੱਧ ਪਰਵਾਸ ਛੋਟੇ ਕਿਸਾਨਾਂ (12.64%) ਪਰਿਵਾਰਾਂ ਵਿੱਚ ਦੇਖਿਆ ਗਿਆ।

ਪ੍ਰਵਾਸੀ ਪਰਿਵਾਰਾਂ ਕੋਲ ਗ਼ੈਰ-ਪ੍ਰਵਾਸੀ ਪਰਿਵਾਰਾਂ (15.46%) ਨਾਲੋਂ ਬਿਹਤਰ ਸਿੱਖਿਆ (20.78% ਸੀਨੀਅਰ ਸੈਕੰਡਰੀ ਪੱਧਰ ਅਤੇ ਉੱਪਰ) ਸੀ। ਦੋਆਬੇ ਦੇ ਘਰਾਂ ਦੇ ਮੁਖੀਆਂ ਦਾ ਵਿਦਿਅਕ ਪੱਧਰ ਮਾਝੇ ਅਤੇ ਮਾਲਵੇ ਨਾਲੋਂ ਉੱਚਾ ਸੀ। 51.88% ਪ੍ਰਵਾਸੀ ਪਰਿਵਾਰ ਅਤੇ 41.52% ਗ਼ੈਰ-ਪ੍ਰਵਾਸੀ ਪਰਿਵਾਰ ਜੱਟ ਸਿੱਖ ਸਨ।

# ਐਲੋਨ ਮਸਕ 600 ਬਿਲੀਅਨ ਡਾਲਰ ਦੀ ਸੰਪਤੀ ਵਾਲਾ ਪਹਿਲਾ ਵਿਅਕਤੀ ਬਣਿਆ

ਨਿਊਯਾਰਕ/ਏ.ਟੀ.ਨਿਊਜ਼: ਐਲੋਨ ਮਸਕ ਨੇ ਇਤਿਹਾਸ ਰਚਿਆ ਹੈ। ਪਿਛਲੇ ਦਿਨੀਂ ਉਸਦੀ ਕੁੱਲ ਜਾਇਦਾਦ 600 ਬਿਲੀਅਨ ਡਾਲਰ ਨੂੰ ਪਾਰ ਕਰ ਗਈ, ਅਤੇ ਫੋਰਬਸ ਦੇ ਅਨੁਸਾਰ, ਇਹ ਹੁਣ ਲਗਭਗ 677 ਬਿਲੀਅਨ ਡਾਲਰ ਹੋ ਗਈ ਹੈ। ਪਹਿਲਾਂ ਕਦੇ ਕੋਈ ਵੀ ਵਿਅਕਤੀ ਇੰਨਾ ਅਮੀਰ ਨਹੀਂ ਸੀ। ਇਹ ਵਾਧਾ ਮੁੱਖ ਤੌਰ 'ਤੇ ਉਸਦੀ ਸਪੇਸ ਕੰਪਨੀ, ਸਪੇਸਐਕਸ ਦੇ ਕਾਰਨ ਹੈ।

ਸਪੇਸਐਕਸ ਦਾ ਮੁਲਾਂਕਣ ਹਾਲ ਹੀ ਵਿੱਚ 800 ਬਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ। ਕੰਪਨੀ ਅਗਲੇ ਸਾਲ ਜਨਤਕ ਹੋਣ ਦੀ ਤਿਆਰੀ ਕਰ ਰਹੀ ਹੈ। ਮਸਕ ਸਪੇਸਐਕਸ ਦੇ ਲਗਭਗ 42% ਦੇ ਮਾਲਕ ਹਨ, ਜਿਸਨੇ ਇਕੱਲੇ ਇਸ ਮੁਲਾਂਕਣ ਵਾਧੇ ਤੋਂ ਉਸਦੀ ਦੌਲਤ ਵਿੱਚ 168 ਬਿਲੀਅਨ ਡਾਲਰ ਦਾ ਵਾਧਾ ਕੀਤਾ ਹੈ। ਅਕਤੂਬਰ ਵਿੱਚ, ਉਹ 500 ਬਿਲੀਅਨ ਡਾਲਰ ਦੇ ਅੰਕੜੇ ਨੂੰ ਪਾਰ ਕਰਨ ਵਾਲਾ ਪਹਿਲਾ ਵਿਅਕਤੀ ਬਣ ਗਿਆ।



**ਸਪੇਸਐਕਸ ਨੂੰ ਸੂਚੀਬੱਧ ਕੀਤਾ ਜਾਵੇਗਾ**

ਸਪੇਸਐਕਸ ਲਈ ਇਹ ਨਵਾਂ ਮੁਲਾਂਕਣ ਇੱਕ ਟੈਂਡਰ ਪੇਸ਼ਕਸ਼ ਤੋਂ ਆਇਆ ਹੈ, ਜੋ ਅਗਸਤ ਵਿੱਚ 400 ਬਿਲੀਅਨ ਡਾਲਰ ਤੋਂ ਦੁੱਗਣਾ ਹੋ ਗਿਆ। ਕੰਪਨੀ 2026 ਵਿੱਚ ਇੱਕ ਯੋਜਨਾ ਬਣਾ ਰਹੀ ਹੈ, ਜੋ ਇਤਿਹਾਸ ਵਿੱਚ ਸਭ ਤੋਂ ਵੱਡੀ ਸੂਚੀਬੱਧਤਾ ਹੋ ਸਕਦੀ ਹੈ। ਇਸ ਹਿੱਸੇਦਾਰੀ ਨੇ ਮਸਕ ਦੀ ਦੌਲਤ ਨੂੰ ਰੌਕੇਟ ਕੀਤਾ ਹੈ। ਫੋਰਬਸ ਦੀ ਰਿਪੋਰਟ ਹੈ ਕਿ ਦੁਪਹਿਰ 12 ਵਜੇ ਤੱਕ ਉਸਦੀ ਕੁੱਲ ਜਾਇਦਾਦ 677 ਬਿਲੀਅਨ ਡਾਲਰ ਸੀ।

**ਟੇਸਲਾ ਦਾ ਨਵਾਂ ਤਨਖਾਹ ਪੈਕੇਜ**

ਨਵੰਬਰ ਵਿੱਚ, ਟੇਸਲਾ ਦੇ ਸ਼ੇਅਰਧਾਰਕਾਂ ਨੇ ਮਸਕ ਲਈ 1 ਟ੍ਰਿਲੀਅਨ ਡਾਲਰ ਤਨਖਾਹ ਯੋਜਨਾ ਨੂੰ ਮਨਜ਼ੂਰੀ ਦਿੱਤੀ। ਇਹ ਕਾਰਪੋਰੇਟ ਇਤਿਹਾਸ ਵਿੱਚ ਸਭ ਤੋਂ ਵੱਡਾ ਤਨਖਾਹ ਪੈਕੇਜ ਹੈ। ਨਿਵੇਸ਼ਕਾਂ ਨੇ ਮਸਕ ਦੇ ਦ੍ਰਿਸ਼ਟੀਕੋਣ ਦਾ ਸਮਰਥਨ ਕੀਤਾ ਹੈ, ਜਿਸ ਵਿੱਚ ਟੇਸਲਾ ਨੂੰ ਸਿਰਫ਼ ਇੱਕ 5ੜ ਕੰਪਨੀ ਤੋਂ 19 ਅਤੇ ਰੋਬੋਟਿਕਸ ਵਿੱਚ ਇੱਕ ਵਿਸ਼ਾਲ ਵਿੱਚ ਬਦਲਣਾ ਸ਼ਾਮਲ ਹੈ। ਇਹ ਫੈਸਲਾ ਲੰਬੇ ਸਮੇਂ ਵਿੱਚ ਮਸਕ ਦੀ ਦੌਲਤ ਨੂੰ ਮਜ਼ਬੂਤ ਕਰੇਗਾ।






# ਚੜ੍ਹਦੇ ਵਿਸ਼ਵ ਦੀ ਲਹਿੰਦੇ ਸੰਸਾਰ ਨੂੰ ਵੰਗਾਰ

## ਕੀ 'ਫਿੱਕੇ' ਪੈ ਰਹੇ ਹਨ ਅਮਰੀਕਾ ਅਤੇ ਪੱਛਮੀ ਦੇਸ਼ਾਂ ਦੇ 'ਗੂੜ੍ਹੇ ਰੰਗ'?

### ਕੀ ਵਿਸ਼ਵ ਤੋਂ ਖ਼ਤਮ ਹੁੰਦੀ ਜਾ ਰਹੀ ਹੈ ਯੂਰੋਪੀਅਨ ਦੇਸ਼ਾਂ ਦੀ ਸਰਦਾਰੀ ?

### ਏਸ਼ੀਆਈ ਮੁਲਕਾਂ ਨੇ ਦਿੱਤੀ ਅਮਰੀਕਾ ਤੇ ਯੂਰੋਪ ਨੂੰ ਨਵੀਂ ਚੁਣੌਤੀ

**ਜਗਮੋਹਨ ਸਿੰਘ 'ਲੱਕੀ'**

ਸਮੇਂ ਦਾ ਬਹੁਤ ਵੱਡਾ ਗੁਣ ਹੈ ਕਿ ਇਹ ਹਮੇਸ਼ਾ ਆਪਣੀ ਨਿਰੰਤਰ ਚਾਲ ਚੱਲਦਾ ਅਤੇ ਬਦਲਦਾ ਰਹਿੰਦਾ ਹੈ, ਇਸ ਵਿੱਚ ਠਹਿਰਾਓ ਅਤੇ ਦੁਹਰਾਓ ਨਹੀਂ ਹੁੰਦਾ। ਸਮੇਂ ਦੇ ਬਦਲਣ ਨਾਲ ਇਸ ਦੁਨੀਆ ਵਿੱਚ ਹੋਰ ਵੀ ਬਹੁਤ ਕੁਝ ਬਦਲ ਜਾਂਦਾ ਹੈ। ਇਸ ਦਾ ਵੱਡਾ ਅਸਰ ਵਿਸ਼ਵ ਦੀ ਸੁਪਰ ਸ਼ਕਤੀ ਅਮਰੀਕਾ ਅਤੇ ਆਪਣੀ ਸਭਿਅਤਾ ਅਤੇ ਸੰਸਕ੍ਰਿਤੀ ਨਾਲ ਪੂਰੀ ਦੁਨੀਆ 'ਚ ਮਸ਼ਹੂਰ ਯੂਰੋਪ ਭਾਵ ਪੱਛਮੀ ਦੇਸ਼ਾਂ 'ਤੇ ਵੀ ਵੇਖਿਆ ਜਾ ਰਿਹਾ ਹੈ। ਪੂਰੇ ਵਿਸ਼ਵ ਉੱਪਰ ਅਣਐਲਾਨਿਆ ਰਾਜ ਕਰ ਰਹੇ ਅਤੇ ਲੰਬੇ ਸਮੇਂ ਤੋਂ ਇੱਕ ਦੂਜੇ ਦੀ ਜਿੰਦ ਜਾਨ ਬਣੇ ਰਹੇ ਅਮਰੀਕਾ ਅਤੇ ਯੂਰੋਪੀਅਨ ਯੂਨੀਅਨ ਵਿਚਾਲੇ ਦੁਵੱਲੇ ਸਬੰਧਾਂ ਵਿੱਚ ਅੱਜ-ਕੱਲ੍ਹ ਵਿਗਾੜ ਪੈਦਾ ਹੋ ਰਹੇ ਹਨ। ਇਹ ਉਹ ਸਮਾਂ ਹੈ, ਜਦੋਂ ਟਰੰਪ ਸਰਕਾਰ ਦੇ 'ਟੈਰਿਫ਼ਾਂ' ਤੋਂ ਡਰਦਿਆਂ ਦੁਨੀਆਂ ਦੇ ਕਈ ਦੇਸ਼ ਅਮਰੀਕਾ ਵੱਲ ਝੁਕ ਰਹੇ ਹਨ, ਪਰ ਰੂਸ, ਭਾਰਤ ਅਤੇ ਚੀਨ ਅਜਿਹੇ ਮੁਲਕ ਹਨ, ਜੋ ਕਿ ਅਮਰੀਕਾ ਅਤੇ ਯੂਰੋਪ ਦਾ ਪੂਰੀ ਤਰ੍ਹਾਂ ਮੁਕਾਬਲਾ ਕਰ ਰਹੇ ਹਨ। ਰੂਸ, ਭਾਰਤ ਅਤੇ ਚੀਨ ਵਰਗੇ ਮੁਲਕਾਂ ਦੇ ਨਿਰੰਤਰ ਵਿਕਾਸ ਅਤੇ ਤਰੱਕੀ ਨੇ ਅਮਰੀਕਾ ਅਤੇ ਯੂਰਪੀਅਨ ਦੇਸ਼ਾਂ ਨੂੰ ਨਵੀਂ ਚੁਣੌਤੀ ਪੇਸ਼ ਕੀਤੀ ਹੈ। ਜਿਸ ਕਾਰਨ ਪੂਰੇ ਵਿਸ਼ਵ ਵਿੱਚ ਅਮਰੀਕਾ ਅਤੇ ਯੂਰਪ ਦਾ ਦਬਦਬਾ ਘੱਟ ਹੋ ਰਿਹਾ ਹੈ ਅਤੇ ਉਥੇ ਏਸ਼ੀਆਈ ਮੁਲਕਾਂ ਦੀ ਸਰਦਾਰੀ ਦੀਆਂ ਗੱਲਾਂ ਵੀ ਹੋਣ ਲੱਗੀਆਂ ਹਨ। ਹੁਣ ਇਸ ਤਰ੍ਹਾਂ ਮਹਿਸੂਸ ਹੋਣ ਲੱਗਿਆ ਹੈ ਕਿ ਜਿਵੇਂ ਅਮਰੀਕਾ ਅਤੇ ਯੂਰੋਪ ਦੇ 'ਗੂੜ੍ਹੇ ਰੰਗ' ਦਿਨੋਂ ਦਿਨ 'ਫਿੱਕੇ' ਪੈਂਦੇ ਜਾ ਰਹੇ ਹੋਣ। ਅਸਲ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ 'ਅਮਰੀਕਾ ਫਸਟ' ਦੀਆਂ ਨੀਤੀਆਂ ਕਾਰਨ ਅਮਰੀਕਾ ਇਕੱਲਾ ਅਤੇ ਅਲੱਗ-ਥਲੱਗ ਪੈਂਦਾ ਜਾ ਰਿਹਾ ਹੈ ਅਤੇ ਹੋਰ ਸ਼ਕਤੀਸ਼ਾਲੀ ਦੇਸ਼ ਉਸ ਤੋਂ ਕਿਨਾਰਾ ਕਰਨ ਵਿੱਚ ਹੀ ਆਪਣੀ ਭਲਾਈ ਸਮਝ ਰਹੇ ਹਨ। ਰੂਸ ਨੂੰ ਸੱਭਿਆਚਾਰਕ ਤੌਰ 'ਤੇ ਯੂਰਪ ਦਾ ਹਿੱਸਾ ਮੰਨਿਆ ਜਾਂਦਾ ਹੈ, ਹਾਲਾਂਕਿ ਇਸਦਾ ਪੂਰਾ ਸਾਇਬੇਰੀਅਨ ਖੇਤਰ ਏਸ਼ੀਆ ਦਾ ਹਿੱਸਾ ਹੈ ਪਰ ਅਮਰੀਕਾ ਅਤੇ ਯੂਰੋਪ ਨਾਲੋਂ ਰੂਸ ਦਾ ਆਪਣਾ ਵੱਖਰਾ 'ਵਜੂਦ' ਹੈ, ਜਿਸ 'ਤੇ ਉਸ ਨੂੰ ਬਹੁਤ ਮਾਣ ਹੈ। ਅੱਜ, ਅਮਰੀਕਾ ਅਤੇ ਜ਼ਿਆਦਾਤਰ ਯੂਰਪੀ ਦੇਸ਼ਾਂ ਦੇ ਲੋਕ ਦੁਨੀਆ ਵਿੱਚ ਜੀਵਨ ਦੇ ਕੁਝ ਉੱਚਤਮ ਮਿਆਰਾਂ ਦਾ ਆਨੰਦ ਮਾਣਦੇ ਹਨ। ਦੂਜੇ ਪਾਸੇ ਭਾਰਤ ਵਰਗੇ ਦੇਸ਼ ਵਿੱਚ ਵੀ ਦਿਨੋਂ ਦਿਨ ਹਰ ਖੇਤਰ ਵਿੱਚ ਹੋ ਰਹੀ ਤਰੱਕੀ ਇਥੋਂ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕ ਰਹੀ ਹੈ।

ਹੁਣ ਉਹ ਸਮਾਂ ਨਹੀਂ ਰਿਹਾ ਜਦੋਂ ਦੁਨੀਆਂ ਦੇ ਵੱਡੀ ਗਿਣਤੀ ਦੇਸ਼ਾਂ ਉੱਪਰ ਅਮਰੀਕਾ ਅਤੇ ਯੂਰੋਪੀਅਨ ਦੇਸ਼ਾਂ ਦਾ ਹੀ ਵੱਡਾ ਪ੍ਰਭਾਵ ਵੇਖਣ ਵਿੱਚ ਆਉਂਦਾ ਸੀ। ਅਜਿਹੇ ਦੇਸ਼ਾਂ ਵਿੱਚ ਭਾਰਤ ਵੀ ਸ਼ਾਮਲ ਸੀ। ਹੁਣ ਭਾਰਤ ਸਮੇਤ ਦੁਨੀਆਂ ਦੇ ਹੋਰ ਦੇਸ਼ ਹਰ ਖੇਤਰ ਵਿੱਚ ਵੱਡੀ ਤਰੱਕੀ ਕਰਕੇ 'ਵਿਕਸਤ ਦੇਸ਼' ਬਣਨ ਦੇ ਰਾਹ ਪੈ ਗਏ ਹਨ। ਭਾਰਤ ਅਤੇ ਚੀਨ ਦੀ ਵੱਧਦੀ ਸਮਰੱਥਾ ਅਤੇ ਤਾਕਤ ਨੂੰ ਵੇਖ ਕੇ ਹੀ ਵੱਖ- ਵੱਖ ਦੇਸ਼ ਇਨ੍ਹਾਂ ਦੇਸ਼ਾਂ ਨਾਲ ਆਪਣੇ ਵਪਾਰਕ ਅਤੇ ਹੋਰ ਸਮਝੌਤੇ ਕਰ ਰਹੇ ਹਨ। ਇਸ ਤਰ੍ਹਾਂ ਏਸ਼ੀਆਈ ਦੇਸ਼ ਦਿਨੋਂ ਦਿਨ ਮਜ਼ਬੂਤ ਹੋ ਰਹੇ ਹਨ। ਚੀਨ ਨੂੰ ਪੂਰੀ ਤਰ੍ਹਾਂ ਵਿਕਸਤ ਦੇਸ਼ ਮੰਨਿਆ ਜਾਂਦਾ ਹੈ ਅਤੇ ਉਹ ਵਿਸ਼ਵ ਦੀ ਮਹਾਂ ਸ਼ਕਤੀ ਬਣ ਚੁੱਕਿਆ ਹੈ। ਉਹ ਅਮਰੀਕਾ ਅਤੇ ਹੋਰ ਯੂਰੋਪੀਅਨ ਦੇਸ਼ਾਂ ਨੂੰ ਹਰ ਖੇਤਰ ਵਿੱਚ ਪੂਰੀ ਟੱਕਰ ਦੇ ਰਿਹਾ ਹੈ।

ਦੂਜੇ ਪਾਸੇ ਲੰਬੇ ਸਮੇਂ ਤੋਂ ਗੂੜ੍ਹੇ ਮਿੱਤਰ ਰਹੇ ਅਮਰੀਕਾ ਅਤੇ ਯੂਰੋਪੀਅਨ ਯੂਨੀਅਨ ਵਿਚਾਲੇ ਤਨਾਓ ਪੈਦਾ ਹੁੰਦਾ ਜਾ ਰਿਹਾ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਬਹੁਤ ਸਾਰੇ ਯੂਰਪੀ ਦੇਸ਼ਾਂ ਦੀ ਅਗਵਾਈ 'ਕਮਜ਼ੋਰ' ਲੋਕਾਂ ਦੁਆਰਾ ਕੀਤੀ ਜਾ ਰਹੀ ਹੈ, ਅਤੇ ਇਹ ਦੇਸ਼ 'ਢਹਿ-ਢੇਰੀ' ਹੋਣ ਵੱਲ ਵਧ ਰਹੇ ਹਨ। ਟਰੰਪ ਦਾ ਕਹਿਣਾ ਹੈ, 'ਮੈਨੂੰ ਲੱਗਦਾ ਹੈ ਕਿ ਉਹ ਕਮਜ਼ੋਰ ਹਨ, ਪਰ ਮੈਨੂੰ ਇਹ ਵੀ ਲੱਗਦਾ ਹੈ ਕਿ ਉਹ ਬਹੁਤ ਜ਼ਿਆਦਾ ਰਾਜਨੀਤਿਕ ਤੌਰ 'ਤੇ ਸਹੀ ਹੋਣਾ ਚਾਹੁੰਦੇ ਹਨ।' ਟਰੰਪ ਨੇ ਕਿਹਾ ਹੈ, 'ਉਹ ਨਹੀਂ ਜਾਣਦੇ ਕਿ ਕੀ ਕਰਨਾ ਹੈ ? ਯੂਰਪ ਵੀ ਕੋਈ ਰਸਤਾ ਨਹੀਂ ਲੱਭ ਸਕਦਾ।' ਟਰੰਪ ਨੇ ਯੂਰੋਪੀਅਨ ਦੇਸ਼ਾਂ ਨੂੰ ਚਿਤਾਵਨੀ ਵੀ ਦਿੱਤੀ ਹੈ ਕਿ ਜੇਕਰ ਯੂਰਪ ਆਪਣੀਆਂ ਸਰਹੱਦੀ ਨੀਤੀਆਂ ਨਹੀਂ ਬਦਲਦਾ, ਤਾਂ ਕੁਝ ਦੇਸ਼ ਭਵਿੱਖ ਵਿੱਚ ਬਚ ਨਹੀਂ ਸਕਣਗੇ। ਟਰੰਪ ਨੇ ਤਾਂ ਇਹ ਵੀ ਦਾਅਵਾ ਕੀਤਾ ਹੈ ਕਿ ਲੰਡਨ ਅਤੇ ਪੈਰਿਸ ਵਰਗੇ ਸ਼ਹਿਰ ਮੱਧ ਪੂਰਬ ਅਤੇ ਅਫ਼ਰੀਕਾ ਤੋਂ ਪ੍ਰਵਾਸੀਆਂ ਦੀ ਆਮਦ ਨਾਲ ਭਰੇ ਹੋਏ ਹਨ। ਉਨ੍ਹਾਂ ਨੇ ਯੂਕ੍ਰੇਨ ਸੰਕਟ ਵਿੱਚ ਯੂਰਪੀਅਨ ਦੇਸ਼ਾਂ ਦੀ ਭੂਮਿਕਾ ਨੂੰ ਵੀ ਘੱਟ ਸਮਝਿਆ। ਦੂਜੇ ਪਾਸੇ ਯੂਰੋਪੀਅਨ ਯੂਨੀਅਨ ਦੇ ਪ੍ਰਧਾਨ ਐਂਟੋਨੀਓ ਕੋਸਟਾ ਨੇ ਟਰੰਪ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਹੈ, 'ਕੋਈ ਵੀ ਦੋਸਤਾਨਾ ਦੇਸ਼ ਕਿਸੇ ਹੋਰ ਦੋਸਤਾਨਾ ਦੇਸ਼ ਦੇ ਲੋਕਤੰਤਰੀ ਜੀਵਨ ਜਾਂ ਘਰੇਲੂ ਨੀਤੀਆਂ ਵਿੱਚ ਦਖਲ ਦੇਣ ਦੀ ਧਮਕੀ ਨਹੀਂ ਦਿੰਦਾ।' ਦੋਵਾਂ ਧਿਰਾਂ ਦੇ ਬਿਆਨਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਦੋਵਾਂ ਵਿਚਾਲੇ ਦੁਵੱਲੇ ਸਬੰਧ ਪਹਿਲਾਂ ਵਾਂਗ ਸੁਖਾਂਵੇਂ ਨਹੀਂ ਹਨ। ਇੱਕ ਸਮਾਂ ਅਜਿਹਾ ਵੀ ਸੀ, ਜਦੋਂ ਪੂਰੀ ਦੁਨੀਆ 'ਤੇ ਬਰਤਾਨੀਆ ਵਰਗੇ ਪੱਛਮੀ ਮੁਲਕਾਂ ਦਾ ਰਾਜ ਹੁੰਦਾ ਸੀ, ਜਿਸ ਨੂੰ ਅੰਗਰੇਜ਼ਾਂ ਦਾ ਰਾਜ ਵੀ ਕਿਹਾ ਜਾਂਦਾ ਸੀ। ਉਸ ਸਮੇਂ ਇਹ ਕਹਾਵਤ ਵੀ ਪ੍ਰਚਲਿਤ ਸੀ ਕਿ ਅੰਗਰੇਜ਼ਾਂ ਦੇ ਰਾਜ ਵਿੱਚ ਸੂਰਜ ਕਦੇ ਵੀ ਨਹੀਂ ਡੁੱਬਦਾ ਕਿਉਂਕਿ ਇਸ ਦੁਨੀਆ 'ਤੇ ਅੰਗਰੇਜ਼ਾਂ ਦਾ ਏਨਾ ਵਿਸ਼ਾਲ ਸਾਮਰਾਜ ਸੀ ਕਿ ਉਹਨਾਂ ਦੇ ਰਾਜ ਵਿੱਚ ਇੱਕ ਪਾਸੇ ਦਿਨ ਹੁੰਦਾ ਸੀ ਅਤੇ ਦੂਜੇ ਪਾਸੇ ਰਾਤ ਹੁੰਦੀ ਸੀ ਪਰ ਹੁਣ ਸਮਾਂ ਬਦਲ ਗਿਆ ਹੈ। ਬਰਤਾਨੀਆ ਵਰਗੇ ਮੁਲਕ ਵੀ ਇਸ ਸਮੇਂ ਇਕੱਲੇ ਰਹਿ ਗਏ ਹਨ। ਭਾਵੇਂ ਬਰਤਾਨੀਆ ਯੂਰੋਪੀਅਨ ਯੂਨੀਅਨ ਤੋਂ ਵੱਖਰਾ ਹੋ ਚੁੱਕਿਆ ਹੈ, ਪਰ ਅਜੇ ਵੀ ਉਸ ਨੂੰ ਸ਼ਕਤੀਸ਼ਾਲੀ ਮੁਲਕ ਸਮਝਣ ਦੀ ਥਾਂ ਅਮਰੀਕਾ ਦਾ ਪਿੱਛਲਗੂ ਹੀ ਸਮਝਿਆ ਜਾਂਦਾ ਹੈ। ਇਹ ਸੱਚਾਈ ਹੈ ਕਿ ਭਾਰਤ ਅਤੇ ਹੋਰ ਦੇਸ਼ ਬਰਤਾਨੀਆ ਦੇ ਗੁਲਾਮ ਰਹਿ ਚੁੱਕੇ ਹਨ। ਇਸੇ ਕਾਰਨ ਭਾਰਤੀ ਸਭਿਅਤਾ ਅਤੇ ਸੱਭਿਆਚਾਰ 'ਤੇ ਅਜੇ ਵੀ ਅੰਗਰੇਜ਼ਾਂ ਦੇ ਸਮੇਂ ਦਾ ਪ੍ਰਭਾਵ ਕੁਝ ਹੱਦ ਤੱਕ ਦਿਖਾਈ ਦਿੰਦਾ ਹੈ ਪਰ ਪਿਛਲੇ ਕੁਝ ਸਾਲਾਂ ਤੋਂ ਭਾਰਤ ਅਤੇ ਹੋਰ ਦੇਸ਼ ਅੰਗਰੇਜ਼ਾਂ ਦੇ ਰਾਜ ਦੇ ਸਮੇਂ ਦੇ ਪ੍ਰਭਾਵ ਤੋਂ ਪੂਰੀ ਤਰ੍ਹਾਂ ਮੁਕਤ ਹੋ ਗਏ ਹਨ ਅਤੇ ਇਹ ਦੇਸ਼ ਤਰੱਕੀ ਅਤੇ ਵਿਕਾਸ ਕਰਕੇ ਪੱਛਮੀ ਦੇਸ਼ਾਂ ਅਤੇ ਅਮਰੀਕਾ ਨੂੰ ਨਵੀਂ ਚੁਣੌਤੀ ਪੇਸ਼ ਕਰ ਰਹੇ ਹਨ। (ਬਾਕੀ ਸਫ਼ਾ 26 'ਤੇ)

**ਚੜ੍ਹਦੇ ਭਾਵ ਪੂਰਬੀ ਦੇਸ਼ਾਂ ਅਤੇ ਲਹਿੰਦੇ ਭਾਵ ਪੱਛਮੀ ਦੇਸ਼ਾਂ ਵਿਚਾਲੇ ਮੁਕਾਬਲਾ ਪਿਛਲੇ ਕਈ ਦਹਾਕਿਆਂ ਤੋਂ ਹੋ ਰਿਹਾ ਹੈ। ਭਾਵੇਂ ਪਹਿਲਾਂ ਇਸ ਮੁਕਾਬਲੇ 'ਚ ਪੱਛਮੀ ਦੇਸ਼ਾਂ ਦਾ ਹੱਥ ਉੱਪਰ ਰਿਹਾ ਹੈ, ਪਰ ਅੱਜ-ਕੱਲ੍ਹ ਦੇ ਸਮੇਂ ਵਿੱਚ ਪੂਰਬ ਦੇ ਦੇਸ਼ਾਂ ਨੇ ਵੀ ਵੱਖ- ਵੱਖ ਖੇਤਰਾਂ 'ਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਦੁਨੀਆ ਅੱਗੇ 'ਜ਼ੀਰੋ' ਦਾ ਸਿਧਾਂਤ ਵੀ ਭਾਰਤ ਨੇ ਦਿੱਤਾ ਹੋਇਆ ਹੈ, ਜਿਸ ਤੋਂ ਭਾਰਤ ਦੀ ਸਭਿਅਤਾ ਦੀ ਮਹਾਨਤਾ ਦਾ ਪਤਾ ਚੱਲਦਾ ਹੈ। ਅਸਲੀਅਤ ਤਾਂ ਇਹ ਹੈ ਕਿ ਅੱਜ ਦੇ ਆਧੁਨਿਕ ਯੁੱਗ ਵਿੱਚ ਪੂਰੀ ਦੁਨੀਆ ਇੱਕ 'ਗਲੋਬਲ ਪਿੰਡ' ਬਣਦੀ ਜਾ ਰਹੀ ਹੈ ਅਤੇ ਵੱਖ- ਵੱਖ ਮਹਾਂਦੀਪਾਂ ਦੀਆਂ ਸੱਭਿਅਤਾਵਾਂ ਦਾ ਪ੍ਰਭਾਵ ਇੱਕ ਦੂਜੇ 'ਤੇ ਤੇਜ਼ੀ ਨਾਲ ਪੈ ਰਿਹਾ ਹੈ।**







### ਅਮਰੀਕਾ-ਯੂਰੋਪ ਦੀ ਤਿੜਕਣ ਲੱਗੀ ਦੋਸਤੀ ਦੀ 'ਤੰਦ'

ਆਉਣ ਵਾਲੇ ਨਵੇਂ ਸਾਲ 2026 ਦੌਰਾਨ ਵਿਸ਼ਵ 'ਚ ਉੱਭਰ ਰਹੀ ਭੂ-ਰਾਜਨੀਤਿਕ ਸਥਿਤੀ ਦੇ ਅਜਿਹੇ ਹਾਲਾਤ ਬਣਦੇ ਨਜ਼ਰ ਆ ਰਹੇ ਹਨ, ਜਿਹਨਾਂ ਤੋਂ ਅਮੀਰ ਯੂਰਪੀ ਦੇਸ਼ਾਂ, ਖਾਸ ਕਰਕੇ ਜਰਮਨੀ, ਫਰਾਂਸ ਅਤੇ ਯੂ.ਕੇ. ਦੀ ਤਿੱਕੜੀ ਲਈ 'ਹੋਂਦ ਦੇ ਸੰਕਟ' ਦੇ ਕਾਫ਼ੀ ਮਹੱਤਵਪੂਰਨ ਤੱਤ ਨਜ਼ਰ ਆ ਰਹੇ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਅਮਰੀਕਾ ਨੇ 'ਵਿਸ਼ਵ ਸੁਰੱਖਿਆ' ਸਬੰਧੀ ਆਪਣੀ ਨਵੀਂ 'ਅਮਰੀਕੀ ਨੀਤੀ' ਦਾ ਐਲਾਨ ਕਰ ਦਿੱਤਾ ਹੈ। ਇਹ ਨਵੀਂ ਨੀਤੀ ਟਰੰਪ-2 ਪ੍ਰਸ਼ਾਸਨ ਦੀ ਸਮੁੱਚੀ ਸਮਝ ਵਿੱਚ 'ਯੂਰਪੀ ਦੇਸ਼ਾਂ ਅਤੇ ਨਾਟੋ ਦੀ ਭੂਮਿਕਾ' ਨੂੰ ਕਮਜ਼ੋਰ ਕਰਦੀ ਹੈ।

ਪਿਛਲੇ ਦਿਨਾਂ ਵਿੱਚ ਵਿਸ਼ਵ ਸਥਿਤੀ ਬਾਰੇ ਅਮਰੀਕੀ ਸਮਝ ਦੇ ਸੰਬੰਧ ਵਿੱਚ ਤਿੰਨ ਘਟਨਾਵਾਂ ਵਾਪਰੀਆਂ ਹਨ ਜੋ ਦਰਸਾਉਂਦੀਆਂ ਹਨ ਕਿ ਟਰੰਪ ਪ੍ਰਸ਼ਾਸਨ ਹੌਲੀ-ਹੌਲੀ ਯੂਰਪ ਪ੍ਰਤੀ ਆਪਣੀ ਵਚਨਬੱਧਤਾ ਤੋਂ ਪਿੱਛੇ ਹਟ ਰਿਹਾ ਹੈ, ਜੋ ਕਿ 1945 ਵਿੱਚ ਦੂਜੇ ਵਿਸ਼ਵ ਯੁੱਧ ਦੇ ਅੰਤ ਤੋਂ ਬਾਅਦ ਪਿਛਲੇ ਅੱਠ ਦਹਾਕਿਆਂ ਤੋਂ ਮੌਜੂਦ ਪ੍ਰਬੰਧ ਦੇ ਅੰਤ ਦਾ ਸੰਕੇਤ ਹੈ। ਇਨ੍ਹਾਂ ਤਿੰਨਾਂ ਘਟਨਾਵਾਂ 'ਚ 9 ਦਸੰਬਰ ਨੂੰ ਮਸ਼ਹੂਰ ਮੈਗਜ਼ੀਨ ਪੋਲੀਟੀਕੋ ਨਾਲ ਟਰੰਪ ਦਾ ਇੰਟਰਵਿਊ, 4 ਦਸੰਬਰ ਨੂੰ ਵਿਦੇਸ਼ ਵਿਭਾਗ ਵੱਲੋਂ 'ਯੂ.ਐਸ. ਸੁਰੱਖਿਆ ਨੀਤੀ ਇਨ ਪਰਸਪੈਕਟਿਵ' ਦੀ ਰਿਲੀਜ਼ ਅਤੇ ਪੈਂਟਾਗਨ ਵੱਲੋਂ ਰਾਇਟਰਜ਼ ਨਾਲ ਅਣਅਧਿਕਾਰਤ ਇੰਟਰਵਿਊ ਸ਼ਾਮਲ ਸਨ। ਤਿੰਨਾਂ ਘਟਨਾਵਾਂ ਨੇ ਸਪੱਸ਼ਟ ਕੀਤਾ ਕਿ ਟਰੰਪ ਪ੍ਰਸ਼ਾਸਨ ਨੇ ਆਪਣੀ 'ਸੁਰੱਖਿਆ ਨਿਰਭਰਤਾ' ਦੇ ਮਾਮਲੇ ਵਿੱਚ ਸੰਯੁਕਤ ਰਾਜ ਅਮਰੀਕਾ ਨੂੰ ਯੂਰੋਪ ਤੋਂ ਵੱਖਰਾ ਕਰਨ ਲਈ ਸਖ਼ਤ ਕਦਮ ਚੁੱਕੇ ਹਨ। ਹਾਲਾਤ ਤਾਂ ਅਜਿਹੇ ਨਜ਼ਰ ਆ ਰਹੇ ਹਨ ਜਿਵੇਂ ਅਮਰੀਕਾ ਅਤੇ ਯੂਰੋਪ ਦੀ ਗੂੜ੍ਹੀ ਦੋਸਤੀ ਦੀ 'ਤੰਦ' ਹੁਣ ਤਿੜਕਣ ਲੱਗ ਪਈ ਹੋਵੇ।




# ਕੀ ਸੰਭਵ ਹੈ ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ?

## ਕੀ ਭਵਿੱਖ ਵਿੱਚ ਬਾਦਲ ਦਲ ਸਮੇਤ ਪੰਥਕ ਗੱਠਜੋੜ ਸੰਭਵ ਹੈ?

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916



ਪੰਜਾਬ ਦੀ ਸਿਆਸੀ ਜ਼ਮੀਨ ਸਿੱਖ ਰਾਜਨੀਤੀ ਨੂੰ ਲੈ ਕੇ ਇੱਕ ਵਾਰ ਫ਼ਿਰ ਗਰਮ ਹੋ ਰਹੀ ਹੈ।ਆਉਣ ਵਾਲੇ ਵਿਧਾਨ ਸਭਾ ਚੋਣਾਂ 2027 ਵਿੱਚ ਅਜੇ ਇੱਕ ਸਾਲ ਤੋਂ ਵੱਧ ਸਮਾਂ ਬਾਕੀ ਹੈ, ਪਰ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਚਾਲੇ ਗਠਜੋੜ ਦੀਆਂ ਅਟਕਲਾਂ ਨੇ ਜ਼ੋਰ ਫ਼ੜ੍ਹ ਲਿਆ ਹੈ। ਕੁਝ ਨੇਤਾ ਇਸ ਨੂੰ ਪੰਜਾਬ ਦੀ ਸਿਆਸਤ ਲਈ ਜ਼ਰੂਰੀ ਮੰਨ ਰਹੇ ਹਨ, ਜਦਕਿ ਕੁਝ ਇਸ ਨੂੰ ਅਸੰਭਵ ਦੱਸ ਰਹੇ ਹਨ। ਇਸ ਨਾਲ ਜੁੜੇ ਸਵਾਲ ਵੀ ਬਹੁਤ ਹਨ: ਕੀ ਅਕਾਲੀ ਦਲ ਇੱਕਮੁੱਠ ਹੋਵੇਗਾ ? ਕੀ ਬਾਦਲ ਅਕਾਲੀ ਦਲ ਅਤੇ ਹੋਰ ਪੰਥਕ ਜਥੇਬੰਦੀਆਂ ਇਕੱਠੀਆਂ ਹੋਣਗੀਆਂ ? ਕੀ ਭਾਜਪਾ ਨਾਲ ਸਮਝੌਤਾ ਸੰਭਵ ਹੈ ? ਜੇਕਰ ਇਹ ਦੋਵੇਂ ਪਾਰਟੀਆਂ ਹੱਥ ਮਿਲਾ ਲੈਣ ਤਾਂ ਕੀ ਉਹ ਮੁੜ ਸੱਤਾ ਵਿੱਚ ਆ ਸਕਦੀਆਂ ਹਨ ?

ਪਹਿਲਾਂ ਗੱਲ ਕਰੀਏ ਅਕਾਲੀ ਦਲ ਅਤੇ ਭਾਜਪਾ ਦੇ ਗਠਜੋੜ ਦੇ ਇਤਿਹਾਸ ਬਾਰੇ। ਇਹ ਗਠਜੋੜ ਕੋਈ ਨਵਾਂ ਨਹੀਂ ਹੈ। ਇਹ ਲਗਭਗ 30 ਸਾਲ ਪੁਰਾਣਾ ਰਿਸ਼ਤਾ ਹੈ, ਜਿਸ ਨੂੰ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨਹੁੰ-ਮਾਸ ਵਰਗਾ ਦੱਸਦੇ ਸਨ। ਇਹ ਸਾਂਝ ਪਹਿਲੀ ਵਾਰ 1967 ਵਿੱਚ ਹੋਂਦ ਵਿੱਚ ਆਈ, ਜਦੋਂ ਜਨ ਸੰਘ (ਜੋ ਹੁਣ ਭਾਜਪਾ ਹੈ) ਨੇ ਅਕਾਲੀ ਦਲ ਨੂੰ ਸਮਰਥਨ ਦਿੱਤਾ ਸੀ ਅਤੇ ਪੰਜਾਬ ਵਿੱਚ ਪਹਿਲੀ ਗੈਰ-ਕਾਂਗਰਸੀ ਸਰਕਾਰ ਬਣੀ। ਫ਼ਿਰ 1969 ਵਿੱਚ ਮੱਧਕਾਲੀ ਚੋਣਾਂ ਵਿੱਚ ਉਹਨਾਂ ਨੇ ਚੋਣ ਸਮਝੌਤਾ ਕੀਤਾ। ਇਸ ਗਠਜੋੜ ਨਾਲ ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਮੁੱਖ ਮੰਤਰੀ ਬਣੇ। ਬਾਦਲ ਅਕਾਲੀ ਦਲ ਗਠਜੋੜ ਐੱਨਡੀਏ ਦੇ ਸਭ ਤੋਂ ਪੁਰਾਣੇ ਸਾਥੀਆਂ ਵਿੱਚੋਂ ਇੱਕ ਸੀ। ਪਰ 2020 ਵਿੱਚ ਤਿੰਨ ਖੇਤੀ ਕਾਨੂੰਨਾਂ ਅਤੇ ਕਿਸਾਨ ਅੰਦੋਲਨ ਕਾਰਨ ਇਹ ਟੁੱਟ ਗਿਆ। ਅਕਾਲੀ ਨੇਤਾ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ ਅਤੇ ਅਕਾਲੀ ਦਲ ਨੇ ਐੱਨਡੀਏ ਛੱਡ ਦਿੱਤਾ ਸੀ। ਇਸ ਨਾਲ ਦੋਵਾਂ ਪਾਰਟੀਆਂ ਨੂੰ ਵੱਡਾ ਨੁਕਸਾਨ ਹੋਇਆ ਸੀ।

ਹੁਣ ਗੱਲ ਕਰੀਏ ਪਿਛਲੇ ਚੋਣਾਂ ਦੇ ਨਤੀਜਿਆਂ ਬਾਰੇ। 2022 ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਨੂੰ ਸਿਰਫ਼ 3 ਸੀਟਾਂ ਮਿਲੀਆਂ ਅਤੇ ਭਾਜਪਾ ਨੂੰ 2। ਅਕਾਲੀ ਨੂੰ ਲਗਭਗ 20% ਵੋਟ ਮਿਲੇ ਸਨ ਅਤੇ ਭਾਜਪਾ ਨੂੰ 8%। ਉਦੋਂ ਆਮ ਆਦਮੀ ਪਾਰਟੀ (ਆਪ) ਨੇ ਵੱਡੀ ਜਿੱਤ ਹਾਸਲ ਕੀਤੀ ਸੀ। ਫ਼ਿਰ 2024 ਲੋਕ ਸਭਾ ਚੋਣਾਂ ਵਿੱਚ ਅਕਾਲੀ ਨੂੰ ਸਿਰਫ਼ ਇੱਕ ਸੀਟ (ਬਠਿੰਡਾ) ਮਿਲੀ ਅਤੇ ਭਾਜਪਾ ਨੂੰ ਜ਼ੀਰੋ। ਪਰ ਭਾਜਪਾ ਦਾ ਵੋਟ ਸ਼ੇਅਰ ਵਧਿਆ: ਭਾਜਪਾ ਨੂੰ 18.5% ਅਤੇ ਅਕਾਲੀ ਨੂੰ 13.5%। ਜੇਕਰ ਇਹ ਵੋਟ ਮਿਲਾ ਲਈਏ ਤਾਂ ਇਹ 32% ਬਣਦਾ ਹੈ, ਜੋ ਆਪ ਅਤੇ ਕਾਂਗਰਸ ਦੇ 26-26% ਨਾਲੋਂ ਵੱਧ ਹੈ। ਇਸ ਨਾਲ ਦੋਵਾਂ ਨੂੰ ਲੱਗ ਰਿਹਾ ਹੈ ਕਿ ਗਠਜੋੜ ਨਾਲ ਤਿਕੋਣਾ ਮੁਕਾਬਲਾ ਮਜ਼ਬੂਤ ਹੋ ਸਕਦਾ ਹੈ। ਪਰ ਤਾਜ਼ਾ ਖ਼ਬਰਾਂ ਅਨੁਸਾਰ ਭਾਜਪਾ ਨੇ ਗਠਜੋੜ ਨੂੰ ਇਨਕਾਰ ਕਰ ਦਿੱਤਾ ਹੈ ਅਤੇ ਕਿਹਾ ਹੈ ਕਿ ਉਹ ਇਕੱਲੇ ਚੋਣ ਲੜੇਗੀ। ਭਾਜਪਾ ਨੇਤਾ ਮਨੋਰੰਜਨ ਕਾਲੀਆ ਨੇ ਕਿਹਾ ਕਿ ਪਾਰਟੀ ਆਪਣਾ ਮੁੱਖ ਮੰਤਰੀ ਚਾਹੁੰਦੀ ਹੈ ਅਤੇ ਜੂਨੀਅਰ ਪਾਰਟਨਰ ਨਹੀਂ ਬਣੇਗੀ। ਇਸ ਨਾਲ ਅਟਕਲਾਂ ਵਧ ਗਈਆਂ ਹਨ।

**ਹੁਣ ਸਵਾਲ ਹੈ ਕਿ ਕੀ ਅਕਾਲੀ ਦਲ ਇੱਕਮੁੱਠ ਹੋਵੇਗਾ ?**

ਅਕਾਲੀ ਦਲ ਵਿੱਚ ਅੰਦਰੂਨੀ ਵਿਵਾਦ ਬਹੁਤ ਹਨ। ਬਾਦਲ ਪਰਿਵਾਰ ਵਾਲੇ ਅਕਾਲੀ ਦਲ ਤੋਂ ਇਲਾਵਾ ਕਈ ਸਿੱਖ ਰਾਜਨੀਤਕ ਧੜੇ ਹਨ ਜਿਵੇਂ ਅਕਾਲੀ ਦਲ (ਪੁਨਰ ਸੁਰਜੀਤ) ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਹੋਰ ਪੰਥਕ ਜਥੇਬੰਦੀਆਂ। ਹਾਲ ਹੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਹੁਕਮਨਾਮਾ ਜਾਰੀ ਕੀਤਾ ਕਿ ਅਕਾਲੀ ਦਲ ਨੂੰ ਇੱਕਜੁੱਟ ਹੋਣਾ ਚਾਹੀਦਾ ਹੈ। ਅਕਾਲੀ ਨੇਤਾ ਪ੍ਰੋਫ਼ੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਹੁਕਮਨਾਮੇ ਅਨੁਸਾਰ ਅਕਾਲੀ ਦਲ ਇੱਕ ਹੋ ਸਕਦਾ ਹੈ ਅਤੇ ਉਹਨਾਂ ਨੂੰ ਕਿਸੇ ਨਾਲ ਵਿਅਕਤੀਗਤ ਰੰਜਿਸ਼ ਨਹੀਂ ਹੈ। ਉਹਨਾਂ ਨੇ ਆਪ ਸਰਕਾਰ ’ਤੇ ਵੀ ਨਿਸ਼ਾਨਾ ਸਾਧਿਆ ਕਿ ਉਹ ਲੋਕਤੰਤਰ ਨੂੰ ਖ਼ਤਮ ਕਰ ਰਹੀ ਹੈ ਅਤੇ ਚੋਣਾਂ ਦੌਰਾਨ ਧੱਕੇਸ਼ਾਹੀ ਕਰ ਰਹੀ ਹੈ। ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਦੇ ਮਸਲੇ ਪਹਿਲਾਂ ਹਨ, ਗਠਜੋੜ ਨਾਲ ਹਲ ਹੋਣਗੇ ਜਦੋਂ ਅਸੀਂ ਇਕ ਸ਼ਕਤੀ ਹੋਵਾਂਗੇ। ਪਰ ਬਾਦਲ ਪਰਿਵਾਰ ਅਤੇ ਹੋਰ ਧੜਿਆਂ ਵਿਚਾਲੇ ਏਕਤਾ ਬਣਨੀ ਅਸਾਨ ਨਹੀਂ ਲੱਗ ਰਹੀ। ਪੰਥਕ ਜਥੇਬੰਦੀਆਂ ਜਿਵੇਂ ਸਿੱਖ ਗੁਰੂ ਘਰਾਂ ਨਾਲ ਜੁੜੀਆਂ ਸ਼੍ਰੋਮਣੀ ਕਮੇਟੀ ਅਤੇ ਹੋਰ ਗਰੁੱਪ ਵੀ ਅਲੱਗ-ਅਲੱਗ ਰਾਹਾਂ ’ਤੇ ਹਨ। ਜੇਕਰ ਇਹ ਸਭ ਇਕੱਠੇ ਹੋ ਜਾਣ ਤਾਂ ਅਕਾਲੀ ਦਲ ਦੀ ਤਾਕਤ ਵਧ ਸਕਦੀ ਹੈ, ਪਰ ਇਸ ਲਈ ਵੱਡੇ ਨੇਤਾਵਾਂ ਨੂੰ ਹੰਕਾਰ ਛੱਡਣਾ ਪਵੇਗਾ।

## ਕੀ ਭਾਜਪਾ ਨਾਲ ਸਮਝੌਤਾ ਸੰਭਵ ਹੈ ?

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਜੋ ਕਾਂਗਰਸ ਛੱਡ ਕੇ ਭਾਜਪਾ ਵਿੱਚ ਗਏ ਸਨ, ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਭਾਜਪਾ ਨੂੰ ਪੰਜਾਬ ਵਿੱਚ ਸਰਕਾਰ ਬਣਾਉਣ ਲਈ ਅਕਾਲੀ ਨਾਲ ਗਠਜੋੜ ਕਰਨਾ ਪਵੇਗਾ। ਉਹਨਾਂ ਨੇ ਕਿਹਾ ਸੀ ਕਿ ਭਾਜਪਾ ਕੋਲ ਪੰਜਾਬ ਵਿੱਚ ਕੈਡਰ ਨਹੀਂ ਹੈ ਅਤੇ ਇਕੱਲੇ ਚੋਣ ਲੜਨ ਨਾਲ ਨੁਕਸਾਨ ਹੋਵੇਗਾ। ਕੈਪਟਨ ਨੇ ਕਿਹਾ, ‘ਜੇਕਰ ਭਾਜਪਾ ਨੂੰ ਸਰਕਾਰ ਬਣਾਉਣੀ ਹੈ ਤਾਂ ਅਕਾਲੀ ਨਾਲ ਗਠਜੋੜ ਤੋਂ ਬਿਨ੍ਹਾਂ ਕੋਈ ਚਾਰਾ ਨਹੀਂ। ਕੈਡਰ ਬਣਾਉਣ ਲਈ ਘੱਟੋ-ਘੱਟ ਦੋ-ਤਿੰਨ ਚੋਣਾਂ ਇਕੱਲੇ ਲੜਨੀਆਂ ਪੈਣਗੀਆਂ।’ ਪਰ ਭਾਜਪਾ ਦੇ ਪੰਜਾਬ ਪ੍ਰਧਾਨ ਅਸ਼ਵਨੀ ਕੁਮਾਰ ਨੇ ਇਸ ਨਾਲ ਅਸਹਿਮਤੀ ਜਤਾਈ ਅਤੇ ਕਿਹਾ ਕਿ ਭਾਜਪਾ ਆਪਣੇ ਨਿਸ਼ਾਨੇ ਨੂੰ ਲੈ ਕੇ ਸਪੱਸ਼ਟ ਹੈ ਅਤੇ 117 ਸੀਟਾਂ ’ਤੇ ਚੋਣ ਲੜੇਗੀ। ਉਹਨਾਂ ਨੇ ਗਠਜੋੜ ਨੂੰ ਰੱਦ ਕਰ ਦਿੱਤਾ। ਅਕਾਲੀ ਨੇਤਾ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਅਕਾਲੀ ਉਸ ਪਾਰਟੀ ਨਾਲ ਜਾਵੇਗਾ ਜੋ ਪੰਜਾਬ ਦੇ ਮਸਲੇ ਹੱਲ ਕਰੇਗਾ। ਉਹਨਾਂ ਨੇ ਕਿਹਾ ਕਿ ਗਠਜੋੜ ਤੋਂ ਵੱਧ ਮਹੱਤਵ ਪੰਜਾਬ ਦੇ ਹੱਕਾਂ ਨੂੰ ਹੈ। ਤਾਜ਼ਾ ਸੂਤਰਾਂ ਅਨੁਸਾਰ ਭਾਜਪਾ ਨੇ ਗਠਜੋੜ ਨੂੰ ਨਕਾਰ ਦਿੱਤਾ ਹੈ ਅਤੇ ਇਕੱਲੇ ਲੜਨ ਦਾ ਫ਼ੈਸਲਾ ਕੀਤਾ ਹੈ। ਇਸ ਨਾਲ ਸਮਝੌਤੇ ਦੀ ਸੰਭਾਵਨਾ ਘੱਟ ਲੱਗ ਰਹੀ ਹੈ।

ਜੇਕਰ ਅਕਾਲੀ ਅਤੇ ਭਾਜਪਾ ਹੱਥ ਮਿਲਾ ਲੈਣ ਤਾਂ ਕੀ ਉਹ ਮੁੜ ਸੱਤਾ ਵਿੱਚ ਆ ਸਕਦੀਆਂ ਹਨ ? ਇਸ ਬਾਰੇ ਸਿਆਸੀ ਮਾਹਿਰਾਂ ਦੀ ਰਾਏ ਵੱਖਰੀ ਹੈ। ਪੰਜਾਬ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਡਾਕਟਰ ਮੁਹੰਮਦ ਖ਼ਾਲਿਦ ਨੇ ਕਿਹਾ ਕਿ ਪੰਜਾਬ ਵਿੱਚ ਵੋਟਾਂ ਕਈ ਖੇਮਿਆਂ ਵਿੱਚ ਵੰਡੀਆਂ ਹਨ। ਪੇਂਡੂ ਖੇਤਰ ਵਿੱਚ ਅਕਾਲੀ ਦਾ ਅਧਾਰ ਮਜ਼ਬੂਤ ਹੈ ਅਤੇ ਸ਼ਹਿਰੀ ਵੋਟਾਂ ਵਿੱਚ ਭਾਜਪਾ ਅਤੇ ਕਾਂਗਰਸ ਵਿਚਾਲੇ ਮੁਕਾਬਲਾ ਹੈ। ਉਹਨਾਂ ਨੇ ਕਿਹਾ ਕਿ ਪੰਜਾਬ ਦੀ ਰਵਾਇਤ ਹੈ ਕਿ ਇੱਕ ਪਾਰਟੀ ਨੂੰ ਲੰਬਾ ਸਮਾਂ ਨਹੀਂ ਦਿੱਤਾ ਜਾਂਦਾ ਅਤੇ ਬਦਲਾਅ ਜਲਦੀ ਹੁੰਦਾ ਹੈ। ਖ਼ਾਲਿਦ ਨੇ ਕਿਹਾ ਕਿ ਗਠਜੋੜ ਨਾਲ ਤਿਕੋਣੀ ਮੁਕਾਬਲਾ ਹੋ ਸਕਦਾ ਹੈ, ਪਰ ਇੱਕ ਪਾਰਟੀ ਦਾ ਅਲੱਗ ਸੱਤਾ ਵਿੱਚ ਆਉਣਾ ਮੁਸ਼ਕਿਲ ਹੈ। ਇਸ ਵਾਰ ਚੌ-ਤਰਫ਼ਾ ਮੁਕਾਬਲਾ ਹੋਵੇਗਾ ਅਤੇ ਭਾਜਪਾ ਚਾਹੇਗੀ ਕਿ ਉਹ ਗੇਮ-ਮੇਕਰ ਬਣੇ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਜਗਰੂਪ ਸਿੰਘ ਸੇਖੋਂ ਨੇ ਕਿਹਾ ਕਿ ਭਾਜਪਾ ਕੋਲ ਲੀਡਰਸ਼ਿਪ ਹੈ ਪਰ ਕੈਡਰ ਨਹੀਂ, ਜਦਕਿ ਅਕਾਲੀ ਕੋਲ ਕੈਡਰ ਹੈ ਪਰ ਲੀਡਰਸ਼ਿਪ ਕਮਜ਼ੋਰ ਹੈ। ਸੁਖਬੀਰ ਸਿੰਘ ਬਾਦਲ ਨੂੰ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੇ ਪੂਰੀ ਤਰ੍ਹਾਂ ਕਬੂਲ ਨਹੀਂ ਕੀਤਾ। ਸੇਖੋਂ ਨੇ ਕਿਹਾ ਕਿ ਗਠਜੋੜ ਲਈ ਨਵੇਂ ਢਾਂਚੇ ਦੀ ਲੋੜ ਹੈ ਅਤੇ ਸੀਟਾਂ ਦੀ ਵੰਡ ਵੱਡਾ ਮਸਲਾ ਰਹੇਗਾ। ਪਹਿਲਾਂ



ਭਾਜਪਾ ਨੂੰ 23 ਵਿਧਾਨ ਸਭਾ ਸੀਟਾਂ ਅਤੇ 3 ਲੋਕ ਸਭਾ ਸੀਟਾਂ ਮਿਲਦੀਆਂ ਸਨ, ਪਰ ਹੁਣ ਨਵੇਂ ਸਮੀਕਰਨ ਬਣਨੇ ਪੈਣਗੇ। ਉਹਨਾਂ ਨੇ ਕਿਹਾ ਕਿ ਲੋਕਾਂ ਵਿੱਚ ਨਿਰਾਸ਼ਾ ਹੈ ਅਤੇ ਨਸ਼ੇ, ਲਾਅ ਐਂਡ ਆਰਡਰ ਵਰਗੇ ਮਸਲੇ ਹੱਲ ਨਹੀਂ ਹੋ ਰਹੇ। ਇਸ ਲਈ ਨਵਾਂ ਬਦਲ ਜ਼ਰੂਰੀ ਹੈ।

ਸਿੱਖ ਰਾਜਨੀਤੀ ਦੇ ਭਵਿੱਖ ਬਾਰੇ ਗੱਲ ਕਰੀਏ ਤਾਂ ਇਹ ਵੀ ਉਲਝਿਆ ਹੋਇਆ ਹੈ। ਸਿੱਖ ਰਾਜਨੀਤੀ ਅਕਾਲੀ ਦਲ ਅਤੇ ਪੰਥਕ ਜਥੇਬੰਦੀਆਂ ਨਾਲ ਜੁੜੀ ਹੈ, ਪਰ ਹੁਣ ਨਵੀਂ ਪੀੜ੍ਹੀ ਅਤੇ ਨਵੇਂ ਮਸਲੇ ਸਾਹਮਣੇ ਆ ਰਹੇ ਹਨ। ਬੇਅਦਬੀ ਅਤੇ ਨਸ਼ਿਆਂ ਵਰਗੇ ਮਾਮਲੇ ਅਜੇ ਵੀ ਗਰਮ ਹਨ। ਸੇਖੋਂ ਨੇ ਕਿਹਾ ਕਿ ਅਕਾਲੀ ਨੇਤਾ ਅਕਾਲ ਤਖ਼ਤ ਤੋਂ ਮਾਫ਼ੀ ਮੰਗ ਚੁੱਕੇ ਹਨ, ਪਰ ਆਮ ਲੋਕਾਂ ਨੇ ਮਾਫ਼ ਨਹੀਂ ਕੀਤਾ ਜਾਪਦਾ। ਅਕਾਲੀ ਲੀਡਰਸ਼ਿਪ ਨੂੰ ਕਿਰਦਾਰ ਵਿੱਚ ਤਬਦੀਲੀ ਲਿਆਉਣੀ ਪਵੇਗੀ।

ਖ਼ਾਲਿਦ ਨੇ ਕਿਹਾ ਕਿ ਪੰਜਾਬ ਵਿੱਚ ਗ਼ੈਰ-ਕਿਸਾਨ ਭਾਈਚਾਰਾ ਆਪਣੇ ਆਪ ਨੂੰ ਸਿਰਫ਼ ਹਿੰਦੂ ਵੋਟਰ ਵਜੋਂ ਨਹੀਂ ਵੇਖਦਾ, ਇਸ ਨੂੰ ਭਾਜਪਾ ਨੂੰ ਸਮਝਣਾ ਪਵੇਗਾ। ਸਿੱਖ ਰਾਜਨੀਤੀ ਨੂੰ ਨਵੇਂ ਆਗੂਆਂ ਦੀ ਲੋੜ ਹੈ ਜੋ ਲੋਕਾਂ ਨੂੰ ਭਰੋਸਾ ਦੇ ਸਕਣ। ਅਕਾਲੀ ਦਲ ਨੂੰ ਆਪਣੇ ਕੈਡਰ ਨੂੰ ਮਜ਼ਬੂਤ ਕਰਨਾ ਪਵੇਗਾ ਅਤੇ ਨਵੇਂ ਮਸਲੇ ਜਿਵੇਂ ਨੌਜਵਾਨਾਂ ਦੀ ਬੇਰੁਜ਼ਗਾਰੀ,ਪਰਵਾਸ, ਪਾਣੀ ਦੇ ਮਸਲੇ ਅਤੇ ਵਾਤਾਵਰਨ ਨੂੰ ਧਿਆਨ ਵਿੱਚ ਰੱਖਣਾ ਪਵੇਗਾ। ਜੇਕਰ ਗਠਜੋੜ ਨਹੀਂ ਹੋਇਆ ਤਾਂ ਸਿੱਖ ਰਾਜਨੀਤੀ ਵਿੱਚ ਵੱਧ ਵੰਡ ਹੋ ਸਕਦੀ ਹੈ ਅਤੇ ਨਵੀਆਂ ਪਾਰਟੀਆਂ ਜਾਂ ਆਗੂ ਉੱਭਰ ਸਕਦੇ ਹਨ। ਪਰ ਜੇਕਰ ਏਕਤਾ ਹੋਈ ਤਾਂ ਇਹ ਪੰਜਾਬ ਦੀ ਸਿਆਸਤ ਨੂੰ ਨਵੀਂ ਦਿਸ਼ਾ ਦੇ ਸਕਦੀ ਹੈ।

ਆਪ ਸਰਕਾਰ ’ਤੇ ਵੀ ਨੇਤਾਵਾਂ ਨੇ ਨਿਸ਼ਾਨੇ ਸਾਧੇ ਹਨ। ਚੰਦੂਮਾਜਰਾ ਨੇ ਕਿਹਾ ਕਿ ਆਪ ਨੇ ਪੰਜਾਬ ਦੇ ਖ਼ਜ਼ਾਨੇ ਨੂੰ ਅਰਵਿੰਦ ਕੇਜਰੀਵਾਲ ਦੀ ਪਬਲਿਸਿਟੀ ’ਤੇ ਖਰਚ ਕੀਤਾ ਅਤੇ ਗਰੀਬਾਂ ਨੂੰ ਕੁਝ ਨਹੀਂ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਨੂੰ ਕੇਜਰੀਵਾਲ ਨੂੰ ਖੁਸ਼ ਕਰਨ ਲਈ ਬਿਜਲੀ ਬੋਰਡ ਅਤੇ ਪੰਚਾਇਤ ਜ਼ਮੀਨਾਂ ਵੇਚਣ ਦੀ ਤਿਆਰੀ ਕਰ ਰਹੇ ਹਨ।

(ਬਾਕੀ ਸਫ਼ਾ 26 ’ਤੇ)

# ਕੈਪਟਨ ਅਮਰਿੰਦਰ ਸਿੰਘ ਕਾਂਗਰਸ ’ਚ ਨਹੀਂ ਜਾ ਰਹੇ: ਪ੍ਰਨੀਤ ਕੌਰ

ਪਟਿਆਲਾ/ਏ.ਟੀ.ਨਿਊਜ਼: ਭਾਜਪਾ ਆਗੂ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਦਾ ਕਹਿਣਾ ਹੈ, ‘...ਕੈਪਟਨ ਅਮਰਿੰਦਰ ਸਿੰਘ ਸਿਰਫ਼ ਭਾਜਪਾ ਵਿੱਚ ਹੀ ਰਹਿਣਗੇ। ਉਨ੍ਹਾਂ ਨੇ ਆਪਣਾ ਸਟੈਂਡ ਸਪੱਸ਼ਟ ਕਰ ਦਿੱਤਾ ਹੈ...।’

ਅਕਾਲੀ ਦਲ ਭਾਜਪਾ ਦੇ ਗੱਠਜੋੜ ਦੇ ਉੱਪਰ ਵੀ ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਦੁਆਰਾ ਆਪਣਾ ਪੱਖ ਪੇਸ਼ ਕੀਤਾ ਗਿਆ ਹੈ ਅਤੇ ਉਸ ਨੂੰ ਮੰਨਣਾ ਨਾ ਮੰਨਣਾ ਹਾਈ ਕਮਾਂਡ ਦੇ ਹੱਥ ਦੇ ਵਿੱਚ ਹੈ ਪਰ ਉਨ੍ਹਾਂ ਕਿਹਾ ਕਿ ਜੇਕਰ ਦੋਨਾਂ ਪਾਰਟੀਆਂ ਦੇ ਸਾਂਝੇ ਮੁੱਦਿਆਂ ਦੇ ਉੱਪਰ ਕੋਈ ਇੱਕ ਸੁਰਤਾ ਬਣਦੀ ਹੈ ਤਾਂ ਇਸ ਉੱਪਰ ਹਾਈ ਕਮਾਂਡ ਦੇ ਦੁਆਰਾ ਵਿਚਾਰ ਕੀਤਾ



ਜਾ ਸਕਦਾ ਹੈ।ਮੋਤੀ ਬਾਗ ਪੈਲੇਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਨੀਤ ਕੌਰ ਨੇ ਕਿਹਾ ਕਿ ‘ਕੈਪਟਨ ਸਾਹਿਬ ਕਾਂਗਰਸ ’ਚ ਨਹੀਂ ਜਾ ਰਹੇ ਅਤੇ ਉਹ ਭਾਜਪਾ ਦਾ ਹਿੱਸਾ ਹੀ ਬਣੇ ਰਹਿਣਗੇ।’ ਉਹਨਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਭਾਜਪਾ ਹਾਈਕਮਾਂਡ ਨੂੰ ਆਪਣਾ ਸੁਝਾਅ ਦੇ ਦਿੱਤਾ ਹੈ, ਹੁਣ ਉਸ ਨੂੰ ਮੰਨਣਾ ਜਾਂ ਨਾ ਮੰਨਣਾ ਹਾਈਕਮਾਂਡ ਦਾ ਕੰਮ ਹੈ। ਉਹਨਾਂ ਕਿਹਾ ਕਿ ਉਹਨਾਂ ਨੂੰ ਆਸ ਹੈ ਕਿ ਹਾਈਕਮਾਂਡ ਕੈਪਟਨ ਦਾ ਸੁਝਾਅ ਜ਼ਰੂਰ ਸੁਣੇਗੀ ਕਿਉਂਕਿ ਉਹਨਾਂ ਨੂੰ ਕੈਪਟਨ ’ਤੇ ਭਰੋਸਾ ਹੈ। ਉਹਨਾਂ ਦਾ ਕਹਿਣਾ ਸੀ ਕਿ ਅਜਿਹੇ ਫੈਸਲੇ ਕਾਹਲੀ ਨਾਲ ਨਹੀਂ ਲਏ ਜਾ ਸਕਦੇ। ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਤੇ ਭਾਜਪਾ ਦੇ ਕੌਮੀ ਪ੍ਰਧਾਨ ਸਣੇ ਹੋਰ ਅਹੁਦੇਦਾਰ ਇਕੱਠੇ ਫ਼ੈਸਲਾ ਲੈਣਗੇ। ਉਹਨਾਂ ਕਿਹਾ ਕਿ ਇਹ ਕੈਪਟਨ ਅਮਰਿੰਦਰ ਸਿੰਘ ਦਾ ਫ਼ੈਸਲਾ ਨਹੀਂ ਹੈ ਸਿਰਫ਼ ਸੁਝਾਅ ਹੈ। ਉਹਨਾਂ ਕਿਹਾ ਕਿ ਬੇਸ਼ੱਕ ਇਹ ਮਸਲਾ ਅਕਾਲੀ ਦੇ ਪ੍ਰਧਾਨ ਸੁਖਬੀਰ ਬਾਦਲ ਅਤੇ ਹੋਰ ਅਕਾਲੀ ਧੜਿਆਂ ਦੇ ਆਗੂਆਂ ਨਾਲ ਵੀ ਵਿਚਾਰਿਆ ਜਾ ਸਕਦਾ ਹੈ , ਪਰ ਸਭ ਸਮਾਂ ਆਉਣ ’ਤੇ ਹੀ ਹੋਵੇਗਾ।

# ਹੁਣ ਅਮਰੀਕਾ 'ਚ ਰਹਿਣ ਤੇ ਕੰਮ ਕਰਨ ਲਈ ਦੇਣੇ ਪੈਣਗੇ 10 ਲੱਖ ਡਾਲਰ

## ਰਾਸ਼ਟਰਪਤੀ ਟਰੰਪ ਨੇ ਸ਼ੁਰੂ ਕੀਤਾ 'ਗੋਲਡ ਕਾਰਡ' ਵੀਜ਼ਾ ਪ੍ਰੋਗਰਾਮ

ਵਾਸ਼ਿੰਗਟਨ/ਏ.ਟੀ.ਨਿਊਜ਼: ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਪਿਛਲੇ ਦਿਨੀਂ ਅਧਿਕਾਰਤ ਤੌਰ 'ਤੇ ਆਪਣਾ 'ਟਰੰਪ ਗੋਲਡ ਕਾਰਡ' ਵੀਜ਼ਾ ਪ੍ਰੋਗਰਾਮ ਸ਼ੁਰੂ ਕਰ ਦਿੱਤਾ ਹੈ। ਇਸ ਪ੍ਰੋਗਰਾਮ ਤਹਿਤ ਗੈਰ-ਅਮਰੀਕੀ ਨਾਗਰਿਕਾਂ ਨੂੰ ਇਕ ਭਾਰੀ ਕੀਮਤ ਦੀ ਅਦਾਇਗੀ ਕਰਕੇ ਅਮਰੀਕਾ ਵਿੱਚ ਰਹਿਣ ਦੀ ਖੁੱਲ੍ਹ ਮਿਲੇਗੀ। ਵੈੱਬਸਾਈਟ, ਜਿਸ ਵਿੱਚ 'ਹੁਣੇ ਅਪਲਾਈ ਕਰੋ' ਬਟਨ ਹੈ, ਦਿਲਚਸਪੀ ਰੱਖਣ ਵਾਲੇ ਬਿਨੈਕਾਰਾਂ ਨੂੰ ਤੇਜ਼ੀ ਨਾਲ ਪ੍ਰਕਿਰਿਆ ਲਈ ਹੋਮਲੈਂਡ ਸਿਕਿਓਰਿਟੀ ਵਿਭਾਗ ਨੂੰ 15,000 ਡਾਲਰ ਦੀ ਫੀਸ ਦਾ ਭੁਗਤਾਨ ਕਰਨ ਦੀ ਆਗਿਆ ਦਿੰਦਾ ਹੈ।

ਪਿਛੋਕੜ ਦੀ ਜਾਂਚ ਜਾਂ ਜਾਂਚ ਅਮਲ ਵਿੱਚੋਂ ਲੰਘਣ ਮਗਰੋਂ ਬਿਨੈਕਾਰਾਂ ਨੂੰ ਵੀਜ਼ਾ ਪ੍ਰਾਪਤ ਕਰਨ ਲਈ 10 ਲੱਖ ਡਾਲਰ ਦਾ 'ਯੋਗਦਾਨ' ਦੇਣਾ ਪਵੇਗਾ। ਵੈੱਬਸਾਈਟ 'ਤੇ ਅਪਲੋਡ ਜਾਣਕਾਰੀ ਵਿੱਚ 'ਟਰੰਪ ਕਾਰਡ' ਨੂੰ 'ਤੋਹਫ਼ਾ' ਦੱਸਿਆ ਗਿਆ ਹੈ, ਜੋ 'ਗ੍ਰੀਨ ਕਾਰਡ' ਵਾਂਗ ਹੈ, ਜੋ ਉਨ੍ਹਾਂ ਨੂੰ ਅਮਰੀਕਾ ਵਿੱਚ ਰਹਿਣ ਅਤੇ ਕੰਮ ਕਰਨ ਦੀ ਆਗਿਆ ਦਿੰਦਾ ਹੈ।

ਟਰੰਪ ਨੇ ਵ੍ਹਾਈਟ ਹਾਊਸ ਵਿੱਚ ਪੱਤਰਕਾਰਾਂ ਨੂੰ ਦੱਸਿਆ, "ਅਸਲ ਵਿੱਚ ਇਹ ਇੱਕ ਗ੍ਰੀਨ ਕਾਰਡ ਹੈ, ਪਰ ਬਹੁਤ ਵਧੀਆ। ਬਹੁਤ ਜ਼ਿਆਦਾ ਸ਼ਕਤੀਸ਼ਾਲੀ, ਇੱਕ ਬਹੁਤ ਮਜ਼ਬੂਤ ਰਾਹ। ਇੱਕ ਰਾਹ, ਜੋ ਵੱਡੀ ਗੱਲ ਹੈ। ਮਹਾਨ ਲੋਕ ਬਣਨਾ ਪਵੇਗਾ।" ਵਣਜ ਸਕੱਤਰ ਹਾਵਰਡ ਲੂਟਨਿਕ ਨੇ ਕਿਹਾ




ਕਿ ਲਗਪਗ 10,000 ਲੋਕਾਂ ਨੇ ਪਹਿਲਾਂ ਹੀ ਪ੍ਰੀ-ਰਜਿਸਟ੍ਰੇਸ਼ਨ ਅਰਸੇ ਦੌਰਾਨ ਗੋਲਡ ਕਾਰਡ ਲਈ ਸਾਈਨ ਅੱਪ ਕੀਤਾ ਹੈ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਹੋਰ ਵੀ ਬਹੁਤ ਸਾਰੇ ਅਜਿਹਾ ਕਰਨਗੇ। ਲੂਟਨਿਕ ਨੇ ਇੱਕ ਸੰਖੇਪ ਇੰਟਰਵਿਊ ਵਿੱਚ ਖ਼ਬਰ ਏਜੰਸੀ ਨੂੰ ਦੱਸਿਆ "ਮੈਂ ਸਮੇਂ ਦੇ ਨਾਲ ਉਮੀਦ ਕਰਾਂਗਾ ਕਿ ਅਸੀਂ ਇਨ੍ਹਾਂ ਹਜ਼ਾਰਾਂ ਕਾਰਡਾਂ ਨੂੰ ਵੇਚਾਂਗੇ ਅਤੇ ਅਰਬਾਂ, ਅਰਬਾਂ ਡਾਲਰ ਇਕੱਠੇ ਕਰਾਂਗੇ।" ਲੂਟਨਿਕ ਨੇ ਕਿਹਾ ਕਿ ਗੋਲਡ ਕਾਰਡ ਪ੍ਰੋਗਰਾਮ ਉਨ੍ਹਾਂ ਲੋਕਾਂ ਨੂੰ ਅਮਰੀਕਾ ਲਿਆਏਗਾ ਜਿਨ੍ਹਾਂ ਦਾ ਅਰਥਚਾਰੇ ਨੂੰ ਲਾਭ ਹੋਵੇਗਾ। ਉਸ ਨੇ 'ਟਰੰਪ ਗੋਲਡ ਕਾਰਡ' ਦੀ ਤੁਲਨਾ 'ਔਸਤ' ਗ੍ਰੀਨ ਕਾਰਡ ਧਾਰਕਾਂ ਨਾਲ ਕੀਤੀ, ਜਿਨ੍ਹਾਂ ਬਾਰੇ ਉਸ ਨੇ ਕਿਹਾ ਕਿ ਉਹ ਔਸਤ ਅਮਰੀਕੀਆਂ ਨਾਲੋਂ ਘੱਟ ਪੈਸੇ ਕਮਾਉਂਦੇ ਸਨ ਅਤੇ ਉਨ੍ਹਾਂ ਦੇ ਖੁਦ ਜਾਂ ਪਰਿਵਾਰਕ ਮੈਂਬਰਾਂ ਦੇ ਸਰਕਾਰੀ ਸਹਾਇਤਾ 'ਤੇ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਲੂਟਨਿਕ ਨੇ ਹਾਲਾਂਕਿ ਇਸ ਦਾਅਵੇ ਲਈ ਕੋਈ ਸਬੂਤ ਨਹੀਂ ਦਿੱਤਾ।

ਟਰੰਪ ਪ੍ਰਸ਼ਾਸਨ ਨੇ ਗ਼ੈਰਕਾਨੂੰਨੀ ਪ੍ਰਵਾਸ ਖ਼ਿਲਾਫ਼ ਵੱਡੇ ਪੱਧਰ 'ਤੇ ਕਾਰਵਾਈ ਕੀਤੀ ਹੈ। ਦੇਸ਼ ਵਿੱਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੱਖਾਂ ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਹੈ। 'ਗੋਲਡ ਕਾਰਡ' ਪ੍ਰੋਗਰਾਮ ਇਸੇ ਦਾ ਕਾਊਂਟਰ ਬੈਲੇਂਸ ਹੈ, ਜੋ ਕਿ ਅਮਰੀਕੀ ਖਜ਼ਾਨੇ ਨੂੰ ਭਰਨ ਲਈ ਤਿਆਰ ਕੀਤਾ ਗਿਆ ਹੈ। ਰਾਸ਼ਟਰਪਤੀ ਟਰੰਪ, ਜੋ ਨਿਊਯਾਰਕ ਦੇ ਇੱਕ ਸਾਬਕਾ ਕਾਰੋਬਾਰੀ ਅਤੇ ਰਿਐਲਿਟੀ ਟੈਲੀਵਿਜ਼ਨ ਹੋਸਟ ਹਨ, ਨੇ ਕਿਹਾ ਹੈ ਕਿ ਉਨ੍ਹਾਂ ਦਾ ਟੈਰਿਫ ਪ੍ਰੋਗਰਾਮ ਸਫਲ ਰਿਹਾ ਹੈ।

## ਮੈਕਸੀਕੋ ਨੂੰ ਪਾਣੀ ਦੇਣਾ ਪਵੇਗਾ ਨਹੀਂ ਤਾਂ ਟੈਰਿਫ਼ ਲਈ ਤਿਆਰ ਰਹੇ : ਟਰੰਪ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਮੈਕਸੀਕੋ ਨੂੰ ਸੰਧੀ ਤਹਿਤ ਹੋਰ ਪਾਣੀ ਛੱਡਣਾ ਪਵੇਗਾ ਤੇ ਜੇਕਰ ਉਹ ਅਜਿਹਾ ਨਹੀਂ ਕਰਦਾ ਤਾਂ ਦਰਾਮਦ ਉੱਪਰ 5% ਹੋਰ ਟੈਰਿਫ਼ ਲਈ ਤਿਆਰ ਰਹੇ।

ਟਰੰਪ ਨੇ ਕਿਹਾ ਹੈ ਕਿ ਇਸ ਸਾਲ ਦੇ ਅੰਤ ਤੱਕ ਮੈਕਸੀਕੋ ਨੂੰ ਹਰ ਹਾਲਤ ਵਿੱਚ ਹੋਰ ਪਾਣੀ ਛੱਡਣਾ ਪਵੇਗਾ। 1944 ਦੀ ਸੰਧੀ ਅਨੁਸਾਰ ਮੈਕਸੀਕੋ ਨੂੰ ਰੀਓ ਗਰਾਂਡੇ ਦਰਿਆ ਤੋਂ 5 ਸਾਲਾਂ ਵਿੱਚ 1.75 ਮਿਲੀਅਨ ਏਕੜ ਫ਼ੁੱਟ ਪਾਣੀ ਛੱਡਣਾ ਜ਼ਰੂਰੀ ਹੁੰਦਾ ਹੈ। ਇਹ ਪਾਣੀ ਅੰਤਰਸੰਪਰਕ ਡੈਮਾਂ ਤੇ ਪਾਣੀ ਦੇ ਭੰਡਾਰਾਂ ਦੇ ਨੈੱਟਵਰਕ ਰਾਹੀਂ ਛੱਡਿਆ ਜਾਂਦਾ ਹੈ। ਟਰੰਪ ਨੇ ਸੋਸ਼ਲ ਮੀਡੀਆ ਉਪਰ ਕਿਹਾ ਹੈ ਕਿ ਪਾਣੀ ਦੀ ਘਾਟ ਕਾਰਨ ਟੈਕਸਾਸ ਵਿੱਚ ਫ਼ਸਲਾਂ ਸੁੱਕ ਰਹੀਆਂ ਹਨ ਤੇ ਪਸ਼ੂਆਂ ਦੇ ਪੀਣ ਲਈ ਪਾਣੀ ਨਹੀਂ ਹੈ। ਉਨ੍ਹਾਂ ਕਿਹਾ ਹੈ ਕਿ ਮੈਕਸੀਕੋ ਨੇ 8 ਲੱਖ ਏਕੜ ਫ਼ੁੱਟ ਪਾਣੀ ਘੱਟ ਛੱਡਿਆ ਹੈ ਜਿਸ ਵਿਚੋਂ 2 ਲੱਖ ਏਕੜ ਪਾਣੀ 31 ਦਸੰਬਰ ਤੱਕ ਛੱਡਿਆ ਜਾਵੇ।

ਰਾਸ਼ਟਰਪਤੀ ਨੇ ਕਿਹਾ ਕਿ ਜੇਕਰ ਉਹ ਪਾਣੀ ਛੱਡਣ ਵਿੱਚ ਦੇਰੀ ਕਰਦਾ ਹੈ ਤਾਂ ਇਸ ਨਾਲ ਕਿਸਾਨਾਂ ਨੂੰ ਨੁਕਸਾਨ ਝੱਲਣਾ ਪਵੇਗਾ, ਇਸ ਲਈ ਮੈਕਸੀਕੋ ਨੂੰ 5% ਟੈਰਿਫ਼ ਲਾ ਕੇ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੰਧੀ ਤਹਿਤ ਮੈਕਸੀਕੋ ਨੂੰ ਪਾਣੀ ਛੱਡਣਾ ਹੀ ਪਵੇਗਾ।

## ਅਮਰੀਕਾ ਦੇ 19 ਸੂਬਿਆਂ ਨੇ ਐੱਚ1ਬੀ ਵੀਜ਼ਾ ਫੀਸ 'ਚ ਵਾਧੇ ਨੂੰ ਗ਼ੈਰ ਕਾਨੂੰਨੀ ਦੱਸਿਆ

ਨਿਊਯਾਰਕ/ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ 19 ਰਾਜਾਂ ਨੇ ਨਵੇਂ ਐੱਚ1ਬੀ ਵੀਜ਼ਾ ਅਰਜ਼ੀਕਾਰਾਂ 'ਤੇ ਇੱਕ ਲੱਖ ਡਾਲਰ ਦੀ ਫੀਸ ਲਾਉਣ ਸਬੰਧੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੇ ਫ਼ੈਸਲੇ ਨੂੰ ਗ਼ੈਰਕਾਨੂੰਨੀ ਦੱਸਦਿਆਂ ਮੁਕੱਦਮਾ ਦਾਇਰ ਕੀਤਾ ਹੈ। ਰਾਜਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਕਦਮ ਨਾਲ ਸਿਹਤ ਸੇਵਾ, ਸਿੱਖਿਆ ਅਤੇ ਤਕਨੀਕ ਜਿਹੇ ਅਹਿਮ ਖੇਤਰਾਂ 'ਚ ਕਾਮਿਆਂ ਦੀ ਕਮੀ ਹੋਰ ਵੱਧ ਜਾਵੇਗੀ। ਨਿਊਯਾਰਕ ਦੀ ਅਟਾਰਨੀ ਜਨਰਲ ਲੈਟੀਸ਼ੀਆ ਜੇਮਜ਼ ਨੇ 18 ਹੋਰ ਅਟਾਰਨੀ ਜਨਰਲਾਂ ਨਾਲ ਮਿਲ ਕੇ ਬੀਤੇ ਦਿਨ ਮੈਸਾਚੁਸੈੱਟਸ ਦੀ ਜ਼ਿਲ੍ਹਾ ਅਦਾਲਤ 'ਚ ਮੁਕੱਦਮਾ ਦਾਇਰ ਕੀਤਾ ਹੈ। ਉਨ੍ਹਾਂ ਕਾਨੂੰਨੀ ਅਧਿਕਾਰੀ ਜਾਂ ਢੁਕਵੀਂ ਪ੍ਰਕਿਰਿਆ ਦੇ ਬਿਨਾਂ ਐੱਚ1ਬੀ ਵੀਜ਼ਾ ਦੀ ਫੀਸ 'ਚ ਭਾਰੀ ਵਾਧਾ ਕਰਨ ਨੂੰ ਚੁਣੌਤੀ ਦਿੱਤੀ ਹੈ। ਐੱਚ1ਬੀ ਵੀਜ਼ਾ ਪ੍ਰੋਗਰਾਮ ਤਹਿਤ ਉੱਚ ਹੁਨਰ ਵਾਲੇ ਵਿਦੇਸ਼ੀ ਪੇਸ਼ੇਵਰਾਂ ਨੂੰ ਅਮਰੀਕਾ 'ਚ ਕੰਮ ਕਰਨ ਦੀ ਆਰਜ਼ੀ ਇਜਾਜ਼ਤ ਮਿਲਦੀ ਹੈ ਅਤੇ ਭਾਰਤੀ ਨਾਗਰਿਕ ਇਸ ਦੀ ਵੱਡੇ ਪੱਧਰ 'ਤੇ ਵਰਤੋਂ ਕਰਦੇ ਹਨ। ਮੁਕੱਦਮੇ 'ਚ ਦਲੀਲ ਦਿੱਤੀ ਗਈ ਹੈ ਕਿ ਨਵੀਂ ਫੀਸ ਨਾਲ ਉਨ੍ਹਾਂ ਸਰਕਾਰੀ ਦੇ ਗ਼ੈਰ-




ਲਾਭਕਾਰੀ ਰੁਜ਼ਗਾਰ ਦੇਣ ਵਾਲਿਆਂ ਲਈ ਵਿਹਾਰਕ ਤੌਰ 'ਤੇ ਸਮੱਸਿਆਵਾਂ ਖੜ੍ਹੀਆਂ ਹੋ ਜਾਣਗੀਆਂ, ਜੋ ਸਿਹਤ ਸੇਵਾ, ਸਿੱਖਿਆ, ਤਕਨੀਕ ਤੇ ਹੋਰ ਖੇਤਰਾਂ 'ਚ ਜ਼ਰੂਰੀ ਸੇਵਾਵਾਂ ਮੁਹੱਈਆ ਕਰਨ ਲਈ ਐੱਚ1ਬੀ ਵੀਜ਼ਾਧਾਰਕਾਂ 'ਤੇ ਨਿਰਭਰ ਹਨ। ਦਾਅਵੇ ਅਨੁਸਾਰ ਨਿਊਯਾਰਕ ਵਿੱਚ ਇੱਕ ਤਿਹਾਈ ਤੋਂ ਵੱਧ ਸਿਹਤ ਕਾਮੇ ਪਰਵਾਸੀ ਹਨ। ਸੂਬੇ ਦੇ 16 ਪੇਂਡੂ ਜ਼ਿਲ੍ਹਿਆਂ ਵਿੱਚ ਹਰ 10,000 ਲੋਕਾਂ ਪਿੱਛੇ ਸਿਰਫ਼ ਚਾਰ ਡਾਕਟਰ ਹਨ। ਅਨੁਮਾਨ ਹੈ ਕਿ 2030 ਤੱਕ ਨਿਊਯਾਰਕ ਦੇ ਹਸਪਤਾਲਾਂ ਵਿੱਚ 40,000 ਨਰਸਾਂ ਦੀ ਕਮੀ ਹੋ ਜਾਵੇਗੀ। 'ਅਮੈਰੀਕਨ ਮੈਡੀਕਲ ਐਸੋਸੀਏਸ਼ਨ' ਮੁਤਾਬਕ ਪੂਰੇ ਅਮਰੀਕਾ ਵਿੱਚ 2036 ਤੱਕ 86,000 ਡਾਕਟਰਾਂ ਦੀ ਘਾਟ ਹੋ ਸਕਦੀ ਹੈ, ਜਿਸ ਨੂੰ ਪੂਰਾ ਕਰਨ ਲਈ ਐੱਚ-1ਬੀ ਕਾਮੇ ਅਹਿਮ ਹਨ।

## ਟਰੰਪ ਨੇ ਸ਼ਕਤੀਸ਼ਾਲੀ ਗਰੁੱਪ 'ਕੋਰ-5' ਦੇ ਗਠਨ ਦੀ ਬਣਾਈ ਯੋਜਨਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇੱਕ ਨਵੇਂ 'ਕੋਰ-5' ਭਾਵ ਕਿ ਸ਼ਕਤੀਸ਼ਾਲੀ ਗਰੁੱਪ ਦੇ ਗਠਨ ਦੀ ਯੋਜਨਾ ਬਣਾ ਰਹੇ ਹਨ। ਇਸ ਵਿੱਚ ਸੰਸਾਰ ਦੀਆਂ ਪੰਜ ਮਹਾਸ਼ਕਤੀਆਂ ਹੋਣਗੀਆਂ, ਜਿਨ੍ਹਾਂ ਵਿੱਚ ਅਮਰੀਕਾ, ਚੀਨ, ਰੂਸ ਤੇ ਜਾਪਾਨ ਦੇ ਨਾਲ-ਨਾਲ ਭਾਰਤ ਵੀ ਸ਼ਾਮਲ ਹੋਵੇਗਾ। ਮੰਨਿਆ ਜਾ ਰਿਹਾ ਹੈ ਕਿ ਟਰੰਪ ਇਸ ਨੂੰ ਜੀ7 ਗਰੁੱਪ ਦੇ ਬਦਲ ਵਜੋਂ ਬਣਾਉਣਾ ਚਾਹੁੰਦੇ ਹਨ, ਜਿਸ ਵਿੱਚ ਯੂਰਪ ਦਾ ਦਬਦਬਾ ਹੈ। ਅਮਰੀਕਾ ਵੱਲੋਂ ਪ੍ਰਕਾਸ਼ਤ ਰਸਾਲੇ 'ਪੋਲੀਟਿਕੋ' ਨੇ ਦਾਅਵਾ ਕੀਤਾ ਹੈ ਕਿ ਸੀ5 (ਕੋਰ ਫਾਈਵ) ਗਰੁੱਪ ਦਾ ਪਲੇਠਾ ਏਜੰਡਾ ਵੀ ਤੈਅ ਹੋ ਗਿਆ ਹੈ, ਇਸ ਵਿੱਚ ਮੱਧ-ਪੂਰਬ ਵਿਚ ਸੁਰੱਖਿਆ ਅਹਿਮ ਹੈ। ਜਿਵੇਂ ਕਿ ਇਜ਼ਰਾਇਲ ਤੇ ਸਾਊਦੀ ਵਿਚਾਲੇ ਰਿਸ਼ਤੇ ਆਮ ਵਰਗੇ ਕਰਨ ਉੱਤੇ ਧਿਆਨ ਦਿੱਤਾ ਜਾਵੇਗਾ।'ਪੋਲੀਟਿਕੋ' ਰਸਾਲੇ ਨੇ ਦੱਸਿਆ ਹੈ ਕਿ ਨਵੇਂ ਉੱਚ-ਸ਼ਕਤੀ ਗਰੁੱਪ ਦਾ ਵਿਚਾਰ ਕੌਮੀ ਸੁਰੱਖਿਆ ਰਣਨੀਤੀ ਦੇ ਲੰਬੇ ਤੇ ਅਣਛਪੇ ਐਡੀਸ਼ਨ ਵਿੱਚ ਸਾਹਮਣੇ ਆਇਆ ਸੀ ਜਦਕਿ ਇਸ ਨੂੰ ਵ੍ਹਾਈਟ ਹਾਊਸ ਨੇ ਪਿਛਲੇ ਹਫ਼ਤੇ ਪ੍ਰਕਾਸ਼ਤ ਕੀਤਾ ਸੀ। ਇਸ ਨੂੰ ਲੈ ਕੇ ਹਾਲੇ ਤੱਕ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ। ਵ੍ਹਾਈਟ ਹਾਊਸ ਨੇ ਦਸਤਾਵੇਜ਼ ਦੇ ਵਜੂਦ ਬਾਰੇ ਇਨਕਾਰ



ਕਰ ਦਿੱਤਾ ਹੈ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਹੰਨਾ ਕੇਲੀ ਨੇ ਕਿਹਾ ਹੈ ਕਿ 33 ਵਰਕਿਆਂ ਦੀ ਅਧਿਕਾਰਤ ਯੋਜਨਾ ਦਾ ਕੋਈ ਬਦਲ, ਨਿੱਜੀ ਜਾਂ ਗੁਪਤ ਅਡੀਸ਼ਨ ਮੌਜੂਦ ਨਹੀਂ ਹੈ। ਹਾਲਾਂਕਿ ਕੌਮੀ ਸੁਰੱਖਿਅਤ ਮਾਹਿਰ ਮੰਨਦੇ ਹਨ ਕਿ ਇਸ ਵਿਚਾਰ ਵਿੱਚ 'ਟਰੰਪਵਾਦੀ' ਝਲਕ ਮਿਲਦੀ ਹੈ।

**ਨਵਾਂ ਆਲਮੀ ਪ੍ਰਬੰਧ ਬਣਾਉਣ 'ਤੇ ਵਿਚਾਰ**

ਦੱਸਣਯੋਗ ਹੈ ਕਿ ਇਹ ਰਿਪੋਰਟ ਅਜਿਹੇ ਸਮੇਂ ਆਈ ਹੈ, ਜਦੋਂ ਅਮਰੀਕਾ ਵਿੱਚ ਪਹਿਲਾਂ ਤੋਂ ਬਹਿਸ ਚੱਲ ਰਹੀ ਹੈ ਕਿ ਟਰੰਪ ਸਰਕਾਰ ਦਾ ਦੂਸਰਾ ਕਾਰਜਕਾਲ ਮੌਜੂਦਾ ਆਲਮੀ ਪ੍ਰਬੰਧ ਵਿੱਚ ਕਿੰਨਾ ਬਦਲਾਅ ਲਿਆਉਣ ਜਾ ਰਿਹਾ ਹੈ। ਇਹ ਵਿਚਾਰ ਜੀ7 ਤੇ ਜੀ20 ਜਿਹੇ ਮੌਜੂਦਾ ਆਲਮੀ ਮੰਚਾਂ ਨੂੰ ਬਹੁ-ਧਰੁਵੀ ਦੁਨੀਆ ਲਈ ਗ਼ੈਰ-ਪ੍ਰਸੰਗਕ ਮੰਨਦਾ ਹੈ ਤੇ ਖ਼ਾਸ ਅਬਾਦੀ ਤੇ ਫ਼ੌਜ-ਵਿੱਤੀ ਤਾਕਤਾਂ ਵਿਚਾਲੇ ਸਮਝੌਤਾ ਕਰਨ ਨੂੰ ਤਰਜੀਹ ਦਿੰਦਾ ਹੈ। ਦਰਅਸਲ ਹਾਲੇ ਜੀ7 ਦਾ ਮੈਂਬਰ ਹੋਣ ਲਈ ਜ਼ਰੂਰੀ ਸ਼ਰਤਾਂ ਹਨ, ਉਹ ਮੁਲਕ ਅਮੀਰ ਹੋਵੇ ਤੇ ਉਥੇ ਲੋਕਤੰਤਰੀ ਸਰਕਾਰ ਹੋਵੇ। ਸੀ5 ਵਿੱਚ ਅਜਿਹੀ ਕੋਈ ਰੁਕਾਵਟ ਨਹੀਂ ਹੈ।

**ਟਰੰਪ ਦਾ ਭਵਿੱਖੀ ਨਜ਼ਰੀਆ ਦਿਖਾਉਂਦਾ ਹੈ ਸੀ5**

ਅਮਰੀਕਾ ਦੀ ਪਿਛਲੀ ਬਾਈਡੇਨ ਸਰਕਾਰ ਵਿੱਚ ਅਮਰੀਕੀ ਕੌਮੀ ਸੁਰੱਖਿਆ ਪ੍ਰੀਸ਼ਦ ਵਿੱਚ ਯੂਰਪੀ ਮਾਮਲਿਆਂ ਦੇ ਡਾਇਰੈਕਟਰ ਵਜੋਂ ਕੰਮ ਕਰਨ ਵਾਲੇ ਟੋਰੇ ਤੌਸਿੰਗ ਨੇ ਪੋਲੀਟਿਕੋ ਰਸਾਲੇ ਨੂੰ ਦੱਸਿਆ ਹੈ ਕਿ ਰਾਸ਼ਟਰਪਤੀ ਟਰੰਪ ਸੰਸਾਰ ਨੂੰ ਵੱਖਰੇ ਨਜ਼ਰੀਏ ਨਾਲ ਦੇਖਦੇ ਹਨ, ਜਿਹੜਾ ਕਿਸੇ ਵਿਚਾਰ ਵਿੱਚ ਨਾ ਬੱਝਿਆ ਹੋਵੇ ਤੇ ਜਿੱਥੇ ਮਜ਼ਬੂਤ ਮੁਲਕ ਆਪਣਾ ਅਸਰ ਬਣਾਈ ਰੱਖਣ ਲਈ ਹੋਰਨਾਂ ਤਾਕਤਾਂ ਦੇ ਨਾਲ ਮਿਲ ਕੇ ਕੰਮ ਕਰਦੇ ਹੋਣ।

(**ਬਾਕੀ ਸਫ਼ਾ 27 'ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਟਰੰਪ ਨੂੰ ਮਿਲਿਆ ਫ਼ੀਫ਼ਾ ਸ਼ਾਂਤੀ ਪੁਰਸਕਾਰ

ਵਾਸ਼ਿੰਗਟਨ/ਏ.ਟੀ.ਨਿਊਜ਼ : 2026 ਦੇ ਫ਼ੁੱਟਬਾਲ ਵਿਸ਼ਵ ਕੱਪ ਲਈ ਪ੍ਰੋਗਰਾਮ ਦਾ ਐਲਾਨ ਕਰਦਿਆਂ ਫ਼ੀਫ਼ਾ ਨੇ ਨਵੇਂ ਸ਼ਾਂਤੀ ਪੁਰਸਕਾਰ ਦੀ ਸ਼ੁਰੂਆਤ ਵੀ ਕਰ ਦਿੱਤੀ। ਦਿਲਚਸਪ ਗੱਲ ਇਹ ਹੈ ਕਿ ਨਵਾਂ ਪਹਿਲਾ ਪੁਰਸਕਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਦਿੱਤਾ।

ਨੋਬਲ ਸ਼ਾਂਤੀ ਪੁਰਸਕਾਰ ਲਈ ਖੁੱਲ੍ਹ ਕੇ ਦਾਅਵਾ ਕਰਨ ਵਾਲੇ ਟਰੰਪ ਹੀ ਨਵੇਂ ਬਣਾਏ ਗਏ ਫ਼ੀਫ਼ਾ ਪੁਰਸਕਾਰ ਜਿੱਤਣ ਲਈ ਸਭ ਤੋਂ ਵੱਡੇ ਦਾਅਵੇਦਾਰ ਸਨ। ਉਹ ਅਤੇ ਫ਼ੀਫ਼ਾ ਮੁਖੀ ਜੀਆਨੀ ਇਨਫ਼ੈਂਟੀਨੋ ਨੇੜਲੇ ਸਹਿਯੋਗੀ ਹਨ, ਅਤੇ ਇਨਫ਼ੈਂਟੀਨੋ ਨੇ ਸਪੱਸ਼ਟ ਕੀਤਾ ਸੀ ਕਿ ਉਨ੍ਹਾਂ ਨੂੰ ਲਗਦਾ ਹੈ ਕਿ ਟਰੰਪ ਨੂੰ ਗਾਜ਼ਾ ਵਿੱਚ ਜੰਗਬੰਦੀ ਦੀ ਦਲਾਲੀ ਕਰਨ ਦੀਆਂ ਕੋਸ਼ਿਸ਼ਾਂ ਲਈ ਨੋਬਲ ਪੁਰਸਕਾਰ ਜਿੱਤਣਾ ਚਾਹੀਦਾ ਸੀ।



ਅਮਰੀਕੀ ਰਾਸ਼ਟਰਪਤੀ ਨੂੰ ਇਹ ਪੁਰਸਕਾਰ ਦਿੱਤਾ ਗਿਆ ਜਿਸ ਬਾਰੇ ਇਨਫ਼ੈਂਟੀਨੋ ਨੇ ਕਿਹਾ, "ਇਹ ਤੁਹਾਡੇ ਲਈ ਇੱਕ ਸੁੰਦਰ ਤਗ਼ਮਾ ਹੈ ਜੋ ਤੁਸੀਂ ਜਿੱਥੇ ਵੀ ਜਾਣਾ ਚਾਹੁੰਦੇ ਹੋ ਪਹਿਨ ਸਕਦੇ ਹੋ।" ਟਰੰਪ ਨੇ ਤੁਰਤ ਮੈਡਲ ਆਪਣੇ ਗਲੇ 'ਚ ਪਾ ਲਿਆ। ਇਨਫ਼ੈਂਟੀਨੋ ਨੇ ਟਰੰਪ ਨੂੰ ਜੋ ਸਰਟੀਫ਼ਿਕੇਟ ਦਿੱਤਾ ਸੀ, ਉਹ ਅਮਰੀਕੀ ਰਾਸ਼ਟਰਪਤੀ ਨੂੰ 'ਦੁਨੀਆਂ ਭਰ ਵਿੱਚ ਸ਼ਾਂਤੀ ਅਤੇ ਏਕਤਾ ਨੂੰ ਉਤਸ਼ਾਹਤ ਕਰਨ ਲਈ' ਉਨ੍ਹਾਂ ਦੇ ਕੰਮਾਂ ਲਈ ਮਾਨਤਾ ਦਿੰਦਾ ਹੈ।

ਇਨਫ਼ੈਂਟੀਨੋ ਨੇ ਟਰੰਪ ਬਾਰੇ ਕਿਹਾ, "ਇਹ ਉਹ ਹੈ ਜੋ ਅਸੀਂ ਇੱਕ ਨੇਤਾ ਤੋਂ ਚਾਹੁੰਦੇ ਹਾਂ - ਇੱਕ ਨੇਤਾ ਜੋ ਲੋਕਾਂ ਦੀ ਪਰਵਾਹ ਕਰਦਾ ਹੈ।" ਪੁਰਸਕਾਰ ਉਤੇ ਟਰੰਪ ਦੇ ਨਾਮ ਨਾਲ ਇੱਕ ਸੋਨੇ ਦੀ ਟਰਾਫ਼ੀ ਵੀ ਭੇਟ ਕੀਤੀ ਗਈ। ਫ਼ੀਫ਼ਾ ਨੇਤਾ ਨੇ ਟਰੰਪ ਨੂੰ ਕਿਹਾ, "ਇਹ ਤੁਹਾਡਾ ਇਨਾਮ ਹੈ, ਇਹ ਤੁਹਾਡਾ ਸ਼ਾਂਤੀ ਪੁਰਸਕਾਰ ਹੈ।"

ਟਰੰਪ ਨੇ ਅਪਣੀ ਪਤਨੀ ਮੇਲਾਨੀਆ ਟਰੰਪ ਸਮੇਤ ਅਪਣੇ ਪਰਿਵਾਰ ਦਾ ਧੰਨਵਾਦ ਕੀਤਾ ਅਤੇ ਹੋਰ ਦੋ ਮੇਜ਼ਬਾਨ ਦੇਸ਼ਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੇਨਬੌਮ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਦੇਸ਼ਾਂ ਨਾਲ ਤਾਲਮੇਲ ਸ਼ਾਨਦਾਰ ਰਿਹਾ ਹੈ। ਟਰੰਪ ਨੇ ਕਿਹਾ, "ਇਹ ਸੱਚਮੁੱਚ ਮੇਰੀ ਜ਼ਿੰਦਗੀ ਦਾ ਇੱਕ ਵੱਡਾ ਸਨਮਾਨ ਹੈ।"

ਇਨਫ਼ੈਂਟੀਨੋ ਨੇ ਅਕਸਰ ਫ਼ੁੱਟਬਾਲ ਬਾਰੇ ਦੁਨੀਆਂ ਲਈ ਇੱਕ ਇਕਜੁੱਟਤਾ ਵਜੋਂ ਗੱਲ ਕੀਤੀ ਹੈ, ਪਰ ਇਹ ਪੁਰਸਕਾਰ ਖੇਡਾਂ ਉਤੇ ਫ਼ੈਡਰੇਸ਼ਨ ਦੇ ਰਵਾਇਤੀ ਕੇਂਦਰਤ ਧਿਆਨ ਤੋਂ ਵਿਦਾਈ ਹੈ।

# ਹੁਣ ਗਰਭਵਤੀ ਭਾਰਤੀ ਔਰਤਾਂ ਨੂੰ ਵੀਜ਼ਾ ਦੇਣ 'ਚ ਵਧੇਰੇ ਸਾਵਧਾਨੀ ਵਰਤੇਗਾ ਅਮਰੀਕਾ

ਵਾਸ਼ਿੰਗਟਨ/ਏ.ਟੀ.ਨਿਊਜ਼ :ਅਮਰੀਕਾ ਨੇ ਗਰਭਵਤੀ ਭਾਰਤੀ ਔਰਤਾਂ ਨੂੰ ਵੀਜ਼ਾ ਦੇਣ ਵਿੱਚ ਵਧੇਰੇ ਸਾਵਧਾਨੀ ਵਰਤਣ ਦਾ ਐਲਾਨ ਕੀਤਾ ਹੈ। ਅਮਰੀਕੀ ਦੂਤਾਵਾਸ ਨੇ ਕਿਹਾ ਹੈ ਕਿ ਜੇਕਰ ਉਨ੍ਹਾਂ ਨੂੰ ਲੱਗੇ ਕਿ ਯਾਤਰਾ ਦਾ ਮੁੱਖ ਮੰਤਵ ਅਮਰੀਕਾ ਵਿੱਚ ਬੱਚੇ ਨੂੰ ਜਨਮ ਦੇ ਕੇ ਉਸ ਨੂੰ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨਾ ਹੈ, ਤਾਂ ਉਹ ਵੀਜ਼ਾ ਨਹੀਂ ਦੇਣਗੇ। ਇਸ ਨੂੰ ਅਮਰੀਕਾ ਨੇ 'ਜਨਮ ਸੈਰ-ਸਪਾਟਾ' ਜਾਂ 'ਬਰਥ ਟੂਰਿਜ਼ਮ' ਕਿਹਾ ਹੈ। ਇਹ ਨੀਤੀ ਪਹਿਲਾਂ ਟਰੰਪ ਪ੍ਰਸ਼ਾਸਨ ਵੱਲੋਂ ਲਾਗੂ ਕੀਤੀ ਗਈ ਸੀ ਅਤੇ ਹੁਣ ਇਸ ਨੂੰ ਹੋਰ ਸਖ਼ਤ ਕੀਤਾ ਜਾ ਰਿਹਾ ਹੈ।

ਅਮਰੀਕੀ ਦੂਤਾਵਾਸ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਟੂਰਿਸਟ ਵੀਜ਼ਾ (ਬੀ-1/ਬੀ-2) ਲਈ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਜਾਵੇਗਾ ਜੇਕਰ ਅਧਿਕਾਰੀਆਂ ਨੂੰ ਲੱਗੇ ਕਿ ਯਾਤਰਾ ਦਾ ਅਸਲੀ ਉਦੇਸ਼ ਅਮਰੀਕਾ ਵਿੱਚ ਬੱਚੇ ਨੂੰ ਜਨਮ ਦੇਣਾ ਹੈ। ਉਨ੍ਹਾਂ ਨੇ ਕਿਹਾ, 'ਅਸੀਂ ਅਜਿਹੀ ਇਜਾਜ਼ਤ ਨਹੀਂ ਦਿੰਦੇ।' ਇਹ ਨੀਤੀ ਅਮਰੀਕੀ ਵਿਦੇਸ਼ ਵਿਭਾਗ ਦੇ ਨਿਯਮਾਂ ਤਹਿਤ ਆਉਂਦੀ ਹੈ ਜੋ ਬੀ ਵੀਜ਼ਾ ਨੂੰ ਸੈਲਾਨੀਆਂ ਲਈ ਹੀ ਸੀਮਿਤ ਰੱਖਦੇ ਹਨ, ਨਾ ਕਿ ਨਾਗਰਿਕਤਾ ਪ੍ਰਾਪਤ ਕਰਨ ਲਈ। ਅਮਰੀਕਾ ਦਾ ਦਾਅਵਾ ਹੈ ਕਿ ਹਰ ਸਾਲ ਵੱਡੀ ਗਿਣਤੀ ਵਿੱਚ ਗਰਭਵਤੀ ਔਰਤਾਂ ਟੂਰਿਸਟ ਵੀਜ਼ਾ ਤੇ ਅਮਰੀਕਾ ਆਉਂਦੀਆਂ ਹਨ ਤਾਂ ਜੋ ਉਨ੍ਹਾਂ ਦੇ ਬੱਚੇ ਨੂੰ ਜਨਮ ਸਿੱਧ ਨਾਗਰਿਕਤਾ ਮਿਲ ਜਾਵੇ। ਇਸ ਨਾਲ ਅਮਰੀਕੀ ਸਿਸਟਮ ਤੇ ਬੋਝ ਵਧਦਾ ਹੈ ਅਤੇ ਨਿਯਮਾਂ ਦੀ ਉਲੰਘਣਾ ਹੁੰਦੀ ਹੈ।

ਅਮਰੀਕੀ ਸੰਵਿਧਾਨ ਦੇ 14ਵੇਂ ਸੋਧ ਅਨੁਸਾਰ, (ਬਾਕੀ ਸਫ਼ਾ 26 'ਤੇ)

# ਕੈਨੇਡਾ ਨੇ ਆਪਣੀਆਂ ਇਮੀਗ੍ਰੇਸ਼ਨ ਨੀਤੀਆਂ ਨੂੰ ਕੀਤਾ ਹੋਰ ਸਖ਼ਤ

## ਕੈਨੇਡਾ ਦੀ ਸੰਸਦ ਵਿੱਚ ਸ਼ਰਨਾਰਥੀ ਸਬੰਧੀ ਨਿਯਮਾਂ ਨੂੰ ਸਖ਼ਤ ਕਰਨ ਵਾਲਾ ਇੱਕ ਬਿਲ ਸੀ-12 ਵਿਚਾਰ ਅਧੀਨ

ਕੈਨੇਡਾ/ਏ.ਟੀ.ਨਿਊਜ਼: ਕੈਨੇਡਾ ਸਰਕਾਰ ਵੱਲੋਂ ਪਿਛਲੇ ਕੁੱਝ ਸਮੇਂ ਤੋਂ ਆਪਣੀਆਂ ਪਰਵਾਸ ਨੀਤੀਆਂ ਵਿੱਚ ਵੱਡੇ ਬਦਲਾਅ ਕੀਤੇ ਜਾ ਚੁੱਕੇ ਨੇ, ਜਿਸ ਕਾਰਨ ਵਿਦਿਆਰਥੀ ਵੀਜ਼ਾ, ਵਰਕ ਪਰਮਿਟ ਅਤੇ ਨਾਗਰਿਕਾਂ ਸਬੰਧੀ ਨਿਯਮ ਸਖ਼ਤ ਹੋ ਚੁੱਕੇ ਨੇ ਪਰ ਹੁਣ ਜਾਣਕਾਰੀ ਮਿਲ ਰਹੀ ਹੈ ਕਿ ਕੈਨੇਡਾ ਸਰਕਾਰ ਜਲਦ ਹੀ ਸ਼ਰਨ ਮੰਗਣ ਵਾਲਿਆਂ ਲਈ ਵੀ ਸਖ਼ਤ ਨਿਯਮ ਬਣਾਉਣ ਜਾ ਰਹੀ ਹੈ, ਜਿਸ ਦਾ ਅਸਰ ਹੁਣੇ ਤੋਂ ਦਿਸਣਾ ਸ਼ੁਰੂ ਹੋ ਚੁੱਕਿਆ ਹੈ ਕਿਉਂਕਿ ਸਾਲ 2024 ਦੇ ਮੁਕਾਬਲੇ ਭਾਰਤ ਦੇ ਸ਼ਰਨ ਅਪਲਾਈ ਕਰਨ ਦੇ ਮਾਮਲਿਆਂ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ, ਹਾਲਾਂਕਿ ਅਜੇ ਵੀ ਇਹ ਦੂਜੇ ਦੇਸ਼ਾਂ ਦੇ ਮੁਕਾਬਲੇ ਸਭ ਤੋਂ ਅੱਗੇ ਹੈ।

ਸ਼ਰਨਾਰਥੀਆਂ ਦੀਆਂ ਅਰਜ਼ੀਆਂ ਨੂੰ ਲੈ ਕੇ ਕੀ ਕਹਿੰਦੇ ਨੇ ਕੈਨੇਡਾ ਸਰਕਾਰ ਦੇ ਅੰਕੜੇ?



ਜਾਣਕਾਰੀ ਅਨੁਸਾਰ ਕੈਨੇਡਾ ਦੀ ਸੰਸਦ ਵਿੱਚ ਸ਼ਰਨਾਰਥੀ ਸਬੰਧੀ ਨਿਯਮਾਂ ਨੂੰ ਸਖ਼ਤ ਕਰਨ ਵਾਲਾ ਇੱਕ ਬਿਲ ਸੀ-12 ਵਿਚਾਰ ਅਧੀਨ ਹੈ, ਜਿਸ ਨੂੰ ਲੈ ਕੇ ਸਰਕਾਰ ਵੱਲੋਂ ਵੱਖ-ਵੱਖ ਵਰਗਾਂ ਨਾਲ ਸਲਾਹ ਮਸ਼ਵਰਾ ਕੀਤਾ ਜਾ ਰਿਹਾ ਹੈ। ਕਿਹਾ ਜਾਂਦੈ ਕਿ ਜੇਕਰ ਇਹ ਪ੍ਰਸਤਾਵਿਤ ਬਿਲ ਪਾਸ ਹੋ ਗਿਆ ਤਾਂ ਕੈਨੇਡਾ ਵਿੱਚ ਸ਼ਰਨ ਲੈਣੀ ਪਹਿਲਾਂ ਤੋਂ ਜ਼ਿਆਦਾ ਔਖੀ ਹੋ ਜਾਵੇਗੀ। ਇਮੀਗ੍ਰੇਸ਼ਨ ਮਾਹਿਰਾਂ ਮੁਤਾਬਕ ਇਹ ਬਿਲ ਕਾਨੂੰਨ ਬਣਨ ਤੋਂ ਬਾਅਦ ਸ਼ਰਨਾਰਥੀਆਂ ਦੇ ਰਾਹ ਵਿਚ ਵੱਡਾ ਰੋੜਾ ਬਣ ਸਕਦੈ। ਕੈਨੇਡਾ ਵਿਚ ਪਹਿਲਾਂ ਬਹੁਤ ਘੱਟ ਲੋਕਾਂ ਨੂੰ ਹਵਾਈ ਅੱਡੇ ਤੋਂ ਵਾਪਸ ਭੇਜਿਆ ਜਾਂਦਾ ਸੀ ਕਿਉਂਕਿ ਲੋਕ ਹਵਾਈ ਅੱਡੇ 'ਤੇ ਹੀ ਸ਼ਰਨ ਲਈ ਕੇਸ ਅਪਲਾਈ ਕਰ ਦਿੰਦੇ ਸੀ ਪਰ ਹੁਣ ਕੈਨੇਡਾ ਸਰਕਾਰ ਨੇ ਇੰਨੀ ਜ਼ਿਆਦਾ ਸਖ਼ਤੀ ਕਰ ਦਿੱਤੀ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਹਵਾਈ ਅੱਡੇ ਤੋਂ ਹੀ ਗੋ ਬੈਕ ਕੀਤਾ ਜਾ ਰਿਹੈ। ਇਹ ਸਥਿਤੀ ਬਿਲ ਪਾਸ ਹੋਣ ਤੋਂ ਪਹਿਲਾਂ ਦੀ ਹੈ, ਜੇਕਰ ਬਿਲ ਪਾਸ ਹੋ ਗਿਆ ਤਾਂ ਕਲਪਨਾ ਕਰੋ ਕਿ ਕੀ ਹੋਵੇਗਾ?ਕੈਨੇਡਾ ਸਰਕਾਰ ਦੀ ਵੈਬਸਾਈਟ 'ਤੇ ਉਪਲਬਧ ਜਾਣਕਾਰੀ ਮੁਤਾਬਕ ਬਿਲ ਸੀ-12 ਦਾ ਮੁੱਖ ਮਕਸਦ ਅਪਰਾਧਿਕ ਸੰਗਠਨਾਂ ਤੋਂ ਦੇਸ਼ ਨੂੰ ਬਚਾਉਣਾ, ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨਾ ਅਤੇ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਬਿਹਤਰ ਬਣਾਉਣਾ ਹੈ। ਇਸ ਬਿਲ ਵਿੱਚ ਕਿਹਾ ਗਿਆ ਹੈ ਕਿ ਜੇਕਰ ਕੋਈ ਵਿਅਕਤੀ ਕੈਨੇਡਾ ਵਿੱਚ ਐਂਟਰੀ ਕਰਦਾ ਹੈ ਤਾਂ ਉਸ ਦੇ ਕੋਲ 14 ਦਿਨਾਂ ਦਾ ਵਿੱਚ ਕੇਸ ਅਪਲਾਈ ਕਰਨ ਦਾ ਸਮਾਂ ਹੋਵੇਗਾ ਅਤੇ ਕੇਸ ਦੀ ਸੁਣਵਾਈ ਵੀ ਤੇਜ਼ ਕਰਨ ਦਾ ਪ੍ਰਬੰਧ ਬਿਲ ਵਿੱਚ ਕੀਤਾ ਗਿਆ ਹੈ। ਇਸ ਪ੍ਰਸਤਾਵਿਤ ਬਿਲ ਦੇ ਅਨੁਸਾਰ ਦਾਅਵੇਦਾਰ ਦੇ ਕੈਨੇਡਾ ਪੁੱਜਣ ਤੋਂ ਇਕ ਸਾਲ ਤੋਂ ਵੱਧ ਸਮੇਂ ਬਾਅਦ ਕੀਤੇ ਗਏ ਸ਼ਰਨ ਸਬੰਧੀ ਦਾਅਵਿਆਂ ਨੂੰ ਆਈਆਰਬੀ ਕੋਲ ਨਹੀਂ ਭੇਜਿਆ ਜਾਵੇਗਾ। (ਬਾਕੀ ਸਫ਼ਾ 27 'ਤੇ)

# ਜਰਮਨ ਚਰਚਾਂ ਵਿੱਚ ਬੱਚਿਆਂ ਨਾਲ ਦਹਾਕਿਆਂ ਤੱਕ ਦੁਰਵਿਹਾਰ

## ਪਾਸਾਊ ਚਰਚ 'ਚ 700 ਬੱਚਿਆਂ ਨਾਲ ਦੁਰਵਿਹਾਰ ਦੇ ਵੱਡੇ ਸਕੈਂਡਲ ਦਾ ਪਰਦਾਫਾਸ਼

## 77 ਸਾਲਾਂ ਤੱਕ ਚੱਲਿਆ ਪਾਦਰੀਆਂ ਦਾ ਜ਼ੁਲਮ: 154 'ਤੇ ਇਲਜ਼ਾਮ ਲੱਗੇ

ਜਰਮਨੀ ਦੇ ਬਵੇਰੀਆ ਪ੍ਰਾਂਤ ਵਿੱਚ ਸਥਿਤ ਪਾਸਾਊ ਡਾਇਓਸੀਸ ਵਿੱਚ ਇੱਕ ਵੱਡਾ ਖੁਲਾਸਾ ਹੋਇਆ ਹੈ। ਇੱਕ ਨਵੀਂ ਰਿਪੋਰਟ ਵਿੱਚ ਪਤਾ ਲੱਗਾ ਹੈ ਕਿ 1945 ਤੋਂ 2022 ਤੱਕ ਲਗਭਗ 700 ਬੱਚੇ ਅਤੇ ਕਿਸ਼ੋਰ ਕੈਥੋਲਿਕ ਚਰਚ ਦੇ ਪਾਦਰੀਆਂ ਵੱਲੋਂ ਯੌਨ ਸ਼ੋਸ਼ਣ ਅਤੇ ਹਿੰਸਾ ਦਾ ਸ਼ਿਕਾਰ ਹੋਏ ਹਨ। ਇਹ ਰਿਪੋਰਟ ਪਾਸਾਊ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਤਿਆਰ ਕੀਤੀ ਹੈ ਅਤੇ ਇਸ ਵਿੱਚ ਚਰਚ ਵਿੱਚ ਦਹਾਕਿਆਂ ਤੱਕ ਚੱਲੀ ਸੰਸਥਾਗਤ ਨਾਕਾਮੀ ਅਤੇ ਦਬਾਅ ਵਾਲੀ ਸੰਸਕ੍ਰਿਤੀ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਇਹ ਖਬਰ ਨਾ ਸਿਰਫ ਜਰਮਨੀ ਵਿੱਚ ਹਲਚਲ ਮਚਾ ਰਹੀ ਹੈ ਬਲਕਿ ਵਿਸ਼ਵ ਭਰ ਵਿੱਚ ਚਰਚ ਦੀ ਵਿਸ਼ਵਾਸਯੋਗਤਾ ਉੱਪਰ ਸਵਾਲ ਖੜ੍ਹੇ ਕਰ ਰਹੀ ਹੈ। ਇਸ ਰਿਪੋਰਟ ਨੇ ਫਿਰ ਤੋਂ ਉਸ ਵੱਡੇ ਸਵਾਲ ਨੂੰ ਜਨਮ ਦਿੱਤਾ ਹੈ ਕਿ ਜਰਮਨ ਚਰਚਾਂ ਨੇ ਦਹਾਕਿਆਂ ਤੱਕ ਨਾਬਾਲਗਾਂ ਨਾਲ ਦੁਰਵਿਹਾਰ ਕਿਉਂ ਕੀਤਾ?

ਇਸ 400 ਪੰਨਿਆਂ ਵਾਲੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਘੱਟੋ-ਘੱਟ 154 ਕੈਥੋਲਿਕ ਪਾਦਰੀਆਂ ਨੇ ਨਾਬਾਲਗਾਂ ਨਾਲ ਯੌਨ ਸ਼ੋਸ਼ਣ, ਸਰੀਰਕ ਹਿੰਸਾ ਜਾਂ ਦੋਵੇਂ ਕੀਤੇ ਹਨ। ਜ਼ਿਆਦਾਤਰ ਪੀੜਤ ਲੜਕੇ ਸਨ। ਖੋਜਕਰਤਾਵਾਂ ਨੇ ਕਿਹਾ ਹੈ ਕਿ ਅਸਲੀ ਗਿਣਤੀ ਇਸ ਤੋਂ ਵੀ ਵੱਧ ਹੋ ਸਕਦੀ ਹੈ ਕਿਉਂਕਿ ਬਹੁਤ ਸਾਰੇ ਮਾਮਲੇ ਰਿਪੋਰਟ ਨਹੀਂ ਹੋਏ। ਰਿਪੋਰਟ ਵਿੱਚ 672 ਤੋਂ ਵੱਧ ਬੱਚੇ ਅਤੇ ਕਿਸ਼ੋਰਾਂ ਨੂੰ ਪੀੜਤ ਦੱਸਿਆ ਗਿਆ ਹੈ ਜੋ ਕੈਥੋਲਿਕ ਬੋਰਡਿੰਗ ਸਕੂਲਾਂ, ਹੋਸਟਲਾਂ, ਧਾਰਮਿਕ ਸਿੱਖਿਆ ਕਲਾਸਾਂ ਅਤੇ ਆਲਟਰ ਸੇਵਾ ਦੌਰਾਨ ਸ਼ੋਸ਼ਣ ਦਾ ਸ਼ਿਕਾਰ ਹੋਏ ਹਨ। ਕਈ ਮਾਮਲਿਆਂ ਵਿੱਚ ਸਿਰਫ਼ 'ਬੱਚਿਆਂ ਦੇ ਗਰੁੱਪ' ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਨੂੰ ਕਿਸੇ ਪਾਦਰੀ ਨੇ ਕਲਾਸ ਦੀ ਪ੍ਰੈਕਟਿਸ ਵਿੱਚ ਸ਼ੋਸ਼ਣ ਕੀਤਾ। ਇਸ ਕਰਕੇ ਅਸਲੀ ਪੀੜਤਾਂ ਦੀ ਗਿਣਤੀ ਪੱਕੀ ਨਾਲ ਨਹੀਂ ਦੱਸੀ ਜਾ ਸਕਦੀ।

ਰਿਪੋਰਟ ਵਿੱਚ ਇਹ ਵੀ ਪਤਾ ਲੱਗਾ ਹੈ ਕਿ ਪਾਸਾਊ ਡਾਇਓਸੀਸ ਵਿੱਚ 1945 ਤੋਂ 2022 ਤੱਕ ਸੇਵਾ ਕਰਨ ਵਾਲੇ ਲਗਭਗ 2,400 ਪਾਦਰੀਆਂ ਵਿੱਚੋਂ 6.4 ਪ੍ਰਤੀਸ਼ਤ ਤੇ ਨਾਬਾਲਗਾਂ ਨਾਲ ਦੁਰਵਿਹਾਰ ਦਾ ਸ਼ੱਕ ਹੈ। ਇਨ੍ਹਾਂ ਵਿੱਚੋਂ 128 ਪਾਦਰੀਆਂ ਤੇ ਸਿੱਧੇ ਯੌਨ ਸ਼ੋਸ਼ਣ ਦੇ ਇਲਜ਼ਾਮ ਹਨ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ 86 ਪ੍ਰਤੀਸ਼ਤ ਸ਼ੱਕੀ ਪਾਦਰੀ ਅਜਿਹੇ ਸਨ ਜਿਨ੍ਹਾਂ ਨੇ ਇਹ ਕੰਮ ਪਹਿਲੀ ਵਾਰ ਨਹੀਂ ਕੀਤਾ ਸੀ। ਉਹ ਵਾਰ-ਵਾਰ ਅਜਿਹਾ ਕਰਦੇ ਰਹੇ।



ਇਹ ਤਿੰਨ ਸਾਲਾਂ ਦੀ ਖੋਜ ਹੈ ਜਿਸ ਨੂੰ ਪਾਸਾਊ ਯੂਨੀਵਰਸਿਟੀ ਦੀ ਟੀਮ ਨੇ ਪੂਰਾ ਕੀਤਾ। ਖੋਜ ਦੇ ਮੁਖੀ ਮਾਰਕ ਫੌਨ ਕਲੌਰਿੰਗ ਨੇ ਕਿਹਾ, 'ਜੋ ਵੀ ਹੋਇਆ ਉਹ ਕਦੇ ਨਹੀਂ ਹੋਣਾ ਚਾਹੀਦਾ ਸੀ। ਪੀੜਤਾਂ ਉਪਰ ਇਸ ਦਾ ਬੁਰਾ ਅਸਰ ਪੂਰੀ ਜ਼ਿੰਦਗੀ ਰਹਿੰਦਾ ਹੈ।' ਪਾਸਾਊ ਦੇ ਬਿਸ਼ਪ ਸਟੀਫਨ ਓਸਟਰ ਨੇ ਰਿਪੋਰਟ ਤੇ ਪ੍ਰਤੀਕਿਰਿਆ ਦਿੰਦੇ ਹੋਏ ਇਸ ਨੂੰ ਚਰਚ ਦੀ 'ਵੱਡੀ ਨਾਕਾਮੀ' ਦੱਸਿਆ ਅਤੇ ਕਿਹਾ, 'ਮੈਂ ਸਿਰਫ਼ ਮੁਆਫ਼ੀ ਮੰਗ ਸਕਦਾ ਹਾਂ ਅਤੇ ਚੁੱਪੀ ਵਾਲੀ ਸੰਸਕ੍ਰਿਤੀ ਨੂੰ ਬਦਲਣ ਦੀ ਜ਼ਰੂਰਤ ਹੈ।'

ਇਹ ਘਟਨਾ ਜਰਮਨੀ ਵਿੱਚ ਚਰਚ ਨਾਲ ਜੁੜੇ ਦੁਰਵਿਹਾਰ ਦੇ ਵੱਡੇ ਸਕੈਂਡਲਾਂ ਦੀ ਇੱਕ ਕੜੀ ਹੈ। 2018 ਵਿੱਚ ਇੱਕ ਰਾਸ਼ਟਰੀ ਪੱਧਰ ਦੀ ਵੱਡੇ ਅਧਿਐਨ ਨੇ ਜਰਮਨੀ ਭਰ ਵਿੱਚ ਕੈਥੋਲਿਕ ਚਰਚਾਂ ਵਿੱਚ ਹਜ਼ਾਰਾਂ ਯੌਨ ਸ਼ੋਸ਼ਣ ਦੇ ਮਾਮਲੇ ਖੋਲ੍ਹੇ ਸਨ। ਉਸ ਅਧਿਐਨ ਵਿੱਚ 1946 ਤੋਂ 2014 ਤੱਕ 3,677 ਮਾਮਲੇ ਸਾਹਮਣੇ ਆਏ ਸਨ ਜਿਨ੍ਹਾਂ ਨੇ ਚਰਚ ਦੀ ਵਿਸ਼ਵਾਸਯੋਗਤਾ ਨੂੰ ਵੱਡਾ ਝਟਕਾ ਦਿੱਤਾ ਸੀ।

ਹੁਣ ਸਵਾਲ ਇਹ ਹੈ ਕਿ ਜਰਮਨ ਚਰਚਾਂ ਨੇ ਦਹਾਕਿਆਂ ਤੱਕ ਨਾਬਾਲਗਾਂ ਨਾਲ ਅਜਿਹਾ ਦੁਰਵਿਹਾਰ ਕਿਉਂ ਕੀਤਾ? ਰਿਪੋਰਟ ਅਤੇ ਪਿਛਲੇ ਅਧਿਐਨਾਂ ਵਿੱਚ ਇਸ ਦੇ ਕਈ ਕਾਰਨ ਦੱਸੇ ਗਏ ਹਨ। ਪਹਿਲਾ ਵੱਡਾ ਕਾਰਨ ਚਰਚ ਵਿੱਚ ਚੱਲੀ ਚੁੱਪੀ ਅਤੇ ਦਬਾਅ ਵਾਲੀ ਸੰਸਕ੍ਰਿਤੀ ਹੈ। ਪਾਦਰੀਆਂ ਨੂੰ ਬਹੁਤ ਤਾਕਤ ਅਤੇ ਅਧਿਕਾਰ ਮਿਲਿਆ ਹੁੰਦਾ ਹੈ ਅਤੇ ਉਹਨਾਂ ਨੂੰ ਚੁਣੌਤੀ ਦੇਣਾ ਮੁਸ਼ਕਲ ਹੁੰਦਾ ਹੈ। ਬਹੁਤ ਵਾਰ ਪੀੜਤਾਂ ਨੂੰ ਚੁੱਪ ਰਹਿਣ ਲਈ ਮਜਬੂਰ ਕੀਤਾ ਜਾਂਦਾ ਸੀ ਜਾਂ ਉਹਨਾਂ ਨੂੰ ਨਹੀਂ ਮੰਨਿਆ ਜਾਂਦਾ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਚਰਚ ਨੇ ਅਕਸਰ ਗਲਤੀਆਂ ਨੂੰ ਢੱਕਣ ਦੀ ਕੋਸ਼ਿਸ਼ ਕੀਤੀ ਅਤੇ ਪਾਦਰੀਆਂ ਨੂੰ ਸਜ਼ਾ ਦੇਣ ਦੀ ਬਜਾਏ ਨਵੇਂ ਥਾਂ ਭੇਜ ਦਿੱਤਾ ਜਾਂਦਾ ਸੀ ਜਿੱਥੇ ਉਹ ਫਿਰ ਅਜਿਹਾ ਕਰਦੇ ਰਹਿੰਦੇ ਸਨ। ਇਹ ਸੰਸਥਾਗਤ ਨਾਕਾਮੀ ਹੈ ਜਿੱਥੇ ਤਾਕਤ ਵਾਲੇ ਲੋਕ ਆਪਣੇ ਗਲਤ ਕੰਮਾਂ ਨੂੰ ਲੁਕਾਉਂਦੇ ਰਹੇ। ਖੋਜਕਰਤਾਵਾਂ ਨੇ ਇਹ ਵੀ ਕਿਹਾ ਹੈ ਕਿ ਚਰਚ ਵਿੱਚ ਬੱਚਿਆਂ ਦੀ ਸੁਰੱਖਿਆ ਲਈ ਕੋਈ ਮਜ਼ਬੂਤ ਨਿਯਮ ਨਹੀਂ ਸਨ ਅਤੇ ਰਿਪੋਰਟਿੰਗ ਸਿਸਟਮ ਵੀ ਕਮਜ਼ੋਰ ਸੀ। ਇਹ ਸਭ ਕਾਰਨ ਮਿਲ ਕੇ ਦਹਾਕਿਆਂ ਤੱਕ ਅਜਿਹੇ ਕੰਮਾਂ ਨੂੰ ਚੱਲਣ ਦਿੱਤਾ।ਕੌਣ ਜ਼ਿੰਮੇਵਾਰ ਹੈ? ਰਿਪੋਰਟ ਵਿੱਚ ਸਿੱਧੇ ਤੌਰ 'ਤੇ 154 ਪਾਦਰੀਆਂ ਨੂੰ ਜ਼ਿੰਮੇਵਾਰ ਦੱਸਿਆ ਗਿਆ ਹੈ ਜਿਨ੍ਹਾਂ ਨੇ ਯੌਨ ਸ਼ੋਸ਼ਣ ਅਤੇ ਹਿੰਸਾ ਕੀਤੀ। ਪਰ ਇਹ ਸਿਰਫ਼ ਉਹ ਨਹੀਂ ਹਨ। ਚਰਚ ਦੇ ਉੱਚ ਅਧਿਕਾਰੀ ਜਿਵੇਂ ਬਿਸ਼ਪ ਅਤੇ ਆਰਚਬਿਸ਼ਪ ਵੀ ਜ਼ਿੰਮੇਵਾਰ ਹਨ ਕਿਉਂਕਿ ਉਹਨਾਂ ਨੇ ਇਹਨਾਂ ਮਾਮਲਿਆਂ ਨੂੰ ਢੱਕਿਆ ਅਤੇ ਪਾਦਰੀਆਂ ਨੂੰ ਸਜ਼ਾ ਨਹੀਂ ਦਿੱਤੀ। ਉਦਾਹਰਨ ਵਜੋਂ, ਪਿਛਲੇ ਸਕੈਂਡਲਾਂ ਵਿੱਚ ਜਰਮਨੀ ਦੇ ਕਈ ਬਿਸ਼ਪਾਂ ਤੇ ਇਲਜ਼ਾਮ ਲੱਗੇ ਹਨ ਕਿ ਉਹਨਾਂ ਨੇ ਪੀੜਤਾਂ ਨੂੰ ਨਹੀਂ ਸੁਣਿਆ ਅਤੇ ਤਾਕਤ ਵਾਲੇ ਪਾਦਰੀਆਂ ਨੂੰ ਬਚਾਇਆ। ਪਾਸਾਊ ਵਿੱਚ ਵੀ ਰਿਪੋਰਟ ਨੇ ਕਿਹਾ ਹੈ ਕਿ ਚਰਚ ਅਧਿਕਾਰੀਆਂ ਅਤੇ ਗੈਰ-ਚਰਚ ਵਾਲੇ ਵਿਅਕਤੀਆਂ ਨੇ ਵੀ ਗਲਤੀਆਂ ਕੀਤੀਆਂ।

(ਬਾਕੀ ਸਫ਼ਾ 27 'ਤੇ)

# ਬ੍ਰਿਟਿਸ਼ ਸਿੱਖ ਕੈਪਟਨ ਨੂੰ ਪ੍ਰਿੰਸੈੱਸ ਰਾਇਲ ਐਨ. ਨੇ ਓ.ਬੀ.ਈ. ਐਵਾਰਡ ਨਾਲ ਕੀਤਾ ਸਨਮਾਨਿਤ

## ਸਿੱਖਾਂ ਦੇ ਫ਼ੌਜੀ ਇਤਿਹਾਸ ਨੂੰ ਜਿਉਂਦਾ ਰੱਖਣ ਵਿੱਚ ਵੱਡਾ ਯੋਗਦਾਨ ਪਾਇਆ

ਲੰਡਨ/ਏ.ਟੀ.ਨਿਊਜ਼: ਪੰਜਾਬ ਅਤੇ ਸਿੱਖ ਕੌਮ ਲਈ ਇਹ ਇੱਕ ਬਹੁਤ ਵੱਡੀ ਮਾਣ ਵਾਲੀ ਘੜੀ ਹੈ। ਬ੍ਰਿਟਿਸ਼ ਆਰਮੀ ਦੇ ਰਿਜ਼ਰਵਿਸਟ ਕੈਪਟਨ ਜੇ (ਜਗਜੀਤ) ਸਿੰਘ ਸੋਹਲ ਨੂੰ ਬ੍ਰਿਟੇਨ ਦੀ ਰਾਜਕੁਮਾਰੀ ਐਨ ਨੇ ਵੱਲੋਂ ਸੇਂਟ ਜੇਮਜ਼ ਪੈਲੇਸ ਵਿੱਚ ਵੱਕਾਰੀ ਓਬੀਈ (ਆਫ਼ੀਸਰ ਆਫ਼ ਦਿ ਆਰਡਰ ਆਫ਼ ਦਿ ਬ੍ਰਿਟਿਸ਼ ਐਂਪਾਇਰ) ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਐਵਾਰਡ ਉਨ੍ਹਾਂ ਨੂੰ ਪਹਿਲੀ ਵਿਸ਼ਵ ਜੰਗ ਵਿੱਚ ਬ੍ਰਿਟੇਨ ਲਈ ਲੜਨ ਵਾਲੇ ਕਾਮਨਵੈਲਥ ਸਿਪਾਹੀਆਂ ਦੀ ਯਾਦ ਨੂੰ ਜਿਊਂਦਾ ਰੱਖਣ ਲਈ ਉਨ੍ਹਾਂ ਦੀਆਂ ਵਿਸ਼ੇਸ਼ ਸੇਵਾਵਾਂ ਲਈ ਦਿੱਤਾ ਗਿਆ ਹੈ।

ਕੈਪਟਨ ਜੇ ਸਿੰਘ ਸੋਹਲ ਦੀਆਂ ਜੜ੍ਹਾਂ ਪੰਜਾਬ ਨਾਲ ਡੂੰਘੀਆਂ ਜੁੜੀਆਂ ਹਨ। ਉਨ੍ਹਾਂ ਦੇ ਪਿਤਾ ਜੀ ਦੇ ਦਾਦਾ-ਦਾਦੀ ਜਲੰਧਰ ਜ਼ਿਲ੍ਹੇ ਦੇ ਫ਼ਿਲੌਰ ਨੇੜੇ ਸੰਗ ਢੇਸੀਆਂ ਪਿੰਡ ਤੋਂ ਬ੍ਰਿਟੇਨ ਆ ਕੇ ਵੱਸੇ ਸਨ, ਜਦਕਿ ਨਾਨਾ-ਨਾਨੀ ਕਪੂਰਥਲਾ ਜ਼ਿਲ੍ਹੇ ਤੋਂ ਸਨ। ਬਰਮਿੰਘਮ ਵਿੱਚ ਜਨਮੇ 42 ਸਾਲਾ ਕੈਪਟਨ ਸਿੰਘ-ਸੋਹਲ ਰਾਇਲ ਸਟਨ ਕੋਲਡਫ਼ੀਲਡ ਦੇ ਨਿਵਾਸੀ ਹਨ ਅਤੇ ਪਿਛਲੇ 16 ਸਾਲਾਂ ਤੋਂ ਬ੍ਰਿਟਿਸ਼ ਆਰਮੀ ਰਿਜ਼ਰਵਿਸਟ ਵਜੋਂ ਸੇਵਾ ਨਿਭਾ ਰਹੇ ਹਨ। ਉਹ ਇੱਕ ਸਟ੍ਰੈਟੈਜਿਕ ਕਮਿਊਨੀਕੇਸ਼ਨਜ਼ ਮਾਹਿਰ ਵੀ ਹਨ।

ਇਸ ਅਵਾਰਡ ਦੀ ਸਭ ਤੋਂ ਵੱਡੀ ਵਜ੍ਹਾ ਕੈਪਟਨ ਸਿੰਘ ਸੋਹਲ ਦਾ ਉਹ ਮਹਾਨ ਕੰਮ ਹੈ ਜਿਸ ਵਿੱਚ ਉਨ੍ਹਾਂ ਨੇ ਬ੍ਰਿਟੇਨ ਵਿੱਚ ਪਹਿਲੀ ਵਾਰ ਸਿੱਖ ਸਿਪਾਹੀਆਂ ਨੂੰ ਸਮਰਪਿਤ ਇੱਕ ਰਾਸ਼ਟਰੀ ਯਾਦਗਾਰ ਸਥਾਪਿਤ ਕੀਤੀ। ਇਹ ਯਾਦਗਾਰ 2015 ਵਿੱਚ ਸਟਾਫ਼ੋਰਡਸ਼ਾਇਰ ਵਿੱਚ ਨੈਸ਼ਨਲ ਮੈਮੋਰੀਅਲ ਆਰਬੋਰੇਟਮ ਵਿਖੇ ਬਣਾਈ ਗਈ ਸੀ। ਇਹ ਜਗ੍ਹਾ ਬ੍ਰਿਟੇਨ ਦੀ ਯਾਦਗਾਰੀਆਂ ਦਾ ਕੇਂਦਰ ਹੈ, ਜਿੱਥੇ 400 ਤੋਂ ਵੱਧ ਯਾਦਗਾਰਾਂ ਹਨ। ਇਸ ਤੋਂ ਪਹਿਲਾਂ ਇੱਥੇ ਸਿੱਖ




ਸਿਪਾਹੀਆਂ ਲਈ ਕੋਈ ਵਿਸ਼ੇਸ਼ ਯਾਦਗਾਰ ਨਹੀਂ ਸੀ। ਕੈਪਟਨ ਸਿੰਘ ਸੋਹਲ ਨੇ ਇਸ ਨੂੰ ਬਣਵਾਉਣ ਲਈ ਫ਼ੰਡ ਇਕੱਠਾ ਕੀਤਾ ਅਤੇ ਲੋਕਾਂ ਨੂੰ ਜਾਗਰੂਕ ਕੀਤਾ। ਇਹ ਯਾਦਗਾਰ ਇੱਕ ਵੱਡੀ ਯਾਦਗਾਰ ਹੈ ਜੋ ਪਹਿਲੀ ਵਿਸ਼ਵ ਜੰਗ ਵਿੱਚ ਲੜੇ ਸਿੱਖ ਸੈਨਿਕਾਂ ਦੀ ਬਹਾਦਰੀ ਨੂੰ ਦਰਸਾਉਂਦੀ ਹੈ।

ਪਹਿਲੀ ਵਿਸ਼ਵ ਜੰਗ ਵਿੱਚ ਸਿੱਖ ਸਿਪਾਹੀਆਂ ਨੇ ਬਹੁਤ ਵੱਡਾ ਯੋਗਦਾਨ ਪਾਇਆ ਸੀ। ਪਹਿਲੀ ਵਿਸ਼ਵ ਜੰਗ ਸ਼ੁਰੂ ਹੋਣ ਵੇਲੇ (1914 ਵਿੱਚ) ਬ੍ਰਿਟਿਸ਼ ਇੰਡੀਅਨ ਆਰਮੀ ਵਿੱਚ ਸਿੱਖਾਂ ਦਾ ਹਿੱਸਾ 20% ਤੋਂ ਵੱਧ ਸੀ (ਕਈ ਇਤਿਹਾਸਕ ਸਰੋਤਾਂ ਮੁਤਾਬਕ 20-22%)। ਜਦਕਿ ਉਸ ਵੇਲੇ ਬ੍ਰਿਟਿਸ਼ ਭਾਰਤ ਦੀ ਕੁੱਲ ਆਬਾਦੀ ਵਿੱਚ ਸਿੱਖਾਂ ਦਾ ਹਿੱਸਾ ਸਿਰਫ਼ 1% ਤੋਂ 2% ਦੇ ਵਿਚਕਾਰ ਸੀ।ਯਾਨੀ ਸਿੱਖ ਆਬਾਦੀ ਦੇ ਹਿਸਾਬ ਨਾਲ ਬਹੁਤ ਘੱਟ ਸਨ, ਪਰ ਫ਼ੌਜ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਜ਼ਿਆਦਾ ਸੀ। ਇਹ ਬ੍ਰਿਟਿਸ਼ਾਂ ਦੀ 'ਮਾਰਸ਼ਲ ਰੇਸ' ਨੀਤੀ ਕਾਰਨ ਹੋਇਆ, ਜਿਸ ਵਿੱਚ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਬਹਾਦਰ ਮੰਨ ਕੇ ਜ਼ਿਆਦਾ ਭਰਤੀ ਕੀਤਾ ਜਾਂਦਾ ਸੀ।

ਜੰਗ ਦੌਰਾਨ ਲੱਗਭਗ 1.3 ਤੋਂ 1.5 ਲੱਖ ਸਿੱਖ ਸਿਪਾਹੀਆਂ ਨੇ ਸੇਵਾ ਕੀਤੀ ਅਤੇ ਹਜ਼ਾਰਾਂ ਨੇ ਜਾਨਾਂ ਕੁਰਬਾਨ ਕੀਤੀਆਂ। 1.30 ਲੱਖ ਤੋਂ ਵੱਧ ਸਿੱਖ ਸਿਪਾਹੀਆਂ ਨੇ ਲੜਾਈ ਵਿੱਚ ਹਿੱਸਾ ਲਿਆ ਅਤੇ ਲੱਖਾਂ ਨੇ ਆਪਣੀ ਜਾਨ ਕੁਰਬਾਨ ਕੀਤੀ। ਉਨ੍ਹਾਂ ਨੂੰ ਬਹਾਦਰੀ ਦੇ ਬਹੁਤ ਸਾਰੇ ਮੈਡਲ ਮਿਲੇ। (ਬਾਕੀ ਸਫ਼ਾ 27 'ਤੇ)

# ਵਿਦੇਸ਼ਾਂ 'ਚ ਸਿਆਸੀ ਏਜੰਡਾ ਬਣ ਗਿਆ ਹੈ ਪਰਵਾਸੀਆਂ ਨਾਲ ਜੁੜਿਆ ਮਾਮਲਾ

## ਯੂਰੋਪ 'ਚ ਸੱਜੇ ਪੱਖੀ ਧਿਰਾਂ ਵੱਲੋਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਬਣਾਉਣ 'ਤੇ ਜ਼ੋਰ

ਲੰਡਨ/ਏ.ਟੀ.ਨਿਊਜ਼: ਬੀਤੇ ਇੱਕ ਵਰ੍ਹੇ ਤੋਂ ਬਰਤਾਨੀਆ ਸਮੇਤ ਕਈ ਯੂਰੋਪੀਅਨ ਮੁਲਕਾਂ 'ਚ ਪਰਵਾਸੀਆਂ ਖ਼ਿਲਾਫ਼ ਪ੍ਰਦਰਸ਼ਨ ਹੋਏ ਹਨ। ਵੱਖ-ਵੱਖ ਮੁਲਕਾਂ ਵੱਲੋਂ ਪਰਵਾਸੀਆਂ ਖ਼ਿਲਾਫ਼ ਸਖ਼ਤ ਕਾਰਵਾਈ ਵਾਲੀਆਂ ਨੀਤੀਆਂ ਬਣਾਈਆਂ ਜਾ ਰਹੀਆਂ ਹਨ। ਲੰਡਨ 'ਚ ਲੱਖਾਂ ਲੋਕਾਂ ਨੇ ਮਾਰਚ ਕਰਦਿਆਂ 'ਪਰਵਾਸੀਆਂ ਨੂੰ ਘਰੇ ਭੇਜੋ' ਦੇ ਨਾਅਰੇ ਲਾਏ ਸਨ। ਪਰਵਾਸੀਆਂ ਨਾਲ ਜੁੜਿਆ ਮਾਮਲਾ ਹੁਣ ਸਿਆਸੀ ਏਜੰਡਾ ਬਣ ਗਿਆ ਹੈ ਅਤੇ ਸੱਜੇ ਪੱਖੀ ਧਿਰਾਂ ਆਪਣੇ ਸਟੈਂਡ ਕਾਰਨ ਮੂਲਵਾਸੀਆਂ 'ਚ ਮਕਬੂਲ ਹੋ ਰਹੀਆਂ ਹਨ।ਰਿਫਾਰਮ ਯੂ ਕੇ, ਐਲਾਇੰਸ ਫਾਰ ਜਰਮਨੀ ਅਤੇ ਫਰਾਂਸ ਦੀ ਨੈਸ਼ਨਲ ਰੈਲੀ ਵੱਲੋਂ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਦੀ ਹਮਾਇਤ ਕੀਤੀ ਜਾ ਰਹੀ ਹੈ ਅਤੇ ਪਰਵਾਸੀਆਂ ਨੂੰ ਕੌਮੀ ਪਛਾਣ ਲਈ ਖਤਰਾ ਦੱਸਿਆ ਜਾ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸੋਮਾਲੀ ਪਰਵਾਸੀਆਂ ਨੂੰ 'ਕੂੜਾ' ਅਤੇ ਸੁਰੱਖਿਆ ਲਈ ਖਤਰਾ ਦੱਸੇ ਜਾਣ ਮਗਰੋਂ ਯੂਰੋਪੀਅਨ ਮੁਲਕਾਂ 'ਚ ਪਰਵਾਸੀਆਂ ਖ਼ਿਲਾਫ਼ ਆਵਾਜ਼ ਬੁਲੰਦ ਹੋ ਗਈ ਹੈ।

ਕੁਈਨਜ਼ ਯੂਨੀਵਰਸਿਟੀ ਬੇਲਫਾਸਟ 'ਚ ਬਰਤਾਨਵੀ ਇਤਿਹਾਸ ਦੀ ਲੈਕਚਰਾਰ ਕਾਇਰੇਨ ਕੋਨੈਲ ਨੇ ਕਿਹਾ ਕਿ ਧੁਰ ਸੱਜੇ ਪੱਖੀ ਸਿਆਸਤ ਮੁੱਖ ਚਰਚਾ ਦਾ ਵਿਸ਼ਾ ਬਣ ਗਈ ਹੈ। ਅਫ਼ਰੀਕਾ, ਮੱਧ ਪੂਰਬ ਅਤੇ ਯੂਕਰੇਨ 'ਚ ਜੰਗਾਂ ਕਾਰਨ ਲੋਕ ਦਰ-ਬਦਰ ਹੋ ਕੇ ਯੂਰੋਪ ਦਾ ਰੁਖ਼ ਕਰ ਰਹੇ ਹਨ ਅਤੇ ਪਰਵਾਸੀਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ।

# ਸਿੱਖ ਚੈਂਬਰ ਆਫ ਕਾਮਰਸ ਵੱਲੋਂ ਰਿਲਾਇੰਸ ਇੰਡਸਟ੍ਰੀਜ਼, ਨੈੱਟਵਰਕ 18, ਅੰਬਾਨੀ ਪਰਿਵਾਰ ਨੂੰ ਨੋਟਿਸ ਜਾਰੀ

ਨਵੀਂ ਦਿੱਲੀ/ਏ.ਟੀ.ਨਿਊਜ਼: ਸਿੱਖ ਚੈਂਬਰ ਆਫ ਕਾਮਰਸ (ਆਈ.ਐਸ.ਸੀ.ਸੀ.) ਨੇ ਰਿਲਾਇੰਸ ਇੰਡਸਟ੍ਰੀਜ਼, ਨੈੱਟਵਰਕ 18, ਅੰਬਾਨੀ ਪਰਿਵਾਰ ਅਤੇ ਨਿਊਜ਼ੀਲੈਂਡ ਸਰਕਾਰ ਵਿਰੁੱਧ 8 ਟ੍ਰਿਲੀਅਨ ਅਮਰੀਕੀ ਡਾਲਰ ਦਾ ਕਾਨੂੰਨੀ ਨੋਟਿਸ ਜਾਰੀ ਕੀਤਾ ਹੈ। ਇਹ ਕਾਰਵਾਈ ਫਰਸਟਪੋਸਟ ਅਤੇ ਸੀ.ਐਨ.ਐਨ. ਨਿਊਜ਼ 18 ਵੱਲੋਂ 18 ਮਾਰਚ 2025 ਨੂੰ ਕੀਤੇ ਗਏ ਪ੍ਰਸਾਰਣ ਤੋਂ ਬਾਅਦ ਆਈ ਹੈ, ਜਿਸ ਵਿੱਚ ਸਿੱਖਾਂ ਦੀ ਸ਼ਾਂਤੀਪੂਰਨ ਰੈਫਰੈਂਡਮ ਭਾਗੀਦਾਰੀ ਦੀ ਤੁਲਨਾ ਅਲ-ਕਾਇਦਾ ਅਤੇ ਆਈਸਿਸ ਵਰਗੀਆਂ ਆਤੰਕੀ ਸੰਸਥਾਵਾਂ ਨਾਲ ਕੀਤੀ ਗਈ ਸੀ। ਆਈ.ਐਸ.ਸੀ.ਸੀ ਨੇ ਦਾਅਵਾ ਕੀਤਾ ਹੈ ਕਿ ਇਸ ਪ੍ਰਸਾਰਣ ਨੇ ਵਿਸ਼ਵ ਪੱਧਰ 'ਤੇ 25-30 ਮਿਲੀਅਨ ਸਿੱਖਾਂ ਨੂੰ ਆਰਥਿਕ, ਮਨੋਵਿਗਿਆਨਕ, ਸੁਰੱਖਿਆ ਅਤੇ ਇੱਜ਼ਤੀ ਨੁਕਸਾਨ ਪਹੁੰਚਾਇਆ ਹੈ।

ਇਹ ਨੋਟਿਸ ਖ਼ਾਸ ਤੌਰ 'ਤੇ ਉਸ ਇੰਟਰਵਿਊ 'ਤੇ ਕੇਂਦ੍ਰਿਤ ਹੈ ਜਿਸ ਵਿੱਚ ਫਰਸਟਪੋਸਟ ਦੀ ਮੈਨੇਜਿੰਗ ਐਡੀਟਰ ਪਾਲਕੀ ਸ਼ਰਮਾ ਉਪਾਧਿਆਏ ਨੇ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨੂੰ ਪੁੱਛਿਆ ਸੀ ਕਿ ਜੇ ਅਲ-ਕਾਇਦਾ ਜਾਂ ਆਈਸਿਸ ਨਿਊਜ਼ੀਲੈਂਡ ਵਿੱਚ ਰੈਫਰੈਂਡਮ ਦੀ ਮੰਗ ਕਰਦੇ ਤਾਂ ਕੀ ਉਹ ਇਸੇ ਤਰ੍ਹਾਂ ਜਵਾਬ ਦਿੰਦੇ। ਇਸ ਤੋਂ ਤੁਰੰਤ ਬਾਅਦ ਉਨ੍ਹਾਂ ਨੇ ਗੁਰਦੁਆਰੇ ਦੀ ਯਾਤਰਾ ਨਾਲ ਇਸਦੀ ਜੋੜਤੋੜ ਕੀਤੀ, ਜਿਸ ਨਾਲ ਗੁਰਦੁਆਰਿਆਂ ਨੂੰ ਆਤੰਕਵਾਦ ਨਾਲ ਜੋੜਨ ਦੀ ਗੰਭੀਰ ਅਤੇ ਨਿੰਦਣਯੋਗ ਛਾਪ ਪਈ। ਆਈ.ਐਸ.ਸੀ.ਸੀ ਨੇ ਇਸਨੂੰ ਸਿੱਖ ਧਰਮ ਦੀ ਸਭ ਤੋਂ ਵੱਡੀ ਬੇਇਜ਼ਤੀ ਅਤੇ ਖ਼ਤਰਨਾਕ ਗਲਤ ਜਾਣਕਾਰੀ ਦਾ ਹਿੱਸਾ ਕਰਾਰ ਦਿੱਤਾ ਹੈ। ਨੋਟਿਸ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਇਹ ਪ੍ਰਸਾਰਣ ਇੱਕ ਯੋਜਨਾਬੱਧ, ਬਹੁ-ਫਾਰਮੈਟ ਮੁਹਿੰਮ ਸੀ ਜਿਸਦਾ ਮਕਸਦ ਵਾਇਰਲ ਕਲਿੱਪਾਂ ਰਾਹੀਂ ਨਫ਼ਰਤ ਨੂੰ ਵਧਾਉਣਾ ਸੀ।

ਆਈ.ਐਸ.ਸੀ.ਸੀ ਨੇ ਅੰਬਾਨੀ ਪਰਿਵਾਰ, ਰਿਲਾਇੰਸ ਇੰਡਸਟ੍ਰੀਜ਼, ਨੈੱਟਵਰਕ 18 ਦੇ ਪ੍ਰਬੰਧਕਾਂ ਅਤੇ ਨਿਊਜ਼ੀਲੈਂਡ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਨੋਟਿਸ ਵਿੱਚ ਦਰਸਾਇਆ ਗਿਆ ਹੈ ਕਿ ਇਸ ਪ੍ਰਸਾਰਣ ਕਾਰਨ ਸਿੱਖਾਂ ਵਿਰੁੱਧ ਘ੍ਰਿਣਾ ਭਾਸ਼ਣ, ਆਨਲਾਈਨ ਦੁਰਵਿਵਹਾਰ, ਰੋਜ਼ਗਾਰ ਅਤੇ ਸਕੂਲਾਂ ਵਿੱਚ ਭੇਦਭਾਵ ਅਤੇ ਗੁਰਦੁਆਰਿਆਂ ਦੀ ਸੁਰੱਖਿਆ ਲਈ ਖ਼ਤਰੇ ਵਧੇ ਹਨ। ਆਈ.ਐਸ.ਸੀ.ਸੀ ਨੇ 15 ਦਿਨਾਂ ਵਿੱਚ 8 ਟ੍ਰਿਲੀਅਨ ਡਾਲਰ ਦੀ ਭੁਗਤਾਨੀ, ਪ੍ਰਾਈਮ ਟਾਈਮ 'ਤੇ 15 ਮਿੰਟ ਦੀ ਮਾਫ਼ੀ, ਅਖ਼ਬਾਰਾਂ ਵਿੱਚ ਪੂਰੇ ਪੰਨੇ ਦੀ ਮਾਫ਼ੀ ਅਤੇ ਡਿਜ਼ਿਟਲ ਪਲੇਟਫਾਰਮਾਂ 'ਤੇ ਸੱਤ ਦਿਨਾਂ ਲਈ ਬੈਨਰ ਮਾਫ਼ੀ ਦੀ ਮੰਗ ਕੀਤੀ ਹੈ। ਆਈ.ਐਸ.ਸੀ.ਸੀ. ਦੇ ਚੇਅਰਮੈਨ ਅਗਨੋਸਟਸ ਥਿਓਸ ਨੇ ਕਿਹਾ ਕਿ ਸਿੱਖਾਂ ਨੂੰ ਆਈਸਿਸ ਜਾਂ ਅਲ-ਕਾਇਦਾ ਨਾਲ ਜੋੜਨਾ ਨਾ ਸਿਰਫ਼ ਬਦਨਾਮੀ ਹੈ, ਬਲਕਿ ਇਹ ਲੱਖਾਂ ਲੋਕਾਂ ਦੀ ਜ਼ਿੰਦਗੀ ਨੂੰ ਖ਼ਤਰੇ ਵਿੱਚ ਪਾਉਂਦਾ ਹੈ।

# ਯੂ.ਕੇ. ਨੇ ਗੁਰਪ੍ਰੀਤ ਸਿੰਘ ਰੀਹਲ 'ਤੇ ਲਗਾਈਆਂ ਸਖ਼ਤ ਪਾਬੰਦੀਆਂ, ਵਿਸ਼ਵ ਭਰ ਦੇ ਸਿੱਖਾਂ ਵਿੱਚ ਰੋਸ

## 200 ਤੋਂ ਵੱਧ ਸਿੱਖ ਜਥੇਬੰਦੀਆਂ ਵੱਲੋਂ ਬਰਤਾਨੀਆ ਦੇ ਫ਼ੈਸਲੇ ਦੀ ਸਖ਼ਤ ਨਿੰਦਾ

## ਕਿਹਾ ਕਿ ਭਾਰਤ ਦੇ ਦਬਾਅ ਕਾਰਨ ਸਿੱਖ ਆਵਾਜ਼ ਦਬਾਉਣ ਦੀ ਕੋਸ਼ਿਸ਼

ਬ੍ਰਿਟੇਨ ਦੀ ਸਰਕਾਰ ਨੇ ਹਾਲ ਹੀ ਵਿੱਚ ਇੱਕ ਵੱਡਾ ਫੈਸਲਾ ਲੈਂਦੇ ਹੋਏ ਬ੍ਰਿਟਿਸ਼ ਸਿੱਖ ਕਾਰੋਬਾਰੀ ਗੁਰਪ੍ਰੀਤ ਸਿੰਘ ਰੀਹਲ ਉੱਤੇ ਪਾਬੰਦੀਆਂ ਲਗਾ ਦਿੱਤੀਆਂ ਹਨ। ਇਹ ਪਾਬੰਦੀਆਂ ਯੂ.ਕੇ. ਦੇ ਨਵੇਂ ਡੋਮੈਸਟਿਕ ਕਾਊਂਟਰ-ਟੈਰਰਿਜ਼ਮ ਨਿਯਮਾਂ ਤਹਿਤ ਲਗਾਈਆਂ ਗਈਆਂ ਹਨ, ਜਿਸ ਵਿੱਚ ਗੁਰਪ੍ਰੀਤ ਦੇ ਸਾਰੇ ਅਸੈੱਟਸ ਨੂੰ ਫ੍ਰੀਜ਼ ਕਰ ਦਿੱਤਾ ਗਿਆ ਹੈ ਅਤੇ ਉਹਨਾਂ ਨੂੰ ਕਿਸੇ ਵੀ ਕੰਪਨੀ ਦੇ ਡਾਇਰੈਕਟਰ ਵਜੋਂ ਕੰਮ ਕਰਨ ਤੋਂ ਵੀ ਰੋਕ ਦਿੱਤਾ ਗਿਆ ਹੈ। ਯੂ.ਕੇ. ਸਰਕਾਰ ਦਾ ਕਹਿਣਾ ਹੈ ਕਿ ਗੁਰਪ੍ਰੀਤ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਜੁੜੇ ਹੋਏ ਹਨ ਅਤੇ ਭਾਰਤ ਵਿੱਚ ਪ੍ਰੋ-ਖਾਲਿਸਤਾਨ ਗਤੀਵਿਧੀਆਂ ਨੂੰ ਫੰਡਿੰਗ ਕਰ ਰਹੇ ਹਨ। ਇਹ ਫੈਸਲਾ ਯੂ.ਕੇ. ਵੱਲੋਂ ਆਪਣੇ ਨਾਗਰਿਕ ਉੱਤੇ ਲਗਾਈ ਗਈ ਪਹਿਲੀ ਅਜਿਹੀ ਪਾਬੰਦੀ ਹੈ, ਜਿਸ ਨੂੰ ਸਰਕਾਰ ਨੇ 'ਲੈਂਡਮਾਰਕ ਐਕਸ਼ਨ' ਕਿਹਾ ਹੈ।

ਪਰ ਇਸ ਫੈਸਲੇ ਨੇ ਵਿਸ਼ਵ ਭਰ ਵਿੱਚ ਰਹਿੰਦੀਆਂ ਸਿੱਖ ਜਥੇਬੰਦੀਆਂ ਵਿੱਚ ਰੋਸ ਪੈਦਾ ਕਰ ਦਿੱਤਾ ਹੈ। 12 ਦੇਸ਼ਾਂ ਅਤੇ ਤਿੰਨ ਮਹਾਂਦੀਪਾਂ ਦੀਆਂ 200 ਤੋਂ ਵੱਧ ਸਿੱਖ ਜਥੇਬੰਦੀਆਂ ਨੇ ਇੱਕ ਸਾਂਝਾ ਬਿਆਨ ਜਾਰੀ ਕਰਕੇ ਇਸ ਫ਼ੈਸਲੇ ਨੂੰ ਬਿਨਾਂ ਨਿਆਂ ਦੀ ਸਜ਼ਾ ਅਤੇ ਨਸਲੀ ਭੇਦਭਾਵ ਕਰਾਰ ਦਿੱਤਾ ਹੈ। ਇਨ੍ਹਾਂ ਜਥੇਬੰਦੀਆਂ ਵਿੱਚ ਇੰਗਲੈਂਡ, ਸਕਾਟਲੈਂਡ, ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨੀਦਰਲੈਂਡ, ਸਪੇਨ, ਜਰਮਨੀ, ਪੁਰਤਗਾਲ, ਫ਼ਰਾਂਸ, ਇਟਲੀ ਅਤੇ ਨਿਊਜ਼ੀਲੈਂਡ ਦੇ ਗੁਰਦੁਆਰੇ ਅਤੇ ਸੰਸਥਾਵਾਂ ਸ਼ਾਮਲ ਹਨ। ਵਿਸ਼ਵ ਸਿੱਖ ਪਾਰਲੀਮੈਂਟ ਅਤੇ ਹੋਰ 200 ਤੋਂ ਵੱਧ ਸਿੱਖ ਸੰਸਥਾਵਾਂ ਨੇ ਸਾਂਝੇ ਬਿਆਨ ਵਿੱਚ ਇਸ ਪਾਬੰਦੀ ਦੀ ਸਖ਼ਤ ਨਿੰਦਾ ਕੀਤੀ ਹੈ। ਉਹਨਾਂ ਨੇ ਕਿਹਾ ਹੈ ਕਿ ਇਹ ਫੈਸਲਾ ਭਾਰਤ ਸਰਕਾਰ ਦੇ ਦਬਾਅ ਕਾਰਨ ਲਿਆ ਗਿਆ ਹੈ ਅਤੇ ਇਸ ਵਿੱਚ ਕਿਸੇ ਵੀ ਕਿਸਮ



ਦੀ ਨਿਰਪੱਖ ਜਾਂਚ ਜਾਂ ਅਦਾਲਤੀ ਪ੍ਰਕਿਰਿਆ ਨਹੀਂ ਅਪਣਾਈ ਗਈ।

(ਬਾਕੀ ਸਫ਼ਾ 26 'ਤੇ)

## ਗੁਰਪ੍ਰੀਤ ਸਿੰਘ ਰੀਹਲ ਕੌਣ ਹੈ ਅਤੇ ਇਹ ਪਾਬੰਦੀਆਂ ਕਿਉਂ ਲਗਾਈਆਂ ਗਈਆਂ ?

ਗੁਰਪ੍ਰੀਤ ਇੱਕ ਬ੍ਰਿਟਿਸ਼ ਨਾਗਰਿਕ ਹੈ ਜੋ ਲੰਡਨ ਵਿੱਚ ਰਹਿੰਦਾ ਹੈ ਅਤੇ ਉਹ ਇੱਕ ਕਾਰੋਬਾਰੀ ਹੈ। ਉਹ ਸਿੱਖ ਕਮਿਊਨਿਟੀ ਵਿੱਚ ਕਾਫ਼ੀ ਜਾਣੇ-ਪਛਾਣੇ ਜਾਂਦੇ ਹਨ ਅਤੇ ਉਹਨਾਂ ਨੇ ਪੰਜਾਬ ਦੇ ਮਸਲਿਆਂ ਉੱਤੇ ਅੰਤਰਰਾਸ਼ਟਰੀ ਪੱਧਰ ਤੇ ਆਵਾਜ਼ ਉਠਾਈ ਹੈ। ਉਹਨਾਂ ਦੀ ਸੰਸਥਾ 'ਸੇਵਿੰਗ ਪੰਜਾਬ' ਪੰਜਾਬ ਵਿੱਚ ਪਾਣੀ ਦੇ ਸੰਕਟ, ਕਿਸਾਨਾਂ ਦੀਆਂ ਸਮੱਸਿਆਵਾਂ ਅਤੇ 1984 ਦੇ ਸਿੱਖ ਨਸਲਕੁਸ਼ੀ ਵਰਗੇ ਮੁੱਦਿਆਂ ਉੱਤੇ ਕੰਮ ਕਰਦੀ ਹੈ। ਗੁਰਪ੍ਰੀਤ ਨੇ ਯੂਰਪ, ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਵਿੱਚ ਕਈ ਸੈਮੀਨਾਰ ਕੀਤੇ ਹਨ ਜਿੱਥੇ ਉਹ ਪੰਜਾਬੀ ਮਸਲਿਆਂ ਨੂੰ ਉਠਾਉਂਦੇ ਰਹੇ ਹਨ। ਉਹਨਾਂ ਨੇ ਸੰਯੁਕਤ ਰਾਸ਼ਟਰ ਵਿੱਚ ਵੀ ਪੰਜਾਬ ਦੇ ਪਾਣੀ ਅਤੇ ਨਸਲਕੁਸ਼ੀ ਵਰਗੇ ਮਸਲਿਆਂ ਉੱਤੇ ਗੱਲ ਕੀਤੀ ਹੈ। ਪਰ ਯੂ.ਕੇ. ਸਰਕਾਰ ਨੇ ਉਹਨਾਂ ਉੱਤੇ ਇਲਜ਼ਾਮ ਲਗਾਇਆ ਹੈ ਕਿ ਉਹ ਬੱਬਰ ਅਕਾਲੀ ਲਹਿਰ ਨਾਮਕ ਗਰੁੱਪ ਨਾਲ ਜੁੜੇ ਹੋਏ ਹਨ ਜੋ ਬੱਬਰ ਖਾਲਸਾ ਨਾਲ ਲਿੰਕ ਹੈ ਅਤੇ ਭਾਰਤ ਵਿੱਚ ਖਾੜਕੂਵਾਦ ਨੂੰ ਫੰਡਿੰਗ ਕਰ ਰਹੇ ਹਨ। ਇਸ ਕਾਰਨ ਉਹਨਾਂ ਦੇ ਅਸੈੱਟਸ ਫ੍ਰੀਜ਼ ਕੀਤੇ ਗਏ ਹਨ ਅਤੇ ਉਹਨਾਂ ਨੂੰ ਕੰਪਨੀ ਮੈਨੇਜਮੈਂਟ ਤੋਂ ਵੀ ਰੋਕ ਦਿੱਤਾ ਗਿਆ ਹੈ।

# ਮਿਲਾਵਟੀ ਦੁੱਧ-ਪਨੀਰ ਦਾ ਗ਼ੈਰ-ਕਾਨੂੰਨੀ ਧੰਦਾ: ਸਿਹਤ ਲਈ ਵੱਡਾ ਖ਼ਤਰਾ

## ਸਰਕਾਰ ਤੇ ਅਫ਼ਸਰਸ਼ਾਹੀ ਦੀ ਚੁੱਪੀ ਤੇ ਮਿਲਾਵਟਖੋਰ ਬੇਖ਼ੌਫ਼

## ਕੈਂਸਰ, ਕਿਡਨੀ ਫੇਲ੍ਹ ਤੇ ਫ਼ੈਟੀ ਲੀਵਰ ਦਾ ਵਧਦਾ ਖਤਰਾ: ਮਿਲਾਵਟੀ ਭੋਜਨ 'ਮੱਠੀ ਜ਼ਹਿਰ'

ਅੱਜ ਕੱਲ੍ਹ ਪੰਜਾਬ ਅਤੇ ਚੰਡੀਗੜ੍ਹ ਵਿੱਚ ਖਾਣ ਪੀਣ ਵਾਲੀਆਂ ਵਸਤਾਂ ਵਿੱਚ ਮਿਲਾਵਟ ਦੀ ਸਮੱਸਿਆ ਬਹੁਤ ਵੱਡੀ ਹੋ ਗਈ ਹੈ। ਖਾਸ ਕਰਕੇ ਦੁੱਧ, ਪਨੀਰ, ਘਿਓ ਅਤੇ ਮਸਾਲੇ ਵਰਗੀਆਂ ਚੀਜ਼ਾਂ ਵਿੱਚ ਨਕਲੀ ਅਤੇ ਖਤਰਨਾਕ ਰਸਾਇਣ ਮਿਲਾਏ ਜਾ ਰਹੇ ਹਨ। ਫ਼ੂਡ ਸੇਫ਼ਟੀ ਐਂਡ ਸਟੈਂਡਰਡ ਅਥਾਰਟੀ ਆਫ਼ ਇੰਡੀਆ (ਐਫ਼ਐੱਸਐੱਸਏਆਈ) ਦੀਆਂ ਰਿਪੋਰਟਾਂ ਅਨੁਸਾਰ, ਪਿਛਲੇ ਤਿੰਨ ਸਾਲਾਂ ਵਿੱਚ ਲਏ ਗਏ ਨਮੂਨਿਆਂ ਵਿੱਚੋਂ ਬਹੁਤ ਸਾਰੇ ਫੇਲ੍ਹ ਹੋਏ ਹਨ। ਇਹ ਮਿਲਾਵਟ ਨਾ ਸਿਰਫ਼ ਲੋਕਾਂ ਦੀ ਸਿਹਤ ਨੂੰ ਖਰਾਬ ਕਰ ਰਹੀ ਹੈ ਬਲਕਿ ਕੈਂਸਰ, ਕਿਡਨੀ ਫੇਲ੍ਹ ਅਤੇ ਫ਼ੈਟੀ ਲੀਵਰ ਵਰਗੀਆਂ ਗੰਭੀਰ ਬਿਮਾਰੀਆਂ ਵਧਾ ਰਹੀ ਹੈ। ਯੂਰਪੀਅਨ ਯੂਨੀਅਨ ਨੇ ਵੀ 2019 ਤੋਂ 2024 ਤੱਕ 400 ਤੋਂ ਵੱਧ ਭਾਰਤੀ ਉਤਪਾਦਾਂ ਨੂੰ ਕੈਂਸਰ ਪੈਦਾ ਕਰਨ ਵਾਲੇ ਪਦਾਰਥਾਂ ਨਾਲ ਦੂਸ਼ਿਤ ਪਾਇਆ ਸੀ।

**ਮਿਲਾਵਟੀ ਅਤੇ ਨਕਲੀ ਦੁੱਧ ਪਦਾਰਥਾਂ ਦਾ ਗੈਰ-ਕਾਨੂੰਨੀ ਧੰਦਾ ਕਿਉਂ ਚੱਲ ਰਿਹਾ ਹੈ?**

ਪੰਜਾਬ ਅਤੇ ਚੰਡੀਗੜ੍ਹ ਵਿੱਚ ਮਿਲਾਵਟੀ ਖਾਣ ਪੀਣ ਵਾਲੀਆਂ ਵਸਤਾਂ ਦਾ ਧੰਦਾ ਬਹੁਤ ਤੇਜ਼ੀ ਨਾਲ ਚੱਲ ਰਿਹਾ ਹੈ । ਵਪਾਰੀ ਘੱਟ ਕੀਮਤ ਵਿੱਚ ਵੱਧ ਮਾਲ ਬਣਾਉਣ ਲਈ ਨਕਲੀ ਚੀਜ਼ਾਂ ਮਿਲਾਉਂਦੇ ਹਨ। ਉਦਾਹਰਣ ਵਜੋਂ, ਦੁੱਧ ਵਿੱਚ ਯੂਰੀਆ, ਡਿਟਰਜੈਂਟ, ਸਟਾਰਚ ਜਾਂ ਫ਼ਾਰਮੈਲਿਨ ਵਰਗੇ ਰਸਾਇਣ ਮਿਲਾਏ ਜਾਂਦੇ ਹਨ ਤਾਂ ਜੋ ਇਹ ਵੱਧ ਮਾਤਰਾ ਵਿੱਚ ਬਣ ਜਾਵੇ। ਪਨੀਰ ਵਿੱਚ ਸਟਾਰਚ ਅਤੇ ਸੁਕਰੋਜ਼ ਮਿਲਾਇਆ ਜਾਂਦਾ ਹੈ ਜੋ ਇਸ ਨੂੰ ਸਸਤਾ ਬਣਾਉਂਦਾ ਹੈ ਪਰ ਖਤਰਨਾਕ ਵੀ। ਐਫ਼.ਐੱਸ.ਐੱਸ.ਏ.ਆਈ. ਦੀ ਰਿਪੋਰਟ ਅਨੁਸਾਰ, ਚੰਡੀਗੜ੍ਹ ਵਿੱਚ ਪਿਛਲੇ ਤਿੰਨ ਸਾਲਾਂ ਵਿੱਚ ਲਏ ਗਏ ਨਮੂਨਿਆਂ ਵਿੱਚੋਂ ਹਰ ਤੀਜਾ ਨਮੂਨਾ ਫੇਲ੍ਹ ਹੋਇਆ ਹੈ। 2022-23 ਵਿੱਚ 23 ਨਮੂਨਿਆਂ ਵਿੱਚੋਂ 6 ਫੇਲ੍ਹ ਹੋਏ, 2023-24 ਵਿੱਚ 40 ਵਿੱਚੋਂ 17 ਅਤੇ 2024-25 ਵਿੱਚ 36 ਵਿੱਚੋਂ 19 ਫੇਲ੍ਹ ਹੋ ਚੁੱਕੇ ਹਨ। ਇਹ ਅੰਕੜੇ ਦੱਸਦੇ ਹਨ ਕਿ ਮਿਲਾਵਟ ਵਧ ਰਹੀ ਹੈ।

ਪੰਜਾਬ ਵਿੱਚ ਵੀ ਹਾਲਾਤ ਬਹੁਤ ਖਰਾਬ ਹਨ। ਪੰਜਾਬ ਫ਼ੂਡ ਅਥਾਰਟੀ ਨੇ ਹਾਲ ਹੀ ਵਿੱਚ ਖਨੇਵਾਲ ਵਿੱਚ ਮਿਲਾਵਟੀ ਦੁੱਧ ਨੂੰ ਨਸ਼ਟ ਕੀਤਾ ਹੈ ਅਤੇ ਕਈ ਫ਼ੈਕਟਰੀਆਂ 'ਤੇ ਛਾਪੇ ਮਾਰੇ ਹਨ। ਪਿਛਲੇ ਤਿੰਨ ਸਾਲਾਂ ਵਿੱਚ 20,988 ਨਮੂਨਿਆਂ ਵਿੱਚੋਂ 3,712 ਫੇਲ੍ਹ ਹੋਏ ਹਨ। ਲੂਜ਼ ਮਿਲਕ ਦੇ 13.6% ਅਤੇ ਘਿਓ ਦੇ 21.4% ਨਮੂਨੇ ਗੈਰ-ਮਿਆਰੀ ਪਾਏ ਗਏ ਹਨ। ਪੰਜਾਬ ਵਿੱਚ ਪਨੀਰ ਅਤੇ ਦੇਸੀ ਘਿਓ ਵਿੱਚ ਸਭ ਤੋਂ ਵੱਧ ਮਿਲਾਵਟ ਹੈ। ਸਿਹਤ ਮੰਤਰੀ ਨੇ ਵੀ ਇਸ ਨੂੰ ਮੰਨਿਆ ਹੈ ਕਿ ਨੇੜੇ 50% ਪਨੀਰ ਨਕਲੀ ਹੈ।

ਗੁਆਂਢੀ ਸੂਬੇ ਹਰਿਆਣਾ ਅਤੇ ਰਾਜਸਥਾਨ ਵਿੱਚ ਵੀ ਇਹੀ ਹਾਲ ਹੈ। ਹਰਿਆਣਾ ਵਿੱਚ ਪਿਛਲੇ ਤਿੰਨ ਸਾਲਾਂ ਵਿੱਚ 1,451 ਨਮੂਨਿਆਂ ਵਿੱਚੋਂ ਜ਼ਿਆਦਾਤਰ ਫੇਲ੍ਹ ਹੋਏ ਹਨ ਅਤੇ 529



ਪਦਾਰਥ ਖਾਣ ਯੋਗ ਨਹੀਂ ਸਨ। ਉੱਤਰ ਪ੍ਰਦੇਸ਼ ਵਿੱਚ 12,945 ਨਮੂਨਿਆਂ ਵਿੱਚੋਂ 8,299 ਫੇਲ੍ਹ ਹੋਏ ਹਨ। ਇਹ ਨਕਲੀ ਸਾਮਾਨ ਪੰਜਾਬ ਵਿੱਚ ਤਸਕਰੀ ਨਾਲ ਆਉਂਦਾ ਹੈ ਅਤੇ ਸਰਹੱਦੀ ਖੇਤਰਾਂ ਵਿੱਚ ਗੈਰ-ਕਾਨੂੰਨੀ ਫ਼ੈਕਟਰੀਆਂ ਚੱਲ ਰਹੀਆਂ ਹਨ। ਤਿਉਹਾਰਾਂ ਦੇ ਮੌਸਮ ਵਿੱਚ ਮਿਲਾਵਟ 30% ਵਧ ਜਾਂਦੀ ਹੈ ਕਿਉਂਕਿ ਮੰਗ ਵੱਧ ਜਾਂਦੀ ਹੈ ਅਤੇ ਨਿਗਰਾਨੀ ਘੱਟ ਹੁੰਦੀ ਹੈ। ਪਤੰਜਲੀ ਵਰਗੇ ਬ੍ਰਾਂਡ ਵੀ ਗੁਣਵੱਤਾ ਟੈਸਟ ਵਿੱਚ ਫੇਲ੍ਹ ਹੋ ਚੁੱਕੇ ਹਨ।

**ਸਰਕਾਰ ਅਤੇ ਅਫ਼ਸਰਸ਼ਾਹੀ ਚੁੱਪ ਕਿਉਂ ਹੈ?**

ਸਰਕਾਰ ਅਤੇ ਅਫ਼ਸਰਸ਼ਾਹੀ ਦੀ ਚੁੱਪੀ ਦਾ ਵੱਡਾ ਕਾਰਨ ਹੈ ਭ੍ਰਿਸ਼ਟਾਚਾਰ ਅਤੇ ਕਮਜ਼ੋਰ ਕਾਨੂੰਨ। ਪੰਜਾਬ ਸਰਕਾਰ ਨੇ ਪਿਛਲੇ ਪੰਜ ਸਾਲਾਂ ਵਿੱਚ ਮਿਲਾਵਟ ਦੇ ਮਾਮਲਿਆਂ ਵਿੱਚ 3.04 ਕਰੋੜ ਰੁਪਏ ਦਾ ਜੁਰਮਾਨਾ ਵਸੂਲਿਆ ਹੈ ਪਰ ਅਸਲ ਵਿੱਚ ਸਜ਼ਾਵਾਂ ਬਹੁਤ ਘੱਟ ਹਨ। 2,191 ਮਾਮਲਿਆਂ ਵਿੱਚ ਜੁਰਮਾਨਾ ਲਗਾਇਆ ਗਿਆ ਪਰ ਜੇਲ੍ਹ ਨਹੀਂ ਭੇਜਿਆ ਜਾਂਦਾ। ਅਧਿਕਾਰੀ ਰਿਸ਼ਵਤ ਲੈ ਕੇ ਛੱਡ ਦਿੰਦੇ ਹਨ ਅਤੇ ਫ਼ੈਕਟਰੀਆਂ ਮੁੜ ਖੁੱਲ੍ਹ ਜਾਂਦੀਆਂ ਹਨ। ਉਦਾਹਰਣ ਵਜੋਂ, ਰਾਜਪੁਰਾ ਵਿੱਚ 1,378 ਕਿੱਲੋ ਨਕਲੀ ਪਨੀਰ ਜ਼ਬਤ ਕੀਤਾ ਗਿਆ ਪਰ ਤਿੰਨ ਮਹੀਨਿਆਂ ਬਾਅਦ ਮੁੜ 1,640 ਕਿੱਲੋ ਫ਼ੜਿਆ ਗਿਆ। ਇਹ ਦੱਸਦਾ ਹੈ ਕਿ ਸਰਕਾਰ ਦੀ ਨਿਗਰਾਨੀ ਕਮਜ਼ੋਰ ਹੈ। ਬਹੁਤੇ ਅਫ਼ਸਰ ਰਿਸ਼ਵਤ ਲੈ ਕੇ ਚੁੱਪ ਰਹਿੰਦੇ ਹਨ ਅਤੇ ਵੱਡੇ ਵਪਾਰੀਆਂ ਨੂੰ ਬਚਾਉਂਦੇ ਹਨ। ਪੰਜਾਬ ਵਿੱਚ ਰਾਜਨੀਤਿਕ ਇੱਛਾ ਸ਼ਕਤੀ ਦੀ ਕਮੀ ਹੈ ਅਤੇ ਭ੍ਰਿਸ਼ਟਾਚਾਰ ਤੇ ਮਿਲਾਵਟ ਬਾਰੇ ਚੁੱਪੀ ਹੈ। ਕਾਨੂੰਨ ਵਿੱਚ ਅਧਿਕਤਮ 10 ਲੱਖ ਜੁਰਮਾਨਾ ਜਾਂ 7 ਸਾਲ ਸਜ਼ਾ ਹੈ ਪਰ ਇਹ ਲਾਗੂ ਨਹੀਂ ਹੁੰਦੀ। ਇਸ ਕਾਰਨ ਧੰਦਾ ਚੱਲ ਰਿਹਾ ਹੈ।

**ਕਿਡਨੀ ਫੇਲ੍ਹ, ਕੈਂਸਰ ਅਤੇ ਫ਼ੈਟੀ ਲੀਵਰ ਵਰਗੀਆਂ ਬਿਮਾਰੀਆਂ ਕਿਉਂ ਵਧ ਰਹੀਆਂ ਹਨ?**

ਮਿਲਾਵਟੀ ਖਾਣ ਪੀਣ ਵਾਲੀਆਂ ਵਸਤਾਂ ਕਾਰਨ ਲੋਕਾਂ ਵਿੱਚ ਗੰਭੀਰ ਬਿਮਾਰੀਆਂ ਵਧ ਰਹੀਆਂ ਹਨ। ਸਿਹਤ ਮਾਹਿਰਾਂ ਅਨੁਸਾਰ, ਇਹ ਮਿਲਾਵਟ ਕਿਸ਼ਤਾਂ 'ਚ ਹੱਤਿਆ ਵਾਂਗ ਹੈ। ਇੰਡੀਅਨ ਕਾਉਂਸਲ ਆਫ਼ ਮੈਡੀਕਲ ਰਿਸਰਚ (ਆਈ.ਸੀ.ਐੱਮ.ਆਰ.) ਨੇ ਕਿਹਾ ਹੈ ਕਿ ਮਿਲਾਵਟ ਕਾਰਨ ਗੈਰ-ਸੰਚਾਰੀ ਰੋਗਾਂ ਵਿੱਚ 20% ਵਾਧਾ ਹੋਇਆ ਹੈ। ਦੁੱਧ ਵਿੱਚ ਯੂਰੀਆ ਅਤੇ ਫ਼ਾਰਮੈਲਿਨ ਕਾਰਨ ਕਿਡਨੀ ਫੇਲ੍ਹ ਹੁੰਦੀ ਹੈ ਕਿਉਂਕਿ ਇਹ ਰਸਾਇਣ ਕਿਡਨੀ ਨੂੰ ਨੁਕਸਾਨ ਪਹੁੰਚਾਉਂਦੇ ਹਨ। ਪਨੀਰ ਵਿੱਚ ਸਟਾਰਚ ਅਤੇ ਰਸਾਇਣ ਕਾਰਨ ਫ਼ੈਟੀ ਲੀਵਰ ਵਧਦਾ ਹੈ ਅਤੇ ਲੀਵਰ ਖਰਾਬ ਹੋ ਜਾਂਦਾ ਹੈ। ਮਸਾਲਿਆਂ ਵਿੱਚ ਕੈਂਸਰ ਪੈਦਾ ਕਰਨ ਵਾਲੇ ਰੰਗ ਅਤੇ ਈਥਾਈਲੀਨ ਆਕਸਾਈਡ ਵਰਗੇ ਪਦਾਰਥ ਮਿਲੇ ਹਨ ਜੋ ਕੈਂਸਰ ਵਧਾਉਂਦੇ ਹਨ। ਯੂਰਪੀਅਨ ਯੂਨੀਅਨ ਨੇ ਭਾਰਤੀ ਮਸਾਲੇ ਅਤੇ ਫ਼ਲਾਂ ਨੂੰ ਦੂਸ਼ਿਤ ਪਾਇਆ ਹੈ। ਪੰਜਾਬ ਵਿੱਚ ਪੈਸਟੀਸਾਈਡ ਅਤੇ ਰਸਾਇਣਾਂ ਕਾਰਨ ਕੈਂਸਰ ਵੱਧ ਹੈ ਅਤੇ ਲੋਕ ਪੰਜਾਬ ਦੇ ਅਨਾਜ ਨੂੰ ਛੱਡ ਕੇ ਦੂਜੇ ਸੂਬਿਆਂ ਤੋਂ ਖਰੀਦ ਰਹੇ ਹਨ। ਬੇਕਰੀ ਆਈਟਮਾਂ ਵਿੱਚ ਨਕਲੀ ਰੰਗ ਕੈਂਸਰ ਦਾ ਜੋਖਮ ਦੁੱਗਣਾ ਕਰ ਰਹੇ ਹਨ।

**ਪੰਜਾਬ ਸਰਕਾਰ ਨੂੰ ਕੀ ਉਪਰਾਲੇ ਕਰਨੇ ਚਾਹੀਦੇ ਹਨ?**

ਪੰਜਾਬ ਸਰਕਾਰ ਨੂੰ ਇਸ ਸਮੱਸਿਆ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ। ਪਹਿਲਾਂ, ਕਾਨੂੰਨ ਸਖ਼ਤ ਬਣਾਓ: ਮਿਲਾਵਟ 'ਤੇ ਘੱਟੋ ਘੱਟ 20 ਸਾਲ ਸਜ਼ਾ ਅਤੇ ਜਾਇਦਾਦ ਜ਼ਬਤ ਕਰੋ। ਐਫ਼.ਐੱਸ.ਐੱਸ.ਏ.ਆਈ. ਨੂੰ ਸਵੈਤੰਤਰ ਬਣਾਓ ਅਤੇ ਹਰ ਜ਼ਿਲ੍ਹੇ ਵਿੱਚ ਮੋਬਾਈਲ ਟੈਸਟਿੰਗ ਵੈਨ ਅਤੇ ਏ.ਆਈ. ਆਧਾਰਿਤ ਨਿਗਰਾਨੀ ਸ਼ੁਰੂ ਕਰੋ। ਜੈਵਿਕ ਖੇਤੀ ਨੂੰ ਸਬਸਿਡੀ ਦਿਓ ਅਤੇ ਗੋਬਰ ਤੋਂ ਖਾਦ ਬਣਾਉਣ ਤੇ ਉਤਸ਼ਾਹਿਤ ਕਰੋ। ਜਨ ਜਾਗਰੂਕਤਾ ਮੁਹਿੰਮ ਚਲਾਓ: ਸਕੂਲਾਂ ਵਿੱਚ ਮਿਲਾਵਟ ਦੀ ਪਛਾਣ ਸਿਖ਼ਾਓ। ਸਭ ਤੋਂ ਜ਼ਰੂਰੀ, ਭ੍ਰਿਸ਼ਟਾਚਾਰ ਬਾਰੇ ਸਖ਼ਤ ਨੀਤੀ ਅਪਣਾਓ: ਰਿਸ਼ਵਤ ਲੈਣ ਵਾਲੇ ਅਧਿਕਾਰੀਆਂ ਨੂੰ ਬਰਖ਼ਾਸਤ ਕਰੋ। ਪੰਜਾਬ ਵਿੱਚ ਜ਼ੀਰੋ ਟਾਲਰੈਂਸ ਪਾਲਿਸੀ ਅਪਣਾਈ ਜਾਵੇ। ਤਿਉਹਾਰਾਂ 'ਤੇ ਵਿਸ਼ੇਸ਼ ਮੁਹਿੰਮ ਚਲਾਓ ਪਰ ਸਾਲ ਭਰ ਨਿਗਰਾਨੀ ਵਧਾਓ। ਉੱਤਰ ਪ੍ਰਦੇਸ਼ ਵਾਂਗ ਨਵੀਆਂ ਮਾਈਕ੍ਰੋਬਾਇਓਲਾਜੀ ਲੈਬਾਂ ਖੋਲ੍ਹੋ। ਲੋਕਾਂ ਨੂੰ ਘਰੇਲੂ ਟੈਸਟ ਕਿੱਟਾਂ ਵੰਡੋ ਅਤੇ ਬ੍ਰਾਂਡੇਡ ਉਤਪਾਦ ਚੁਣਨ 'ਤੇ ਜ਼ੋਰ ਦਿਓ। ਸ਼ਿਕਾਇਤਾਂ ਲਈ ਆਸਾਨ ਸਿਸਟਮ ਬਣਾਓ। ਜੇ ਅਜਿਹਾ ਨਾ ਕੀਤਾ ਤਾਂ ਭੋਜਨ ਹੀ ਪੰਜਾਬੀਆਂ ਦੀ ਕਬਰ ਬਣ ਜਾਵੇਗਾ। ਸਰਕਾਰ, ਉਦਯੋਗ ਅਤੇ ਉਪਭੋਗਤਾ ਸਭ ਨੂੰ ਜਾਗਣਾ ਪਵੇਗਾ। ਮਿਲਾਵਟ ਰੋਕੋ, ਜੀਵਨ ਬਚਾਓ।

# ਨੌਜਵਾਨ ਵੀ ਹੋ ਰਹੇ ਹਨ ਕੈਂਸਰ ਦੇ ਸ਼ਿਕਾਰ

## ਸਾਲ 2050 ਤੱਕ ਮਹਾਂਮਾਰੀ ਬਣ ਸਕਦਾ ਹੈ ਕੈਂਸਰ

ਕੈਂਸਰ ਦੁਨੀਆ ਭਰ ਵਿੱਚ ਇੱਕ ਗੰਭੀਰ ਚੁਣੌਤੀ ਬਣਿਆ ਹੋਇਆ ਹੈ। ਹਾਲ ਹੀ ਵਿੱਚ ਆਈ ਇੱਕ ਵਿਸਤ੍ਰਿਤ ਰਿਪੋਰਟ ਨੇ ਇਸ ਬਿਮਾਰੀ ਨੂੰ ਲੈ ਕੇ ਚਿੰਤਾਜਨਕ ਅੰਕੜੇ ਪੇਸ਼ ਕੀਤੇ ਹਨ। 1990 ਤੋਂ 2023 ਦੇ ਵਿਚਕਾਰ ਕੀਤੇ ਗਏ ਅਧਿਐਨ ਤੋਂ ਪਤਾ ਚੱਲਿਆ ਹੈ ਕਿ ਇਲਾਜ ਅਤੇ ਤਕਨੀਕ ਵਿੱਚ ਸੁਧਾਰ ਦੇ ਬਾਵਜੂਦ ਦੁਨੀਆ ਭਰ ਵਿੱਚ ਕੈਂਸਰ ਦੇ ਮਾਮਲੇ ਅਤੇ ਇਸ ਨਾਲ ਹੋਣ ਵਾਲੀਆਂ ਮੌਤਾਂ ਤੇਜ਼ੀ ਨਾਲ ਵਧੀਆਂ ਹਨ। ਸਭ ਤੋਂ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ ਸਰੋਤਾਂ ਦੀ ਕਮੀ ਵਾਲੇ ਗਰੀਬ ਦੇਸ਼ਾਂ ਵਿੱਚ ਇਹ ਬਿਮਾਰੀ ਹੁਣ ਸਭ ਤੋਂ ਵੱਧ ਪੈਰ ਪਸਾਰ ਰਹੀ ਹੈ।

**ਹੈਰਾਨ ਕਰਨ ਵਾਲੇ ਅੰਕੜੇ**

ਇਸ ਅਧਿਐਨ ਵਿੱਚ ਦੁਨੀਆ ਦੇ 204 ਦੇਸ਼ਾਂ ਅਤੇ ਖੇਤਰਾਂ ਨੂੰ ਸ਼ਾਮਲ ਕੀਤਾ ਗਿਆ, ਜਿਸ ਵਿੱਚ 47 ਤਰ੍ਹਾਂ ਦੇ ਕੈਂਸਰ ਅਤੇ 44 ਜੋਖਮ ਕਾਰਕਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

ਸਾਲ 2023 ਵਿੱਚ ਨਵੇਂ ਕੈਂਸਰ ਮਾਮਲੇ ਦੁਨੀਆ ਭਰ ਵਿੱਚ 1 ਕਰੋੜ 85 ਲੱਖ ਕੈਂਸਰ ਨਾਲ ਮੌਤਾਂ ਹੋਈਆਂ। ਇਸੇ ਸਾਲ ਲਗਪਗ 1 ਕਰੋੜ 4 ਲੱਖ ਸਭ ਤੋਂ ਆਮ ਕੈਂਸਰ ਨਾਲ ਹੋਈਆਂ। ਸਾਲ 2023 ਦੌਰਾਨ ਛਾਤੀ ਦਾ ਕੈਂਸਰ ਦੇ ਮਾਮਲੇ ਸਭ ਤੋਂ ਵੱਧ ਦੇਖੇ ਗਏ।ਸਭ ਤੋਂ ਘਾਤਕ ਕੈਂਸਰ ਫੇਫੜਿਆਂ ਦਾ ਕੈਂਸਰ ਸਭ ਤੋਂ ਜ਼ਿਆਦਾ ਮੌਤਾਂ ਦਾ ਕਾਰਨ ਬਣਿਆ ਹੈ।

**2050 ਤੱਕ ਹੋਰ ਵੀ ਵਿਗੜ ਸਕਦੀ ਹੈ ਸਥਿਤੀ**

ਅਧਿਐਨ ਵਿੱਚ ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ



ਕੈਂਸਰ ਨੂੰ ਰੋਕਣ ਲਈ ਤੁਰੰਤ ਅਤੇ ਠੋਸ ਕਦਮ ਨਾ ਚੁੱਕੇ ਗਏ ਤਾਂ 2050 ਤੱਕ 30.5 ਮਿਲੀਅਨ ਲੋਕ ਕੈਂਸਰ ਤੋਂ ਪੀੜਤ ਹੋ ਸਕਦੇ ਹਨ। ਇਸ ਦੇ ਨਾਲ ਹੀ 18.6 ਮਿਲੀਅਨ ਲੋਕ ਇਸ ਬਿਮਾਰੀ ਨਾਲ ਆਪਣੀਆਂ ਜਾਨਾਂ ਗੁਆ ਸਕਦੇ ਹਨ, ਜੋ ਕਿ ਮੌਜੂਦਾ ਅੰਕੜੇ ਤੋਂ ਲਗਪਗ ਦੁੱਗਣਾ ਹੈ। ਜਦੋਂ ਕਿ ਆਰਥਿਕ ਤੌਰ 'ਤੇ ਖ਼ੁਸ਼ਹਾਲ ਦੇਸ਼ਾਂ ਵਿੱਚ ਉਮਰ-ਸਬੰਧਤ ਕੈਂਸਰ ਮੌਤ ਦਰ ਵਿੱਚ 24 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ, ਗਰੀਬ ਅਤੇ ਘੱਟ-ਮੱਧਮ ਆਮਦਨ ਵਾਲੇ ਦੇਸ਼ਾਂ ਵਿੱਚ ਨਵੇਂ ਮਾਮਲਿਆਂ ਦੀ ਦਰ ਕ੍ਰਮਵਾਰ 24 ਪ੍ਰਤੀਸ਼ਤ ਅਤੇ 29 ਪ੍ਰਤੀਸ਼ਤ ਵਧੀ ਹੈ।2030 ਵਿੱਚ ਛਾਤੀ ਦਾ ਕੈਂਸਰ ਸਭ ਤੋਂ ਆਮ ਕੈਂਸਰ ਹੋਵੇਗਾ, ਜਦੋਂ ਕਿ ਫੇਫੜਿਆਂ ਦਾ ਕੈਂਸਰ ਸਭ ਤੋਂ ਵੱਧ ਮੌਤਾਂ ਦਾ ਕਾਰਨ ਬਣੇਗਾ। ਅਗਲੇ 25 ਸਾਲਾਂ ਵਿੱਚ ਕੈਂਸਰ ਦੇ ਨਵੇਂ ਮਾਮਲਿਆਂ ਵਿੱਚ 60.7 ਪ੍ਰਤੀਸ਼ਤ ਦਾ ਵਾਧਾ ਹੋਣ ਦੀ ਉਮੀਦ ਹੈ, ਜਦੋਂ ਕਿ 2050 ਤੱਕ ਮੌਤਾਂ ਵਿੱਚ 74.5 ਪ੍ਰਤੀਸ਼ਤ ਦਾ ਵਾਧਾ ਹੋਣ ਦੀ ਉਮੀਦ ਹੈ।

**ਲੱਖਾਂ ਮੌਤਾਂ ਨੂੰ ਰੋਕਿਆ ਜਾ ਸਕਦੈ**

ਛੇ ਵਿੱਚੋਂ ਲਗਪਗ ਇੱਕ ਵਿਸ਼ਵਵਿਆਪੀ ਮੌਤ ਕੈਂਸਰ ਕਾਰਨ ਹੋਈ ਸੀ। 2023 ਵਿੱਚ ਸੋਧਯੋਗ ਜੋਖਮ ਕਾਰਕਾਂ ਨੇ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦਾ 41.7 ਪ੍ਰਤੀਸ਼ਤ ਯੋਗਦਾਨ ਪਾਇਆ। ਤੰਬਾਕੂ, ਸ਼ਰਾਬ, ਗੈਰ-ਸਿਹਤਮੰਦ ਖ਼ੁਰਾਕ, ਉੱਚ ਬਾਡੀ ਮਾਸ ਇੰਡੈਕਸ, ਹਵਾ ਪ੍ਰਦੂਸ਼ਣ, ਅਤੇ ਨੁਕਸਾਨਦੇਹ ਕੰਮ ਵਾਲੀ ਥਾਂ ਜਾਂ ਵਾਤਾਵਰਣ ਦੇ ਸੰਪਰਕ ਵਿੱਚ ਆਉਣ ਨਾਲ ਸਭ ਨੇ ਯੋਗਦਾਨ ਪਾਇਆ। ਜੇਕਰ ਸਰਕਾਰਾਂ ਜਨਤਕ ਸਿਹਤ ਨੀਤੀਆਂ ਨੂੰ ਮਜ਼ਬੂਤ ? ?ਬਣਾਉਂਦੀਆਂ ਅਤੇ ਸਿਹਤਮੰਦਆਪਸ਼ਨਾਂ ਨੂੰ ਸੁਵਿਧਾਜਨਕ ਬਣਾਉਂਦੀਆਂ ਤਾਂ ਹਰ ਸਾਲ ਲੱਖਾਂ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਨੂੰ ਰੋਕਿਆ ਜਾ ਸਕਦਾ ਹੈ।

**ਕੈਂਸਰ ਦੇ ਰੁਝਾਨਾਂ ਨੂੰ ਕੀਤਾ ਗਿਆ ਮਾਡਲ**

ਤਿੰਨ ਦਹਾਕਿਆਂ ਤੋਂ ਵੱਧ ਦੇ ਡੇਟਾ ਦੀ ਵਰਤੋਂ ਕਰਦੇ ਹੋਏ, ਅਸੀਂ ਭਵਿੱਖ ਦੇ ਕੈਂਸਰ ਦੇ ਰੁਝਾਨਾਂ ਨੂੰ ਮਾਡਲ ਕੀਤਾ। ਆਬਾਦੀ ਵਾਧਾ ਅਤੇ ਬੁਢਾਪਾ ਇੱਕ ਭੂਮਿਕਾ ਨਿਭਾਉਂਦੇ ਹਨ ਪਰ ਜੀਵਨ ਸ਼ੈਲੀ, ਸ਼ਹਿਰੀਕਰਨ, ਹਵਾ ਦੀ ਗੁਣਵੱਤਾ ਅਤੇ ਆਰਥਿਕ ਵਿਕਾਸ ਵਿੱਚ ਵਿਆਪਕ ਬਦਲਾਅ ਵੀ ਕੈਂਸਰ ਦੇ ਜੋਖਮਾਂ ਦੇ ਸੰਪਰਕ ਨੂੰ ਵਧਾ ਰਹੇ ਹਨ। ਇਹ ਰੁਝਾਨ ਵੱਡੇ ਦਖਲਅੰਦਾਜ਼ੀ ਤੋਂ ਬਿਨਾਂ ਜਾਰੀ ਰਹਿਣਗੇ। ਸ਼ੁਰੂਆਤੀ ਤਸ਼ਖ਼ੀਸ ਵਿੱਚ ਨਿਵੇਸ਼ ਕਰਕੇ ਸਰਕਾਰਾਂ ਛਾਤੀ, ਸਰਵਾਈਕਲ ਅਤੇ ਕੋਲੋਰੈਕਟਲ ਕੈਂਸਰ ਵਰਗੇ ਕੈਂਸਰਾਂ ਦੀ ਜਾਂਚ ਦੀ ਪੇਸ਼ਕਸ਼ ਕਰ ਸਕਦੀਆਂ ਹਨ, ਜੋ ਜਾਨਾਂ ਬਚਾਉਂਦੇ ਹਨ ਪਰ ਦੁਨੀਆ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਬਹੁਤ ਘੱਟ ਹੁੰਦੇ ਹਨ।

**ਨੌਜਵਾਨਾਂ 'ਚ ਵੀ ਵਧ ਰਿਹੈ ਕੈਂਸਰ**

ਤੰਬਾਕੂ ਕੰਟਰੋਲ, ਹਵਾ ਦੀ ਗੁਣਵੱਤਾ ਨਿਯਮ, ਮੋਟਾਪੇ ਦੀ ਰੋਕਥਾਮ ਅਤੇ ਕੰਮ ਵਾਲੀ ਥਾਂ ਦੀ ਸੁਰੱਖਿਆ ਚੰਗੀ ਤਰ੍ਹਾਂ ਦਸਤਾਵੇਜ਼ੀ ਤੌਰ 'ਤੇ ਦਰਜ ਹਨ ਅਤੇ ਇਨ੍ਹਾਂ ਨੂੰ ਮਜ਼ਬੂਤ ? ?ਕਰਨ ਦੀ ਲੋੜ ਹੈ। ਸਿਹਤ ਪ੍ਰਣਾਲੀਆਂ ਨੂੰ ਵੀ ਵਧਾਉਣ ਦੀ ਲੋੜ ਹੈ। ਪ੍ਰਯੋਗਸ਼ਾਲਾਵਾਂ ਅਤੇ ਸਿਖਲਾਈ ਪ੍ਰਾਪਤ ਓਨਕੋਲੋਜੀ ਸਟਾਫ ਤੋਂ ਲੈ ਕੇ ਕਿਫਾਇਤੀ ਇਲਾਜਾਂ ਤੱਕ ਹਰ ਚੀਜ਼ ਤੱਕ ਪਹੁੰਚ ਵਧਾਉਣੀ ਚਾਹੀਦੀ ਹੈ।

# ਬਚਪਨ 'ਚ 1 ਅਰਬ ਤੋਂ ਵੱਧ ਔਰਤਾਂ ਜਿਨਸੀ ਹਿੰਸਾ ਦਾ ਹੋਈਆਂ ਸ਼ਿਕਾਰ

## 'ਦਿ ਲੈਂਸੇਟ' ਜਰਨਲ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਵਿੱਚ ਕੀਤਾ ਗਿਆ ਦਾਅਵਾ




ਨਵੀਂ ਦਿੱਲੀ/ਏ.ਟੀ.ਨਿਊਜ਼: 'ਦਿ ਲੈਂਸੇਟ' ਜਰਨਲ ਵਿੱਚ ਪ੍ਰਕਾਸ਼ਿਤ ਅਨੁਮਾਨਾਂ ਅਨੁਸਾਰ, 2023 ਵਿੱਚ ਦੁਨੀਆ ਭਰ ਵਿੱਚ 15 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਇੱਕ ਅਰਬ ਤੋਂ ਵੱਧ ਔਰਤਾਂ ਨੇ ਬਚਪਨ ਵਿੱਚ ਜਿਨਸੀ ਹਿੰਸਾ ਦਾ ਅਨੁਭਵ ਕੀਤਾ ਹੈ। ਜਦ ਕਿ ਲਗਪਗ 608 ਮਿਲੀਅਨ ਔਰਤਾਂ ਨੇ ਨਜ਼ਦੀਕੀ ਸਾਥੀ ਦੀ ਹਿੰਸਾ ਦਾ ਸਾਹਮਣਾ ਕੀਤਾ।

ਨਜ਼ਦੀਕੀ ਸਾਥੀ ਅਤੇ ਜਿਨਸੀ ਹਿੰਸਾ ਦੋਵਾਂ ਦੀ ਸਭ ਤੋਂ ਵੱਧ ਪ੍ਰਚਲਤ ਦਰ ਉਪ-ਸਹਾਰਾ ਅਫਰੀਕਾ ਅਤੇ ਦੱਖਣੀ ਏਸ਼ੀਆ ਵਿੱਚ ਪਾਈ ਗਈ। ਖੋਜਕਰਤਾਵਾਂ ਨੇ ਨੋਟ ਕੀਤਾ ਕਿ ਇਨ੍ਹਾਂ ਖੇਤਰਾਂ ਵਿੱਚ ਹਿੰਸਾ ਦੇ ਸਿਹਤ ਪ੍ਰਭਾਵ ਐੱਚ ਆਈ ਵੀ ਅਤੇ ਹੋਰ ਪੁਰਾਣੀਆਂ ਬਿਮਾਰੀਆਂ ਦੀਆਂ ਉੱਚ ਦਰਾਂ ਕਾਰਨ ਹੋਰ ਵੀ ਵਧ ਜਾਂਦੇ ਹਨ।

ਭਾਰਤ ਵਿੱਚ 15 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਔਰਤਾਂ ਵਿੱਚ ਨਜ਼ਦੀਕੀ ਸਾਥੀ ਦੀ ਹਿੰਸਾ ਦੀ ਪ੍ਰਚਲਤ ਦਰ 23 ਫੀਸਦ ਹੋਣ ਦਾ ਅਨੁਮਾਨ ਹੈ। ਅਨੁਮਾਨ ਮੁਤਾਬਕ, 15 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ 30 ਫੀਸਦੀ ਤੋਂ ਵੱਧ ਔਰਤਾਂ ਅਤੇ 13 ਫੀਸਦੀ ਮਰਦਾਂ ਨੇ ਬਚਪਨ ਵਿੱਚ ਜਿਨਸੀ ਹਿੰਸਾ ਦਾ ਅਨੁਭਵ ਕੀਤਾ ਹੈ।

ਖੋਜਕਰਤਾਵਾਂ ਨੇ ਗਲੋਬਲ ਬਰਡਨ ਆਫ਼ ਡਿਜ਼ੀਜ਼ ਅਧਿਐਨ 2023 ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ, ਜੋ ਕਿ 'ਸਥਾਨਾਂ ਅਤੇ ਸਮੇਂ ਦੇ ਨਾਲ ਸਿਹਤ ਦੇ ਨੁਕਸਾਨ ਨੂੰ ਮਾਪਣ ਲਈ ਸਭ ਤੋਂ ਵੱਡਾ, ਸਭ ਤੋਂ ਵਿਆਪਕ ਯਤਨ' ਹੈ। ਅਮਰੀਕਾ ਦੀ ਵਾਸ਼ਿੰਗਟਨ ਯੂਨੀਵਰਸਿਟੀ ਇਸ ਜੀ ਬੀ ਡੀ ਅਧਿਐਨ ਦਾ ਤਾਲਮੇਲ ਕਰਦੀ ਹੈ। ਲੇਖਕਾਂ ਨੇ ਲਿਖਿਆ, 'ਵਿਸ਼ਵ ਪੱਧਰ 'ਤੇ 2023 ਵਿੱਚ, ਅਸੀਂ ਅੰਦਾਜ਼ਾ ਲਗਾਇਆ

(ਬਾਕੀ ਸਫ਼ਾ 26 'ਤੇ)

# ਅਕਾਲ ਤਖ਼ਤ ਸਾਹਿਬ ਦਾ ਡੇਰਾ ਮੁਖੀ ਮਾਮਲੇ ’ਤੇ ਫ਼ੈਸਲਾ ਵਿਵਾਦਾਂ ਵਿੱਚ

## ਦਸਤਖ਼ਤ ਪੰਜਾਂ ਨੇ ਕੀਤੇ, ਪਰ ਸਜ਼ਾ ਸਿਰਫ਼ ਦੋ ਨੂੰ ਕਿਉਂ ?

**ਬਘੇਲ ਸਿੰਘ ਧਾਲੀਵਾਲ**



ਬੀਤੇ ਦਿਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ੈਸਲੇ ਤੋਂ ਕੁਝ ਹੋਰ ਮਾਮਲਿਆਂ ਦੇ ਨਾਲ ਡੇਰਾ ਸਿਰਸਾ ਮੁਖੀ ਨੂੰ ਮੁਆਫ਼ੀ ਦੇਣ ਦਾ ਮਾਮਲਾ ਵੀ ਵਿਚਾਰਿਆ ਗਿਆ, ਜਿਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੌਜੂਦਾ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜ੍ਹਗੱਜ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨਾਂ ਵੱਲੋਂ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਤਲਬ ਕਰਕੇ ਤਨਖ਼ਾਹ ਲਾਈ ਗਈ ਸੀ, ਜੋ ਵਿਵਾਦਾਂ ਵਿੱਚ ਆ ਗਈ ਹੈ। ਸਿੱਖਾਂ ਦੇ ਕੁਝ ਧੜਿਆਂ ਦਾ ਇਹ ਵੀ ਮੰਨਣਾ ਹੈ ਕਿ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜ੍ਹਗੱਜ ਸਿਰਫ਼ ਤੇ ਸਿਰਫ਼ ਅਕਾਲੀ ਦਲ ਨੂੰ ਫ਼ਾਇਦਾ ਪਹੁੰਚਾਉਣ ਲਈ ਕੰਮ ਕਰ ਰਹੇ ਹਨ। ਜਿਸ ਦੇ ਤਹਿਤ ਉਹਨਾਂ ਵੱਲੋਂ ਵਿਰਸਾ ਸਿੰਘ ਵਲਟੋਹਾ ਸਮੇਤ ਕੁਝ ਮਾਮਲਿਆਂ ਨੂੰ ਨਿਪਟਾਇਆ ਗਿਆ ਹੈ। ਡੇਰਾ ਸਿਰਸਾ ਮੁਖੀ ਦੇ ਮਾਮਲੇ ਵਿੱਚ ਗਿਆਨੀ ਗੁਰਮੁਖ ਸਿੰਘ ਨੂੰ ਪਹਿਲਾਂ ਹੀ ਤਨਖ਼ਾਹ ਲਾ ਕੇ ਫ਼ਾਰਗ ਕੀਤਾ ਜਾ ਚੁੱਕਾ ਹੈ ਅਤੇ ਹੁਣ ਗਿਆਨੀ ਗੁਰਬਚਨ ਸਿੰਘ ਨੂੰ ਤਲਬ ਕਰਕੇ ਉਹਨਾਂ ਨੂੰ ਵੀ ਤਨਖ਼ਾਹ ਲਾਈ ਗਈ ਹੈ, ਪਰ ਇੱਥੇ ਸਵਾਲ ਇਹ ਉੱਠਦਾ ਹੈ ਕਿ ਜਦੋਂ ਉਸ ਮੌਕੇ ਜਾਰੀ ਹੋਏ ਹੁਕਮਨਾਮੇ ਉੱਤੇ ਪੰਜ ਸਿੰਘ ਸਾਹਿਬਾਨਾਂ ਵੱਲੋਂ ਆਪਣੇ ਪੂਰੇ ਹੋਸ਼ੋ-ਹਵਾਸ ਨਾਲ ਦਸਤਖ਼ਤ ਕੀਤੇ ਗਏ ਸਨ, ਫਿਰ ਬਾਕੀ ਬਚਦੇ ਦੋ ਗੁਨਾਹਗਾਰਾਂ ਨੂੰ ਤਲਬ ਕਰਕੇ ਤਨਖ਼ਾਹ ਕਿਉਂ ਨਹੀਂ ਲਾਈ ਗਈ ? ਇਸ ਫ਼ੈਸਲੇ ਨੂੰ ਲੈ ਕੇ ਜਿੱਥੇ ਵੱਖ-ਵੱਖ ਸਿੱਖ ਜਥੇਬੰਦੀਆਂ ਅਤੇ ਸੰਸਥਾਵਾਂ ਦੀਆਂ ਮੁਖੀਆਂ, ਸਿੱਖ ਸ਼ਖ਼ਸ਼ੀਅਤਾਂ ਸਵਾਲ ਚੁੱਕ ਰਹੀਆਂ ਹਨ, ਓਥੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਹਜ਼ੂਰੀ ਸਿੱਖਾਂ ਨੇ ਵੀ ਇਸ ਮਾਮਲੇ ’ਤੇ ਸਵਾਲ ਉਠਾਇਆ ਹੈ। ਏਸੇ ਕਰਕੇ 2015 ਵਿੱਚ ਡੇਰਾ ਸਿਰਸਾ ਮੁਖੀ ਨੂੰ ਮੁਆਫ਼ੀ ਦੇਣ ਵਾਲਾ ਮਾਮਲਾ ਇੱਕ ਵਾਰ ਫਿਰ ਸਿੱਖ ਕੌਮ ਵਿੱਚ ਗੰਭੀਰ ਰੋਸ ਦਾ ਕਾਰਨ ਬਣਦਾ ਜਾ ਰਿਹਾ ਹੈ। ਅਕਾਲ ਤਖ਼ਤ ਸਾਹਿਬ ਵੱਲੋਂ ਬੀਤੇ ਦਿਨੀਂ ਸਿਰਫ਼ ਦੋ ਸਿੰਘ ਸਾਹਿਬਾਨਾਂ ਨੂੰ ਹੀ ਸਜ਼ਾ ਦੇਣ ਦਾ ਫ਼ੈਸਲਾ ਸਿੱਖ ਸੰਗਤ ਵੱਲੋਂ ਅਧੂਰਾ ਅਤੇ ਸਵਾਲੀਆ ਦੱਸਿਆ ਜਾ ਰਿਹਾ ਹੈ। ਸੰਗਤ ਵੱਲੋਂ ਇਹ ਮੰਗ ਉੱਠ ਰਹੀ ਹੈ ਕਿ 24 ਸਤੰਬਰ 2015 ਨੂੰ ਜਾਰੀ ਕੀਤੇ ਗਏ ਵਿਵਾਦੀ ਹੁਕਮਨਾਮੇ ਉੱਤੇ ਸਿਰਫ਼ ਇੱਕ ਵਿਅਕਤੀ ਦੇ ਨਹੀਂ, ਸਗੋਂ ਕਈ ਸਿੰਘ ਸਾਹਿਬਾਨਾਂ ਦੇ ਦਸਤਖ਼ਤ ਸਨ, ਇਸ ਕਰਕੇ ਤਲਬ ਅਤੇ ਕਾਰਵਾਈ ਵੀ ਸਾਰੇ ਜ਼ਿੰਮੇਵਾਰਾਂ ਵਿਰੁੱਧ ਹੋਣੀ ਚਾਹੀਦੀ ਸੀ। ਇਹ ਵੀ ਦਰਜ ਹੈ ਕਿ ਹੁਕਮਨਾਮੇ ਉੱਤੇ ਤਤਕਾਲੀ ਜਥੇਦਾਰਾਂ ਦੇ ਨਾਲ ਸ੍ਰੀ ਹਜ਼ੂਰ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਨੁਮਾਇੰਦਿਆਂ ਦੇ ਵੀ ਦਸਤਖ਼ਤ ਸਨ। ਇਸਦੇ ਬਾਵਜੂਦ ਨਾ ਤਾਂ ਉਹਨਾਂ ਨੂੰ ਤਲਬ ਕੀਤਾ ਗਿਆ ਅਤੇ ਨਾ ਹੀ ਕੋਈ ਵਜਾ ਦੱਸੀ ਗਈ। ਸਿੱਖ ਸੰਗਤ ਇਹ ਮੰਨ ਰਹੀ ਹੈ ਕਿ ਅਕਾਲ ਤਖ਼ਤ ਸਾਹਿਬ ਤੋਂ ਇਹ ਫ਼ੈਸਲਾ ਅਧੂਰਾ ਹੈ ਅਤੇ ਇਸ ਵਿੱਚ ਪੂਰੀ ਕਾਰਵਾਈ ਦੀ ਲੋੜ ਹੈ, ਤਾਂ ਜੋ ਕੌਮੀ ਨਿਆਂ ਦੇਣ ਦੀ ਮਰਯਾਦਾ ਕਾਇਮ ਰਹਿ ਸਕੇ। ਇਸ ਅਧੂਰੇ ਫ਼ੈਸਲੇ ਕਾਰਨ ਸਿੱਖ ਕੌਮ ਵਿੱਚ ਵੱਡਾ ਰੋਸ ਅਤੇ ਨਿਆਂ ਦੀ ਮੰਗ ਤੇਜ਼ੀ ਨਾਲ ਵਧ ਰਹੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤਤਕਾਲੀ ਉੱਪ-ਮੁੱਖ ਮੰਤਰੀ ਪੰਜਾਬ ਦੇ ਕਹਿਣ ਤੇ ਉਹਨਾਂ ਦੀ ਚੰਡੀਗੜ੍ਹ ਸਥਿਤ ਰਿਹਾਇਸ਼ ਤੇ ਪੰਜ ਸਿੰਘ ਸਾਹਿਬਾਨਾਂ ਨੂੰ ਤਲਬ ਕਰਕੇ ਡੇਰਾ ਸਿਰਸਾ ਮੁਖੀ ਨੂੰ ਮੁਆਫ਼ੀ ਦੇਣ ਲਈ ਹੁਕਮਨਾਮਾ ਜਾਰੀ ਕਰਨ ਲਈ ਸਬਬ ਪਾਇਆ ਗਿਆ ਸੀ, ਜਿਸ ਨੂੰ ਜਥੇਦਾਰਾਂ ਵੱਲੋਂ ਆਪਣੇ ਰੁਤਬਿਆਂ ਨੂੰ ਸਲਾਮਤ ਰੱਖਣ ਦੀਆਂ ਲਾਲਸਾਵਾਂ ਵਸ ਸਮੂਹਿਕ ਰੂਪ ਵਿੱਚ ਸਵੀਕਾਰ ਕਰ ਲਿਆ ਗਿਆ ਸੀ, ਜਿਸ ਦੇ ਫ਼ਲਸਵਰੂਪ 24 ਸਤੰਬਰ 2015 ਦਾ ਡੇਰਾ ਸਿਰਸਾ ਮੁਖੀ ਨੂੰ ਬਿਨਾਂ ਮੰਗੇ ਮੁਆਫ਼ੀ ਦੇਣ ਵਾਲਾ ਹੁਕਮਨਾਮਾ ਸਾਹਮਣੇ ਆਇਆ। ਭਾਵੇਂ ਉਸ ਮੌਕੇ ਸਿੱਖ ਕੌਮ ਦੇ ਅੰਦਰ ਉਸ ਹੁਕਮਨਾਮੇ ਦੇ ਵਿਰੋਧ ਵਿੱਚ ਗੁੱਸੇ ਦਾ ਅਜਿਹਾ ਜਵਾਰਭਾਟਾ ਆ ਗਿਆ ਸੀ, ਜਿਸ ਨੇ ਉਕਤ ਦਾਗ਼ੀ ਗੁਨਾਹਗਾਰਾਂ ਨੂੰ ਉਹ ਫ਼ੈਸਲਾ ਵਾਪਸ ਲੈਣ ਲਈ ਮਜ਼ਬੂਰ ਕਰ ਦਿੱਤਾ ਸੀ, ਪਰ ਉਸ ਬੱਜਰ ਗੁਨਾਹ ਦੀ ਸਜ਼ਾ ਉਕਤ ਪੰਜ ਜਥੇਦਾਰਾਂ ਨੂੰ ਕਿਸੇ ਨੇ ਨਹੀਂ ਸੀ ਦਿੱਤੀ, ਬਲਕਿ ਉਹਨਾਂ ਨੂੰ ਅਜਿਹੇ ਕੌਮ ਵਿਰੋਧੀ ਫ਼ੈਸਲਿਆਂ ਕਰਕੇ ਹੋਰ ਬੇ-ਅਥਾਹ ਸਹੂਲਤਾਂ ਵੀ ਦਿੱਤੀਆਂ ਗਈਆਂ ਸਨ। ਪਰੰਤੂ ਕੌਮ ਅੰਦਰ ਫੁੱਟੇ ਗੁੱਸੇ ਦੇ ਜਵਾਰਭਾਟੇ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਾਬਜ਼ ਧਿਰ ਨੂੰ ਕੁਝ ਸਮੇਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਬਦਲਣ ਲਈ ਮਜ਼ਬੂਰ ਕਰ ਦਿੱਤਾ ਸੀ, ਪਰ ਸਿੱਖ ਕੌਮ ਦੀ ਜੋਰਦਾਰ ਮੰਗ ਦੇ ਬਾਵਜੂਦ ਵੀ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਤਲਬ ਕਰਨ ਤੋਂ ਟਾਲ੍ਹਾ ਵੱਟਿਆ ਜਾਂਦਾ ਰਿਹਾ। ਸਮੇਂ ਨੇ ਅਜਿਹੀ ਕਰਵਟ ਬਦਲੀ ਕਿ ਸ੍ਰੋਮਣੀ ਅਕਾਲੀ ਦਲ ਅਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੁਝ ਅਜਿਹੇ ਫ਼ੈਸਲੇ ਕਰਵਾਉਣ ਅਤੇ ਕੁਝ ਫ਼ੈਸਲਿਆਂ ਦਾ ਸੇਕ ਵੀ ਅਕਾਲੀ ਲੀਡਰਸ਼ਿਪ ਨੂੰ ਝੱਲਣ ਲਈ ਮਜ਼ਬੂਰ ਹੋਣਾ ਪਿਆ। ਭਾਵੇਂ ਗਿਆਨੀ ਕੁਲਦੀਪ ਸਿੰਘ ਗੜ੍ਹਗੱਜ ਨੂੰ ਸ਼੍ਰੋਮਣੀ ਕਮੇਟੀ ਉੱਪਰ ਕਾਬਜ਼ ਉਹ ਧਿਰ ਨੇ ਹੀ ਨਿਯੁਕਤ ਕੀਤਾ ਹੈ, ਜੋ ਖੁਦ ਸਵਾਲਾਂ ਦੇ ਘੇਰੇ ਵਿੱਚ ਹੈ, ਪਰ ਇਹ ਰੁਤਬਾ ਕਿਸੇ ਦਾ ਨਿੱਜੀ ਨਹੀਂ, ਬਲਕਿ ਇਹ ਮੀਰੀ-ਪੀਰੀ ਅਤੇ ਅਜ਼ਾਦ ਪ੍ਰਭੁਤਾ ਦੇ ਸਿਧਾਂਤਕਾਰ ਗੁਰੂ, ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਬਖ਼ਸ਼ਿਸ਼ ਨਾਲ ਪ੍ਰਾਪਤ ਹੁੰਦਾ ਹੈ, ਇਸ ਲਈ ਮੌਜੂਦਾ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜ੍ਹਗੱਜ ਨੂੰ ਵੀ ਅਤੀਤ ਵਿੱਚ ਹੋਏ ਉਕਤ ਜਥੇਦਾਰ ਅਤੇ ਸਿੱਖ ਲੀਡਰਸ਼ਿਪ ਦੇ ਹਸ਼ਰ ਨੂੰ ਭੁੱਲਣਾ ਨਹੀਂ ਚਾਹੀਦਾ, ਬਲਕਿ ਅਜਿਹੀਆਂ ਬਜ਼ਰ ਗਲਤੀਆਂ ਤੋਂ ਸਬਕ ਸਿੱਖਦੇ ਹੋਏ ਕੌਮੀ ਹਿਤਾਂ ਨੂੰ ਪਹਿਲ ਦੇਣ ਲਈ ਕੰਮ ਕਰਨਾ ਚਾਹੀਦਾ ਹੈ।

# ਆਸਟ੍ਰੇਲੀਆ ਵਿੱਚ ਜਿਹਾਦੀ ਹਮਲੇ ਬਾਅਦ ਸਿੱਖ ਭਾਈਚਾਰੇ ਨੂੰ ਸਾਵਧਾਨ ਰਹਿਣ ਦੀ ਲੋੜ

**ਰਜਿੰਦਰ ਸਿੰਘ ਪੁਰੇਵਾਲ**



ਸਿਡਨੀ ਦੇ ਇੱਕ ਬੀਚ ਕੰਢੇ ਵਾਪਰੀ ਦਰਦਨਾਕ ਜਿਹਾਦੀ ਗੋਲੀਬਾਰੀ ਨੇ ਪੂਰੇ ਆਸਟ੍ਰੇਲੀਆ ਨੂੰ ਸਦਮੇ ਵਿੱਚ ਪਾ ਦਿੱਤਾ ਹੈ। ਇਹ ਹਮਲਾ ਯਹੂਦੀ ਭਾਈਚਾਰੇ ਦੇ ਹਨੁੱਕਾ ਤਿਉਹਾਰ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ, ਜਿਸ ਵਿੱਚ 15 ਨਿਰਦੋਸ਼ ਲੋਕ ਮਾਰੇ ਗਏ ਸਨ ਅਤੇ ਦਰਜਨਾਂ ਜ਼ਖ਼ਮੀ ਹੋਏ ਸਨ। ਇਹ ਆਸਟ੍ਰੇਲੀਆ ਦੇ ਇਤਿਹਾਸ ਵਿੱਚ ਸਭ ਤੋਂ ਭਿਆਨਕ ਜਿਹਾਦੀ ਹਮਲੇ ਘਟਨਾ ਹੈ, ਜੋ ਨਫ਼ਰਤ ਅਤੇ ਚਰਮਪੰਥ ਨੂੰ ਦਰਸਾਉਂਦੀ ਹੈ ਪਰ ਇਸ ਘਟਨਾ ਦੇ ਨਤੀਜੇ ਵਜੋਂ ਇੱਕ ਹੋਰ ਚਿੰਤਾ ਵਧ ਰਹੀ ਹੈ - ਗਲਤ ਪਛਾਣ ਕਾਰਨ ਨਿਰਦੋਸ਼ ਸਿੱਖ ਭਾਈਚਾਰੇ ਨੂੰ ਖਤਰਾ ਪੈਦਾ ਹੋ ਗਿਆ ਹੈ।

ਆਸਟ੍ਰੇਲੀਆ ਦੀਆਂ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਕਮੇਟੀਆਂ ਨੇ ਸਮੁੱਚੇ ਸਿੱਖ ਭਾਈਚਾਰੇ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ। ਇਸ ਹਮਲੇ ਤੋਂ ਪੈਦਾ ਹੋਏ ਗੁੱਸੇ ਅਤੇ ਇਸਲਾਮੋਫੋਬੀਆ ਦੇ ਮਾਹੌਲ ਵਿੱਚ, ਸਿੱਖ ਆਪਣੀ ਦਸਤਾਰ ਅਤੇ ਦਾੜ੍ਹੀ ਕਾਰਨ ਗਲਤ ਤੌਰ ’ਤੇ ਮੁਸਲਮਾਨ ਸਮਝੇ ਜਾ ਸਕਦੇ ਹਨ। ਇਹ ਕੋਈ ਨਵੀਂ ਸਮੱਸਿਆ ਨਹੀਂ। 9/11 ਦੇ ਹਮਲਿਆਂ ਤੋਂ ਬਾਅਦ ਅਮਰੀਕਾ, ਕੈਨੇਡਾ ਅਤੇ ਬ੍ਰਿਟੇਨ ਵਿੱਚ ਸਿੱਖਾਂ ’ਤੇ ਹੋਏ ਹਮਲੇ ਇਸ ਦੀ ਮਿਸਾਲ ਹਨ। ਆਸਟ੍ਰੇਲੀਆ ਵਿੱਚ ਵੀ ਪਿਛਲੇ ਸਾਲਾਂ ਵਿੱਚ ਸਿੱਖਾਂ ਨੂੰ ਨਸਲਵਾਦੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਹੈ, ਖਾਸ ਕਰ ਇਸਲਾਮਿਕ ਜਿਹਾਦੀ ਹਮਲਿਆਂ ਨਾਲ ਜੁੜੀਆਂ ਘਟਨਾਵਾਂ ਤੋਂ ਬਾਅਦ।

ਇਹ ਗਲਤ ਫਹਿਮੀ ਨਾ ਸਿਰਫ਼ ਅਣਜਾਣਤਾ ਕਾਰਨ ਹੈ, ਸਗੋਂ ਮੀਡੀਆ ਅਤੇ ਸਮਾਜ ਵਿੱਚ ਫੈਲੀਆਂ ਰੂੜ੍ਹੀਵਾਦੀ ਧਾਰਨਾਵਾਂ ਕਾਰਨ ਵੀ। ਬਹੁਤ ਸਾਰੇ ਪੱਛਮੀ ਲੋਕ ਦਸਤਾਰ ਨੂੰ ਮੁਸਲਿਮ ਪਛਾਣ ਨਾਲ ਜੋੜ ਲੈਂਦੇ ਹਨ, ਜਦਕਿ ਸਿੱਖ ਧਰਮ ਇੱਕ ਵੱਖਰਾ ਅਤੇ ਸੁਤੰਤਰ ਧਰਮ ਹੈ, ਜਿਸ ਦੀਆਂ ਜੜ੍ਹਾਂ ਬਰਾਬਰੀ, ਸੇਵਾ ਅਤੇ ਨਿਆਂ ਵਿੱਚ ਹਨ। ਇਸ ਗਲਤ ਪਛਾਣ ਨੇ ਪਹਿਲਾਂ ਵੀ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਹੈ ਅਤੇ ਹੁਣ ਇਸ ਹਮਲੇ ਤੋਂ ਬਾਅਦ ਇਹ ਖਤਰਾ ਵਧ ਸਕਦਾ ਹੈ। ਸੰਸਥਾਵਾਂ ਨੇ ਸਹੀ ਕਿਹਾ ਹੈ ਕਿ ਆਸਟ੍ਰੇਲੀਆ ਇੱਕ ਬਹੁ-ਸੱਭਿਆਚਾਰਕ ਅਤੇ ਸਹਿਣਸ਼ੀਲ ਦੇਸ਼ ਹੈ, ਪਰ ਅਜਿਹੀਆਂ ਘਟਨਾਵਾਂ ਨਫ਼ਰਤ ਨੂੰ ਹਵਾ ਦਿੰਦੀਆਂ ਹਨ।

ਸਮਾਜ ਵਜੋਂ ਸਾਨੂੰ ਇਸ ਨਫ਼ਰਤ ਨੂੰ ਰੋਕਣਾ ਚਾਹੀਦਾ ਹੈ। ਸਿੱਖ ਭਾਈਚਾਰੇ ਨੂੰ ਸਾਵਧਾਨੀ ਵਰਤਣੀ ਚਾਹੀਦੀ ਹੈ - ਜਨਤਕ ਥਾਵਾਂ ’ਤੇ ਗਰੁੱਪ ਵਿੱਚ ਘੁੰਮੋ, ਸ਼ੱਕੀ ਸਥਿਤੀ ਵਿੱਚ ਪੁਲਿਸ ਨੂੰ ਸੂਚਿਤ ਕਰੋ - ਪਰ ਇਸ ਨਾਲ ਨਾਲ ਸਮੁੱਚੇ ਸਮਾਜ ਨੂੰ ਜਾਗਰੂਕ ਹੋਣਾ ਚਾਹੀਦਾ ਹੈ। ਇਸ ਹਮਲੇ ਨੇ ਸਾਨੂੰ ਯਾਦ ਦਿਵਾਇਆ ਹੈ ਕਿ ਨਫ਼ਰਤ ਕਿਸੇ ਇੱਕ ਭਾਈਚਾਰੇ ਤੱਕ ਸੀਮਤ ਨਹੀਂ ਰਹਿੰਦੀ - ਇਹ ਸਾਰੇ ਘੱਟਗਿਣਤੀਆਂ ਨੂੰ ਪ੍ਰਭਾਵਿਤ ਕਰਦੀ ਹੈ। ਯਹੂਦੀ ਭਾਈਚਾਰੇ ਨਾਲ ਹਮਦਰਦੀ ਜਤਾਉਂਦੇ ਹੋਏ, ਸਿੱਖ ਭਾਈਚਾਰਾ ਵੀ ਏਕਤਾ ਦਾ ਸੰਦੇਸ਼ ਦੇ ਰਿਹਾ ਹੈ।

ਸਿੱਖ ਧਰਮ ਦੀ ਸਿੱਖਿਆ ‘ਸਰਬੱਤ ਦਾ ਭਲਾ’ ਇਸ ਵੇਲੇ ਸਭ ਤੋਂ ਵੱਡਾ ਮਾਰਗਦਰਸ਼ਨ ਹੈ। ਆਸਟ੍ਰੇਲੀਆ ਦੀ ਬਹੁ-ਸੱਭਿਆਚਾਰਕ ਵਿਰਾਸਤ ਨੂੰ ਬਚਾਉਣ ਲਈ ਸਾਨੂੰ ਗਲਤ ਫਹਿਮੀਆਂ ਨੂੰ ਦੂਰ ਕਰਨਾ ਹੀ ਪਵੇਗਾ। ਸਹਿਣਸ਼ੀਲਤਾ ਅਤੇ ਜਾਗਰੂਕਤਾ ਨਾਲ ਹੀ ਅਸੀਂ ਅਜਿਹੀਆਂ ਤ੍ਰਾਸਦੀਆਂ ਨੂੰ ਰੋਕ ਸਕਦੇ ਹਾਂ।

# ਮੇਰਠ ਵਿੱਚ ਸਿੱਖ ਵਿਦਿਆਰਥੀ ਨਾਲ ਨਸਲਵਾਦੀ ਵਰਤਾਰਾ

## ਪੱਗ ਉਤਾਰੀ, ਕੁੱਟਮਾਰ ਕੀਤੀ - ਕੀ ਭਾਰਤ ’ਚ ਸਿੱਖ ਵਿਰੋਧੀ ਨਸਲਵਾਦ ਵਧ ਰਿਹਾ ਹੈ ?



ਮੇਰਠ/ਏ.ਟੀ.ਨਿਊਜ਼: ਉੱਤਰ ਪ੍ਰਦੇਸ਼ ਦੇ ਮੇਰਠ ਸ਼ਹਿਰ ਵਿੱਚ ਇੱਕ ਸਿੱਖ ਵਿਦਿਆਰਥੀ ਨਾਲ ਹੋਇਆ ਨਸਲਵਾਦ ਵਰਤਾਰਾ, ਧਾਰਮਿਕ ਅਪਮਾਨ ਅਤੇ ਮਾਰਕੁਟ ਦੀ ਘਟਨਾ ਨੇ ਪੂਰੇ ਦੇਸ਼ ਵਿੱਚ ਚਰਚਾ ਛੇੜ ਦਿੱਤੀ ਹੈ। ਸਨਾਤਨ ਧਰਮ ਇੰਟਰ ਕਾਲਜ ਵਿੱਚ ਪੜ੍ਹਦੇ 12ਵੀਂ ਜਮਾਤ ਦੇ ਵਿਦਿਆਰਥੀ ਸਰਬਜੀਤ ਸਿੰਘ ਨੂੰ ਉਸਦੇ ਜਮਾਤੀਆਂ ਨੇ ਨਾ ਸਿਰਫ਼ ਬੁਰੀ ਤਰ੍ਹਾਂ ਕੁੱਟਿਆ, ਸਗੋਂ ਉਸਦੀ ਪੱਗ ਉਤਾਰ ਕੇ ਕੇਸ ਵੀ ਖਿੱਚੇ ਅਤੇ ਨਸਲਵਾਦੀ ਸ਼ਬਦਾਂ ਨਾਲ ਅਪਮਾਨਿਤ ਕੀਤਾ। ਇਹ ਘਟਨਾ 16 ਅਕਤੂਬਰ ਨੂੰ ਵਾਪਰੀ ਸੀ, ਪਰ ਹੁਣ ਪੀੜਤ ਦੇ ਪਿਤਾ ਜਗਦੇਵ ਸਿੰਘ ਦੀ ਸ਼ਿਕਾਇਤ ਤੋਂ ਬਾਅਦ ਪੁਲਿਸ ਨੇ ਪੰਜ ਨਾਮਜ਼ਦ ਅਤੇ ਤਿੰਨ-ਚਾਰ ਅਣਪਛਾਤੇ ਵਿਦਿਆਰਥੀਆਂ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਇਸ ਘਟਨਾ ਨੇ ਸਿੱਖ ਭਾਈਚਾਰੇ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ ।ਪੀੜਤ ਵਿਦਿਆਰਥੀ ਸਰਬਜੀਤ ਸਿੰਘ ਦੇ ਪਿਤਾ ਜਗਦੇਵ ਸਿੰਘ, ਜੋ ਭਵਾਨਪੁਰ ਖੇਤਰ ਦੇ ਪਿੰਡ ਪੰਚਗਾਂਵ ਪੱਟੀ ਦੇ ਵਾਸੀ ਹਨ, ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਸਨਾਤਨ ਧਰਮ ਇੰਟਰ ਕਾਲਜ ਵੈਸਟ ਐਂਡ ਰੋਡ ਵਿੱਚ 12ਵੀਂ ਜਮਾਤ ਦਾ ਵਿਦਿਆਰਥੀ ਹੈ। ਕਾਲਜ ਵਿੱਚ ਵਿਦਿਆਰਥੀਆਂ ਦਾ ਇੱਕ ਨਸਲਵਾਦੀ ਗੁੱਟ ਲੰਮੇ ਸਮੇਂ ਤੋਂ ਸਰਬਜੀਤ ਨੂੰ ਨਿਸ਼ਾਨਾ ਬਣਾ ਰਿਹਾ ਸੀ। ਰੋਜ਼ਾਨਾ ਗਾਲ੍ਹਾਂ-ਕੁੱਟ ਮਾਰ, ਧਮਕੀਆਂ ਅਤੇ ਧਾਰਮਿਕ ਪਛਾਣ ਨੂੰ ਲੈ ਕੇ ਤਾਅਨੇ ਮਾਰੇ ਜਾਂਦੇ ਸਨ। ਜਗਦੇਵ ਸਿੰਘ ਨੇ ਕਿਹਾ, ਮੇਰੇ ਪੁੱਤਰ ਨੂੰ ਉਸਦੀ ਸਿੱਖ ਪਛਾਣ ਕਾਰਨ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਹ ਅਕਸਰ ਨਸਲਵਾਦੀ ਤੇ ਨਫਰਤੀ ਸ਼ਬਦ ਵਰਤਦੇ ਹਨ ਅਤੇ ਧਮਕਾਉਂਦੇ ਹਨ।

16 ਅਕਤੂਬਰ ਨੂੰ ਘਟਨਾ ਉਸ ਵੇਲੇ ਵਾਪਰੀ ਜਦੋਂ ਕਲਾਸ ਤੋਂ ਬਾਹਰ ਪੰਜ ਵਿਦਿਆਰਥੀਆਂ ਨੇ ਸਰਬਜੀਤ ਨੂੰ ਘੇਰ ਲਿਆ। ਉਨ੍ਹਾਂ ਨੇ ਨਾ ਸਿਰਫ਼ ਉਸ ਨਾਲ ਮਾਰਕੁੱਟ ਕੀਤੀ, ਸਗੋਂ ਪੱਗ ਖਿੱਚ ਕੇ ਉਤਾਰ ਦਿੱਤੀ ਅਤੇ ਕੇਸ ਖਿੱਚੇ। ਜਦੋਂ ਸਰਬਜੀਤ ਨੇ ਵਿਰੋਧ ਕੀਤਾ ਤਾਂ ਹੋਰ ਕੁੱਟਿਆ। ਜਗਦੇਵ ਸਿੰਘ ਨੇ ਦੋਸ਼ ਲਾਇਆ ਕਿ ਇਸ ਘਟਨਾ ਦੀ ਜਾਣਕਾਰੀ ਕਾਲਜ ਪ੍ਰਿੰਸੀਪਲ ਅਤੇ ਅਧਿਆਪਕਾਂ ਨੂੰ ਦਿੱਤੀ ਗਈ ਸੀ, ਪਰ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਬਲਕਿ ਬਾਅਦ ਵਿੱਚ ਸਸਪੈਂਡ ਕੀਤੇ ਗਏ ਵਿਦਿਆਰਥੀਆਂ ਨੇ ਬਦਲਾ ਲੈਣ ਲਈ ਆਪਣੇ ਸਾਥੀਆਂ ਨਾਲ ਮਿਲ ਕੇ ਦੁਬਾਰਾ ਹਮਲਾ ਕੀਤਾ। ਉਨ੍ਹਾਂ ਨੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ।ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਦੋਸ਼ੀ ਵਿਦਿਆਰਥੀ ਹੁਣ ਵੀ ਫ਼ੋਨ ਰਾਹੀਂ ਧਮਕੀ ਭਰੇ ਸੰਦੇਸ਼ ਭੇਜ ਰਹੇ ਹਨ। ਇਨ੍ਹਾਂ ਸੰਦੇਸ਼ਾਂ ਵਿੱਚ ਲਿਖਿਆ ਜਾ ਰਿਹਾ ਹੈ ਕਿ ਤੂੰ ਕਦੇ ਸਾਡੀ ਬਰਾਬਰੀ ਨਹੀਂ ਕਰ ਸਕਦਾ, ਇਸ ਲਈ ਆਉਂਦੇ-ਜਾਂਦੇ ਸਮੇਂ ਨਮਸਤੇ ਕਰਿਆ ਕਰ। ਇਹ ਸੰਦੇਸ਼ ਨਾ ਸਿਰਫ਼ ਧਮਕੀ ਭਰੇ ਹਨ, ਸਗੋਂ ਧਾਰਮਿਕ ਅਤੇ ਨਸਲੀ ਵਿਤਕਰੇ ਨੂੰ ਵੀ ਦਰਸਾਉਂਦੇ ਹਨ। ਜਗਦੇਵ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਪੁੱਤਰ ਮਾਨਸਿਕ ਤੌਰ ’ਤੇ ਬਹੁਤ ਪ੍ਰੇਸ਼ਾਨ ਹੈ ਅਤੇ ਕਾਲਜ ਜਾਣ ਤੋਂ ਡਰਦਾ ਹੈ ।ਕਾਲਜ ਪ੍ਰਿੰਸੀਪਲ ਅਰੁਣ ਕੁਮਾਰ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਪਹਿਲੀ ਘਟਨਾ ਤੋਂ ਬਾਅਦ ਪ੍ਰਸ਼ਾਸਨ ਨੇ ਦੋਸ਼ੀ ਵਿਦਿਆਰਥੀਆਂ ਨੂੰ ਕਾਲਜ ਆਉਣ ਤੋਂ ਰੋਕ ਦਿੱਤਾ ਸੀ ਅਤੇ ਉਨ੍ਹਾਂ ਨੇ ਲਿਖਤੀ ਤੌਰ ’ਤੇ ਮਾਫ਼ੀ ਮੰਗੀ ਸੀ ਕਿ ਅਜਿਹੀ ਗਲਤੀ ਦੁਬਾਰਾ ਨਹੀਂ ਹੋਵੇਗੀ। ਪਰ ਪੀੜਤ ਪੱਖ ਦਾ ਕਹਿਣਾ ਹੈ ਕਿ ਇਹ ਕਾਰਵਾਈ ਨਾਕਾਫ਼ੀ ਸੀ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਨਹੀਂ ਮਿਲੀ, ਜਿਸ ਕਾਰਨ ਉਨ੍ਹਾਂ ਨੇ ਦੁਬਾਰਾ ਹਿੰਮਤ ਕੀਤੀ।

ਸਦਰ ਬਾਜ਼ਾਰ ਥਾਣਾ ਪੁਲਿਸ ਨੇ ਜਗਦੇਵ ਸਿੰਘ ਦੀ ਸ਼ਿਕਾਇਤ ’ਤੇ ਪੰਜ ਨਾਮਜ਼ਦ ਅਤੇ ਚਾਰ ਅਣਪਛਾਤੇ ਵਿਦਿਆਰਥੀਆਂ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਸੀਓ ਕੈਂਟ ਨਵੀਨਾ ਸ਼ੁਕਲਾ ਅਤੇ ਐਸਪੀ ਸਿਟੀ ਆਯੁਸ਼ ਵਿਕਰਮ ਸਿੰਘ ਨੇ ਕਿਹਾ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਸਬੂਤਾਂ ਦੇ ਆਧਾਰ ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। (ਬਾਕੀ ਸਫ਼ਾ 26 ’ਤੇ)

**ਦਰਪਣ ਝੂਠ ਨਹੀਂ ਬੋਲਦਾ**

# ਕੈਨੇਡਾ ’ਚ ਪੰਜਾਬੀਆਂ ਉੱਪਰ ਗੈਂਗ ਹਿੰਸਾ ਤੇ ਲੁੱਟਮਾਰ ਦਾ ਖ਼ਤਰਾ ਮੰਡਰਾਇਆ

## ਐਡਮਿੰਟਨ ’ਚ ਦੋ ਪੰਜਾਬੀ ਨੌਜਵਾਨਾਂ ਦੀ ਬੇਰਹਿਮੀ ਨਾਲ ਹੱਤਿਆ ਤੇ ਪੰਜਾਬੀ ਕਾਰੋਬਾਰੀ ਦੇ ਘਰ ’ਤੇ ਫ਼ਾਇਰਿੰਗ

ਬੀਤੇ ਦਿਨੀ ਮਾਨਸਾ ਜ਼ਿਲ੍ਹੇ ਦੇ ਗੁਰਦੀਪ ਸਿੰਘ (27) ਅਤੇ ਰਣਵੀਰ ਸਿੰਘ (18) ਦੀ ਐਡਮਿੰਟਨ ਦੇ 32 ਐਵੇਨਿਊ ਅਤੇ 26 ਸਟਰੀਟ ਦੇ ਚੌਰਾਹੇ ਨੇੜੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ ।ਗੁਰਦੀਪ ਸਿੰਘ ਅਤੇ ਰਣਵੀਰ ਸਿੰਘ, ਜੋ ਢਾਈ ਸਾਲ ਪਹਿਲਾਂ ਸਟੱਡੀ ਵੀਜ਼ੇ ਉੱਤੇ ਕੈਨੇਡਾ ਆਏ ਸਨ, ਆਪਣੇ ਦੋਸਤ ਦਾ ਜਨਮ-ਦਿਨ ਮਨਾਉਣ ਜਾ ਰਹੇ ਸਨ। ਅਚਾਨਕ ਹਮਲਾਵਰਾਂ ਨੇ ਗੱਡੀ ਰੋਕ ਲਈ ਅਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਨੇੜੇ ਰਹਿਣ ਵਾਲੇ ਲੋਕਾਂ ਨੇ ਗੋਲੀਆਂ ਦੀ ਆਵਾਜ਼ ਸੁਣੀ ਅਤੇ ਪੁਲਿਸ ਨੂੰ ਬੁਲਾਇਆ।

ਐਡਮਿੰਟਨ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਸੀ.ਸੀ.ਟੀ.ਵੀ. ਫੁਟੇਜ ਅਤੇ ਨੌਜਵਾਨਾਂ ਦੀਆਂ ਗਤੀਵਿਧੀਆਂ ਦੀ ਪੜਚੋਲ ਜਾਰੀ ਹੈ। ਪੁਲਿਸ ਨੂੰ ਸ਼ੱਕ ਹੈ ਕਿ ਇਹ ਗੈਂਗ ਵਾਇਲੈਂਸ ਨਾਲ ਜੁੜੀ ਹੋ ਸਕਦੀ ਹੈ, ਜੋ ਪੰਜਾਬੀ ਭਾਈਚਾਰੇ ਨੂੰ ਨਿਸ਼ਾਨਾ ਬਣਾ ਰਹੀ ਹੈ।

ਐਡਮਿੰਟਨ ਘਟਨਾ ਤੋਂ ਇੱਕ ਦਿਨ ਪਹਿਲਾਂ ਹੀ ਟੋਰਾਂਟੋ ਨੇੜੇ ਕੈਲਡਨ ਵਿੱਚ ਇੱਕ ਹੋਰ ਹਿੰਸਕ ਘਟਨਾ ਵਾਪਰੀ। ਭਾਰਤੀ ਮੂਲ ਦੇ ਕਾਰੋਬਾਰੀ ਰਣਵੀਰ ਮੰਡ ਦੇ ਘਰ ਉੱਤੇ 16 ਗੋਲੀਆਂ ਚਲਾਈਆਂ ਗਈਆਂ। ਗੋਲੀਆਂ ਕਾਰ, ਗੈਰੇਜ ਅਤੇ ਰਸੋਈ ਨੂੰ ਲੱਗੀਆਂ, ਪਰ ਕੋਈ ਜ਼ਖ਼ਮੀ ਨਹੀਂ ਹੋਇਆ। ਰਣਵੀਰ ਨੇ ਦੱਸਿਆ ਕਿ ਉਹ 30 ਸਾਲ ਪਹਿਲਾਂ ਕੈਨੇਡਾ ਆਏ ਅਤੇ ਰੈਸਟੋਰੈਂਟ ਤੇ ਕੰਸਟ੍ਰੱਕਸ਼ਨ ਕੰਪਨੀ ਚਲਾਉਂਦੇ ਹਨ। ਤਿੰਨ ਮਹੀਨੇ ਪਹਿਲਾਂ ਲਾਰੈਂਸ ਬਿਸ਼ਨੋਈ ਗੈਂਗ ਨੇ 2 ਮਿਲੀਅਨ ਡਾਲਰ ਦੀ ਫਿਰੌਤੀ ਮੰਗੀ ਸੀ। ਇਨਕਾਰ ਕਰਨ ’ਤੇ ਇੰਗਲੈਂਡ ਅਤੇ ਇਟਲੀ ਤੋਂ ਧਮਕੀਆਂ ਆਈਆਂ ਸਨ।

ਪ੍ਰਸਿੱਧ ਪੱਤਰਕਾਰ ਡਾ. ਗੁਰਵਿੰਦਰ ਸਿੰਘ ਧਾਲੀਵਾਲ ਅਨੁਸਾਰ ਪੰਜਾਬੀ-ਸਿੱਖ ਭਾਈਚਾਰਾ ਕੈਨੇਡਾ ਵਿੱਚ





ਸਰਗਰਮ ਹੈ - ਖਾਸ ਕਰਕੇ ਬੀਸੀ, ਓਂਟਾਰੀਓ ਅਤੇ ਅਲਬਰਟਾ ਵਿੱਚ। ਉਹ ਟਰੱਕਿੰਗ, ਕੰਸਟ੍ਰੱਕਸ਼ਨ ਅਤੇ ਵਪਾਰ ਵਿੱਚ ਅੱਗੇ ਹਨ, ਜੋ ਫਿਰੌਤੀ ਲਈ ਆਸਾਨ ਨਿਸ਼ਾਨਾ ਬਣਦੇ ਹਨ। ਪਰ ਮੁੱਖ ਕਾਰਨ ਰਾਜਨੀਤਿਕ ਹੈ: ਖ਼ਾਲਿਸਤਾਨ ਅੰਦੋਲਨ। ਸਿੱਖ ਆਰਗੇਨਾਈਜ਼ੇਸ਼ਨ ਆਫ਼ ਕੈਨੇਡਾ (ਡਬਲਯੂ.ਐੱਸ.ਓ.) ਅਨੁਸਾਰ, ਭਾਰਤ ਸਰਕਾਰ ਬਿਸ਼ਨੋਈ ਵਰਗੇ ਗੈਂਗਾਂ ਨੂੰ ਵਰਤਕੇ ਸਿੱਖਾਂ ਤੇ ਪੰਜਾਬੀਆਂ ਨੂੰ ਨਿਸ਼ਾਨਾ ਬਣਾਉਂਦੀ ਹੈ। ਭਾਈ ਹਰਦੀਪ ਸਿੰਘ ਨਿੱਜਰ ਦੀ ਹੱਤਿਆ (2023) ਤੋਂ ਬਾਅਦ ਇਹ ਤਰਜਮਾਨੀ ਹਿੰਸਾ ਵਧੀ ਹੈ। ਪੰਜਾਬੀ ਲੋਕਾਂ ਦਾ ਮੰਨਣਾ ਹੈ ਕਿ ਗੁਜਰਾਤੀ ਜਾਂ ਹੋਰ ਭਾਰਤੀ ਭਾਈਚਾਰੇ ਖ਼ਾਲਿਸਤਾਨ ਨਹੀਂ ਮੰਨੇ ਜਾਂਦੇ, ਇਸ ਲਈ ਉਹ ਨਿਸ਼ਾਨੇ ਉੱਤੇ ਨਹੀਂ ਹਨ।

ਪੰਥਕ ਜਥੇਬੰਦੀਆਂ ਜਿਵੇਂ ਸਿੱਖ ਫੈਡਰੇਸ਼ਨ ਅਤੇ ਦਸਮੇਸ਼ ਕਲਚਰ ਸੈਂਟਰ ਨੇ ਇਸ ਬਾਰੇ ਕੈਨੇਡਾ ਤੋਂ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ।

ਸਿੱਖ ਭਾਈਚਾਰੇ ਨੇ ਕੈਨੇਡਾ ਸਰਕਾਰ ਵਿਰੁੱਧ ਕਈ ਮੁਹਿੰਮਾਂ ਚਲਾਈਆਂ ਹਨ। ਬ੍ਰੈਂਪਟਨ ਅਤੇ ਸਰੀ ਵਿੱਚ ਵੀ ਅਜਿਹੇ ਸਮਾਗਮ ਹੋਏ ਹਨ, ਜਿਸ ਵਿੱਚ ਗੈਂਗ ਹਿੰਸਾ ਦੀ ਨਿਖੇਧੀ ਕੀਤੀ ਗਈ ਸੀ।

ਇਸ ਤੋਂ ਇਲਾਵਾ, ਫਿਰੌਤੀ ਅਤੇ ਹਿੰਸਾ ਵਿਰੁੱਧ ਟਾਊਨ ਹਾਲਾਂ ਦੀ ਲੜੀ ਚੱਲ ਰਹੀ ਹੈ। ਹੁਣ ਕੈਲਗਰੀ ਵਿੱਚ 14 ਦਸੰਬਰ ਨੂੰ ਵੈਨਿਸ ਬੈਂਕਵੇਟ ਹਾਲ ਵਿੱਚ ਵੱਡਾ ਸਮਾਗਮ ਹੋਇਆ ਸੀ। ਡਬਲਯੂ.ਐੱਸ.ਓ., ਸਿੱਖ ਫੈਡਰੇਸ਼ਨ ਅਤੇ ਦਸਮੇਸ਼ ਕਲਚਰ ਸੈਂਟਰ ਨੇ ਆਯੋਜਿਤ ਕੀਤਾ ਸੀ। ਇੱਥੇ 600 ਤੋਂ ਵੱਧ ਲੋਕ ਇਕੱਠੇ ਹੋਏ ਸਨ ਅਤੇ ਅਧਿਕਾਰੀਆਂ ਨੂੰ ਸਵਾਲ ਕੀਤੇ ਸਨ। ਜਸਕਰਨ ਸਿੰਘ ਸੰਧੂ, ਡਬਲਯੂਐੱਸਓ ਅਲਬਰਟਾ ਪ੍ਰਧਾਨ ਨੇ ਕਿਹਾ, ‘ਹਰ ਕੋਈ ਜਾਣਦਾ ਹੈ ਕਿ ਇਹ ਗੈਂਗ ਹਿੰਸਾ ਪੰਜਾਬੀਆਂ ਵਿਰੁੱਧ ਕੌਣ ਕਰਾ ਰਿਹਾ ਹੈ। ਇਹ ਰਾਸ਼ਟਰੀ ਸੰਕਟ ਹੈ, ਨਾ ਕਿ ਸਥਾਨਕ। ਪਰ ਕੈਨੇਡਾ ਸਰਕਾਰ ਇਸ ਸੰਕਟ ਵਲ ਧਿਆਨ ਨਹੀਂ ਦੇ ਰਹੀ।

ਸਤੰਬਰ 2025 ਦੀ ਪੁਲਿਸ ਰਿਪੋਰਟ ਅਨੁਸਾਰ, ਧਮਕੀਆਂ , ਹਿੰਸਾ , ਕਤਲ ਵਧ ਰਹੇ ਹਨ। ਟੋਰਾਂਟੋ ਵਿੱਚ ਹੋਏ ਟਾਊਨ ਹਾਲਾਂ ਨੇ ਰਾਸ਼ਟਰੀ ਧਿਆਨ ਖਿੱਚਿਆ, ਜਿਸ ਨਾਲ ਕੈਲਗਰੀ ਵਿੱਚ ਲਿਬਰਲ, ਕੰਜ਼ਰਵੇਟਿਵ ਅਤੇ ਐੱਨਡੀਪੀ ਨੇਤਾ ਆਏ ਸਨ।

(ਬਾਕੀ ਸਫ਼ਾ 27 ’ਤੇ)

# ਵੀਰ ਬਾਲ ਦਿਵਸ ਸਬੰਧੀ ਸਿੱਖ ਵਿਦਵਾਨਾਂ ਵੱਲੋਂ ਮੋਦੀ ਸਰਕਾਰ ’ਤੇ ਇਤਰਾਜ਼ ਕਿਉਂ ?

## ਪੰਥਕ ਜਥੇਬੰਦੀਆਂ ਦੀ ਮੰਗ ਕਿ ਮੋਦੀ ਸਰਕਾਰ ਸਾਹਿਬਜ਼ਾਦੇ ਸ਼ਹੀਦੀ ਦਿਵਸ ਨਾਂਅ ਰੱਖੇ ਅਤੇ ਚਾਰੇ ਸਾਹਿਬਜ਼ਾਦਿਆਂ ਦਾ ਸਮਾਗਮ ਮਨਾਵੇ

ਦੇਸ਼ ਭਰ ਵਿੱਚ 26 ਦਸੰਬਰ ਨੂੰ ਵੀਰ ਬਾਲ ਦਿਵਸ ਵਜੋਂ ਮਨਾਏ ਜਾਣ ਤੋਂ ਪਹਿਲਾਂ ਸਿੱਖ ਬੁੱਧੀਜੀਵੀਆਂ, ਵਿਦਵਾਨਾਂ, ਸੰਸਦ ਮੈਂਬਰਾਂ ਅਤੇ ਧਾਰਮਿਕ ਜਥੇਬੰਦੀਆਂ ਵੱਲੋਂ ਇਸ ਨਾਂਅ ਨੂੰ ਬਦਲ ਕੇ ਸਾਹਿਬਜ਼ਾਦੇ ਸ਼ਹੀਦੀ ਦਿਵਸ ਜਾਂ ਚਾਰ ਸਾਹਿਬਜ਼ਾਦੇ ਸ਼ਹੀਦੀ ਦਿਵਸ ਰੱਖਣ ਦੀ ਮੰਗ ਨੂੰ ਮੁੜ ਦੁਹਰਾਇਆ ਹੈ। ਇਹ ਵਿਵਾਦ 2022 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਸ ਦਿਨ ਨੂੰ ਵੀਰ ਬਾਲ ਦਿਵਸ ਐਲਾਨਣ ਤੋਂ ਬਾਅਦ ਸ਼ੁਰੂ ਹੋਇਆ ਸੀ ਅਤੇ ਹੁਣ ਵੀ ਜਾਰੀ ਹੈ। ਸਿੱਖ ਵਿਦਵਾਨਾਂ ਅਨੁਸਾਰ ਇਹ ਨਾਂ ਨਾ ਸਿਰਫ਼ ਸਿੱਖ ਇਤਿਹਾਸ ਅਤੇ ਮਰਿਆਦਾ ਨਾਲ ਮੇਲ ਨਹੀਂ ਖਾਂਦਾ, ਸਗੋਂ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਵੰਡਦਾ ਹੈ ਅਤੇ ਸਿੱਖ ਪਹਿਚਾਣ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਵੀ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਪੁੱਤਰਾਂ ਨੂੰ ਸਿੱਖ ਧਰਮ ਵਿੱਚ ਚਾਰ ਸਾਹਿਬਜ਼ਾਦੇ ਕਿਹਾ ਜਾਂਦਾ ਹੈ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ (ਉਮਰ 18 ਸਾਲ) ਅਤੇ ਬਾਬਾ ਜੁਝਾਰ ਸਿੰਘ ਜੀ (ਉਮਰ 14 ਸਾਲ) ਨੇ 22 ਦਸੰਬਰ 1705 ਨੂੰ ਚਮਕੌਰ ਦੀ ਜੰਗ ਵਿੱਚ ਸ਼ਹਾਦਤ ਪਾਈ ਸੀ। ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ (ਉਮਰ 9 ਸਾਲ) ਅਤੇ ਬਾਬਾ ਫਤਿਹ ਸਿੰਘ ਜੀ (ਉਮਰ 6 ਸਾਲ) ਨੂੰ 26 ਦਸੰਬਰ 1705 ਨੂੰ ਸਰਹਿੰਦ ਵਿੱਚ ਜਿੰਦਾ ਦੀਵਾਰ ਵਿੱਚ ਚਿਣ ਕੇ ਸ਼ਹੀਦ ਕੀਤਾ ਗਿਆ ਸੀ। ਇਹ ਸ਼ਹਾਦਤਾਂ ਵਿਸ਼ਵ ਇਤਿਹਾਸ ਵਿੱਚ ਬੇਮਿਸਾਲ ਮੰਨੀਆਂ ਜਾਂਦੀਆਂ ਹਨ ਕਿਉਂਕਿ ਇੰਨੀ ਛੋਟੀ ਉਮਰ ਵਿੱਚ ਧਰਮ ਲਈ ਅਜਿਹੀ ਕੁਰਬਾਨੀ ਕਿਸੇ ਹੋਰ ਧਰਮ ਵਿੱਚ ਨਹੀਂ ਮਿਲਦੀ।

ਸਿੱਖ ਵਿਦਵਾਨ ਗੁਰਤੇਜ ਸਿੰਘ ਆਈ.ਏ.ਐਸ. ਅਨੁਸਾਰ, ਸਿੱਖਾਂ ਲਈ 21 ਤੋਂ 27 ਦਸੰਬਰ ਤੱਕ ਚਾਰ ਸਾਹਿਬਜ਼ਾਦੇ ਸ਼ਹੀਦੀ ਸਪਤਾਹ ਮਨਾਇਆ ਜਾਂਦਾ ਹੈ। ਇਹ ਪੂਰਾ ਹਫ਼ਤਾ ਸ਼ਹਾਦਤ ਦੀ ਯਾਦ ਵਿੱਚ ਗੁਰਬਾਣੀ ਪਾਠ ਅਤੇ ਕੀਰਤਨ ਨਾਲ ਮਨਾਇਆ ਜਾਂਦਾ ਹੈ, ਨਾ ਕਿ ਮਾਤਮ ਨਾਲ। ਇਸ ਨੂੰ ਵੰਡ ਕੇ ਸਿਰਫ਼ ਛੋਟੇ ਸਾਹਿਬਜ਼ਾਦਿਆਂ ਨੂੰ ‘ਬਾਲ’ ਕਹਿ ਕੇ ਯਾਦ ਕਰਨਾ ਸਿੱਖ ਮਰਿਆਦਾ ਦੇ ਖਿਲਾਫ਼ ਹੈ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਭਾਵੇਂ ਇਹ ਸਿੱਖ ਇਤਿਹਾਸ ਵਿੱਚ ਅਤਿ ਦੁਖਦਾਈ ਘਟਨਾ ਹੈ ਪਰ ਸਿੱਖ ਇਸ ਨੂੰ ਗੌਰਵ ਨਾਲ ਯਾਦ ਕਰਦੇ ਹਨ। ਰੋਜ਼ਾਨਾ ਅਰਦਾਸ ਵਿੱਚ ਵੀ ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਚਾਲੀ ਮੁਕਤੇ... ਇਕੱਠੇ ਯਾਦ ਕੀਤੇ ਜਾਂਦੇ ਹਨ।

2022 ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ’ਤੇ ਐਲਾਨ ਕੀਤਾ ਕਿ 26 ਦਸੰਬਰ ਨੂੰ ਵੀਰ ਬਾਲ ਦਿਵਸ ਹਮੇਸ਼ਾ ਮਨਾਇਆ ਜਾਵੇਗਾ, ਜੋ ਸਿਰਫ਼ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਹੈ। ਇਸ ਨੂੰ ਗਜ਼ਟ ਨੋਟੀਫਿਕੇਸ਼ਨ ਨਾਲ ਰਸਮੀ ਬਣਾ ਦਿੱਤਾ ਗਿਆ। ਪਰ ਐਲਾਨ ਹੁੰਦੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਕਈ ਸਿੱਖ ਜਥੇਬੰਦੀਆਂ ਨੇ ਇਸ ਦਾ ਵਿਰੋਧ ਕੀਤਾ ਸੀ। ਉਨ੍ਹਾਂ ਨੇ ਕਿਹਾ ਕਿ ਇਹ ਨਾਂਅ ਸਿੱਖ ਮਰਿਆਦਾ ਨਾਲ ਨਹੀਂ ਮਿਲਦਾ ਅਤੇ ਸਿਰਫ਼ ਛੋਟੇ ਸਾਹਿਬਜ਼ਾਦਿਆਂ ਨੂੰ ਯਾਦ ਕਰਨ ਨਾਲ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਘਟਾਇਆ ਜਾ ਰਿਹਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਨੇ ਇੱਕ ਕਮੇਟੀ ਬਣਾਈ ਜਿਸ ਨੇ ਸੁਝਾਅ ਦਿੱਤਾ ਕਿ ਬਾਲ ਦਿਵਸ ਦਾ ਨਾਂ ਸਾਹਿਬਜ਼ਾਦੇ ਸ਼ਹੀਦੀ ਦਿਵਸ ਰੱਖਿਆ ਜਾਵੇ। ਐਸ.ਜੀ.ਪੀ.ਸੀ. ਨੇ ਵੀ ਇਸ ਨੂੰ ਪਾਸ ਕੀਤਾ ਅਤੇ ਕੇਂਦਰ ਸਰਕਾਰ ਨੂੰ ਪੱਤਰ ਲਿਖੇ ਪਰ ਕੋਈ ਬਦਲਾਅ ਨਹੀਂ ਹੋਇਆ।2025 ਵਿੱਚ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਸੰਸਦ ਮੈਂਬਰਾਂ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਕਿ ਇਸ ਨਾਂਅ ਨੂੰ ਬਦਲਿਆ ਜਾਵੇ ਕਿਉਂਕਿ ਇਹ ਸਿੱਖ ਸਿਧਾਂਤਾਂ ਨਾਲ ਮੇਲ ਨਹੀਂ ਖਾਂਦਾ।

# ਵਿਸ਼ਵ ਰਿਪੋਰਟ 2026 ਨੇ ਕੀਤਾ ਵੱਡਾ ਖ਼ੁਲਾਸਾ: ਭਾਰਤ ਵਿੱਚ ਵਧ ਰਹੀ ਹੈ ਅਸਮਾਨਤਾ, ਗ਼ਰੀਬੀ ਵਧੀ

## 65 ਫ਼ੀਸਦੀ ਦੌਲਤ ’ਤੇ ਉੱਪਰਲੀਆਂ ਜਾਤੀਆਂ ਅਤੇ ਅਮੀਰ ਵਰਗਾਂ ਦਾ ਹੱਕ

## ਆਦਿਵਾਸੀ, ਦਲਿਤ ਤੇ ਮਿਹਨਤਕਸ਼ ਵਰਗ ਕਿਉਂ ਪੱਛੜ ਰਹੇ ਹਨ ?

ਵਿਸ਼ਵ ਅਸਮਾਨਤਾ ਰਿਪੋਰਟ 2026 ਅਨੁਸਾਰ, ਭਾਰਤ ਦੇ ਸਭ ਤੋਂ ਅਮੀਰ 10 ਫੀਸਦੀ ਲੋਕਾਂ ਨੇ ਪੂਰੇ ਦੇਸ਼ ਦੀ 65 ਫੀਸਦੀ ਦੌਲਤ ’ਤੇ ਕਬਜ਼ਾ ਕੀਤਾ ਹੋਇਆ ਹੈ। ਇਹਨਾਂ ਵਿੱਚੋਂ ਵੀ ਸਭ ਤੋਂ ਅਮੀਰ 1 ਫੀਸਦੀ ਲੋਕਾਂ (ਲਗਭਗ 1.40 ਕਰੋੜ) ਨੇ 40 ਫੀਸਦੀ ਦੌਲਤ ਨੂੰ ਆਪਣੇ ਹੱਥਾਂ ਵਿੱਚ ਲੈ ਲਿਆ ਹੈ। ਇੱਕ ਪਾਸੇ 14 ਕਰੋੜ ਅਮੀਰ ਲੋਕਾਂ ਕੋਲ 65 ਫੀਸਦੀ ਅਮੀਰੀ, ਦੂਜੇ ਪਾਸੇ 1 ਅਰਬ 36 ਕਰੋੜ ਆਮ ਲੋਕਾਂ ਕੋਲ ਸਿਰਫ਼ 35 ਫੀਸਦੀ ਦੌਲਤ ਹੈ।

ਰਿਪੋਰਟ ਨੂੰ ਪੈਰਿਸ ਵਿੱਚ ਬਣੀ ਵਰਲਡ ਇਨੀਕੁਅਲਿਟੀ ਲੈਬ ਨੇ ਤਿਆਰ ਕੀਤਾ ਸੀ ।ਰਿਪੋਟ ਅਨੁਸਾਰ, ਆਮਦਨ ਵਿੱਚ ਵੀ ਇਹ ਅਸਮਾਨਤਾ ਹੈਰਾਨ ਕਰਨ ਵਾਲੀ ਹੈ। ਦੇਸ਼ ਦੇ ਉੱਪਰਲੇ 10 ਫੀਸਦੀ ਲੋਕਾਂ ਨੂੰ ਪੂਰੀ ਦੌਲਤ ਦਾ 58 ਫੀਸਦੀ ਹਿੱਸਾ ਮਿਲ ਰਿਹਾ ਹੈ, ਜਦਕਿ ਹੇਠਲੇ 50 ਫੀਸਦੀ ਲੋਕਾਂ ਨੂੰ ਸਿਰਫ਼ 15 ਫੀਸਦੀ। ਤਿੰਨ ਸਾਲਾਂ ਵਿੱਚ ਹੀ ਉੱਪਰਲੇ 10 ਫੀਸਦੀ ਦੀ ਦੌਲਤ ਵਿੱਚ 7 ਫੀਸਦੀ ਵਾਧਾ ਹੋ ਗਿਆ ਹੈ।

ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਇਹ ਅਮੀਰ 10 ਫੀਸਦੀ ਲੋਕ ਕੌਣ ਹਨ ? ਉਹ ਕਿਸ ਸਮਾਜਕ ਜਾਤੀ ਅਤੇ ਵਰਗ ਨਾਲ ਜੁੜੇ ਹਨ ? ਰਿਪੋਰਟ ਅਤੇ ਹੋਰ ਅਧਿਐਨਾਂ ਅਨੁਸਾਰ, ਇਹਨਾਂ ਵਿੱਚ




ਬਹੁਤ ਘੱਟ ਆਦਿਵਾਸੀ, ਦਲਿਤ ਜਾਂ ਅਤਿ ਪਛੜੇ ਹਨ। 2011 ਦੀ ਜਨਗਣਨਾ ਅਨੁਸਾਰ, ਦੇਸ਼ ਵਿੱਚ 10.50 ਕਰੋੜ ਆਦਿਵਾਸੀ ਸਨ, ਜੋ ਹੁਣ 12 ਕਰੋੜ ਹੋ ਗਏ ਹਨ। ਭਾਰਤੀ ਅਰਬਪਤੀਆਂ ਵਿੱਚ ਕੋਈ ਵੀ ਆਦਿਵਾਸੀ ਨਹੀਂ ਹੈ। ਇਸੇ ਤਰ੍ਹਾਂ, ਦਲਿਤਾਂ ਦੀ ਆਬਾਦੀ 24 ਕਰੋੜ ਹੈ, ਪਰ ਉੱਪਰਲੇ 10 ਫੀਸਦੀ ਵਿੱਚ ਉਨ੍ਹਾਂ ਦੀ ਕੋਈ ਥਾਂ ਨਹੀਂ ਹੈ।ਅਤਿ ਪਛੜੇ, ਜੋ ਦੇਸ਼ ਦੀ 30-35 ਫੀਸਦੀ ਆਬਾਦੀ (40 ਕਰੋੜ ਤੋਂ ਵੱਧ) ਹਨ, ਉਨ੍ਹਾਂ ਵਿੱਚੋਂ ਵੀ ਘੱਟੋ-ਘੱਟ ਕੋਈ ਅਮੀਰ ਨਹੀਂ ।ਅਧਿਐਨਾਂ ਅਨੁਸਾਰ, ਭਾਰਤੀ ਅਰਬਪਤੀਆਂ ਦੀ 88.4 ਫੀਸਦੀ ਦੌਲਤ ਉੱਪਰਲੀਆਂ ਜਾਤੀਆਂ (ਅੱਪਰ ਕਾਸਟ) ਵਿੱਚ ਕੇਂਦਰਿਤ ਹੈ। ਇਹ ਉਹ ਲੋਕ ਹਨ ਜੋ ਇਤਿਹਾਸਕ ਤੌਰ ਤੇ ਸ਼ਾਸਕ ਜਾਤੀਆਂ ਨਾਲ ਜੁੜੇ ਹਨ - ਜਿਵੇਂ ਬ੍ਰਾਹਮਣ, ਕਸ਼ੱਤਰੀਆਂ ਅਤੇ ਵੈਸ਼ਿਆ।ਹੋਰ ਪਛੜੇ ਵਰਗ (+23) ਵਿੱਚੋਂ ਵੀ ਸਿਰਫ਼ 1-2 ਫੀਸਦੀ ਹੀ ਉੱਪਰਲੇ 10 ਵਿੱਚ ਹੋ ਸਕਦੇ ਹਨ, ਜੋ ਕਿ ਦੇਸ਼ ਦੀ ਅੱਧੀ ਆਬਾਦੀ (70 ਕਰੋੜ) ਨੂੰ ਦਰਸਾਉਂਦੇ ਹਨ। ਇਹਨਾਂ ਵਿੱਚੋਂ ਵੀ ਅਗੜੀਆਂ ਪਛੜੀ ਜਾਤੀਆਂ ਜਿਵੇਂ ਮਰਾਠਾ, ਪਟੇਲ ਜਾਂ ਜਾਟ ਹੀ ਅੱਗੇ ਵਧੀਆਂ ਹਨ।ਆਮ ਤੌਰ ਤੇ, ਇਹ 14 ਕਰੋੜ ਅਮੀਰ ਲੋਕ ਦੇਸ਼ ਦੇ ‘ਦੂਜੇ ਦਰਜੇ ਦੀਆਂ-ਸਵਰਨ’ ਜਾਤੀਆਂ ਨਾਲ ਜੁੜੇ ਹਨ। ਉਹਨਾਂ ਵਿੱਚ ਮਜ਼ਦੂਰ ਜਾਂ ਕਿਸਾਨਾਂ ਦਾ ਨਾਮ ਵੀ ਨਹੀਂ।

# ਪੰਜਾਬ ’ਚ ਸਿੱਖ ਆਬਾਦੀ ਦਾ ਘਟਣਾ: ਇੱਕ ਬਦਲਦੀ ਜਨਸੰਖਿਆ ਦੀ ਚਿੰਤਾ

## ਅੰਕੜੇ ਡਰਾਉਂਦੇ ਨੇ: ਪੰਜਾਬ ’ਚ ਸਿੱਖ ਸਿਰਫ਼ 49%, ਹਿੰਦੂ 45.7.% ਤੇ ਮੁਸਲਿਮ 3.4 ਪ੍ਰਤੀਸ਼ਤ

## ਨੀਵੀਂ ਜਨਨ ਦਰ, ਵਿਦੇਸ਼ ਪ੍ਰਵਾਸ ਤੇ ਪੂਰਬੀ ਮਜ਼ਦੂਰਾਂ ਦੀ ਬਹੁਤਾਤ - ਤਿੰਨ ਵੱਡੇ ਕਾਰਨ

ਪੰਜਾਬ, ਜੋ ਕਿ ਦੁਨੀਆ ਦਾ ਇਕਲੌਤਾ ਸਿੱਖ ਬਹੁਗਿਣਤੀ ਵਾਲਾ ਰਾਜ ਹੈ, ਅੱਜ ਆਪਣੀ ਘੱਟ ਰਹੀ ਜਨਸੰਖਿਆ ਦੀ ਸਮੱਸਿਆ ਨਾਲ ਜੂਝ ਰਿਹਾ ਹੈ।2011 ਦੀ ਜਨਗਣਨਾ ਅਨੁਸਾਰ ਸਿੱਖਾਂ ਦਾ ਹਿੱਸਾ 57.69 ਫ਼ੀਸਦੀ ਸੀ, ਪਰ ਨਵੇਂ ਅੰਕੜਿਆਂ ਅਨੁਸਾਰ ਇਹ ਹੁਣ 50 ਫ਼ੀਸਦੀ ਤੋਂ ਵੀ ਘੱਟ ਹੋ ਗਿਆ ਹੈ। ਯੂਨਾਈਟਿਡ ਡਿਸਟ੍ਰਿਕਟ ਇਨਫ਼ਰਮੇਸ਼ਨ ਸਿਸਟਮ ਫ਼ਾਰ ਐਜੂਕੇਸ਼ਨ ਪਲੱਸ (ਯੂ.ਡੀ.ਆਈ.ਐਸ.ਈ.+) ਦੀ 2023-24 ਰਿਪੋਰਟ ਵਿੱਚ ਖੁਲਾਸਾ ਹੋਇਆ ਸੀ ਕਿ 3 ਤੋਂ 7 ਸਾਲ ਦੇ ਬੱਚਿਆਂ ਵਿੱਚ ਸਿੱਖਾਂ ਦਾ ਹਿੱਸਾ ਸਿਰਫ਼ 49 ਫ਼ੀਸਦੀ ਰਹਿ ਗਿਆ ਹੈ, ਜੋ 2011 ਵਿੱਚ 57.69 ਫ਼ੀਸਦੀ ਸੀ। ਇਸ ਤਰ੍ਹਾਂ, ਭਵਿੱਖ ਵਿੱਚ ਸਿੱਖ ਬਹੁਗਿਣਤੀ ਖਤਰੇ ਵਿੱਚ ਹੈ। ਦੂਜੇ ਪਾਸੇ, ਹਿੰਦੂ ਆਬਾਦੀ 38.49 ਫ਼ੀਸਦੀ ਤੋਂ ਵਧ ਕੇ 45.7 ਫ਼ੀਸਦੀ ਹੋ ਗਈ ਹੈ, ਜਦਕਿ ਮੁਸਲਮਾਨਾਂ ਦਾ ਹਿੱਸਾ 1.93 ਫ਼ੀਸਦੀ ਤੋਂ ਤਿੰਨ ਗੁਣਾ ਵਧ ਕੇ 3.4 ਫ਼ੀਸਦੀ ਹੋ ਗਿਆ ਹੈ। ਇਹ ਬਦਲਾਅ ਨਾ ਸਿਰਫ਼ ਸਿੱਖ ਕੌਮ ਲਈ ਚੁਣੌਤੀ ਹੈ, ਸਗੋਂ ਪੰਜਾਬ ਦੀ ਸੱਭਿਆਚਾਰਕ ਅਤੇ ਰਾਜਨੀਤਿਕ ਵਿਰਾਸਤ ਨੂੰ ਵੀ ਖਤਰੇ ਵਿੱਚ ਪਾ ਰਿਹਾ ਹੈ।ਪ੍ਰਸਿੱਧ ਪੱਤਰਕਾਰ ਜਸਪਾਲ ਸਿੰਘ ਸਿੱਧੂ ਕਹਿੰਦੇ ਹਨ, ‘ਇਹ ਕੋਈ ਸਾਧਾਰਣ ਘਟਨਾ ਨਹੀਂ ਹੈ।ਇਹ ਇੱਕ ਲੰਮੇ ਸਮੇਂ ਦੀ ਪ੍ਰਕਿਰਿਆ ਹੈ ਜਿਸ ਵਿੱਚ ਨੀਵੀਂ ਜਨਨ ਦਰ, ਵਿਦੇਸ਼ਾਂ ਵੱਲ ਪ੍ਰਵਾਸ ਅਤੇ ਅੰਦਰੂਨੀ ਪ੍ਰਵਾਸੀ ਮਜ਼ਦੂਰਾਂ ਦੀ ਵਧਦੀ ਗਿਣਤੀ ਸ਼ਾਮਲ ਹੈ। ਜੇਕਰ ਹੁਣ ਵੀ ਕੋਈ ਉਪਰਾਲਾ ਨਾ ਹੋਇਆ ਤਾਂ 2050 ਤੱਕ ਪੰਜਾਬ ਵਿੱਚ ਸਿੱਖ ਘੱਟ ਗਿਣਤੀ ਬਣ ਜਾਣਗੇ।’

### ਇਤਿਹਾਸਕ ਪਿਛੋਕੜ: ਪੰਜਾਬੀ ਸੂਬੇ ਦੀ ਸਿੱਖੀ ਵਿਰਾਸਤ

1966 ਵਿੱਚ ਪੰਜਾਬੀ ਸੂਬੇ ਦੀ ਸਥਾਪਨਾ ਮੁੱਖ ਤੌਰ ’ਤੇ ਸਿੱਖ ਬਹੁਗਿਣਤੀ ਵਾਲੇ ਰਾਜ ਬਣਾਉਣ ਲਈ ਹੀ ਕੀਤੀ ਗਈ ਸੀ। ਮਾਸਟਰ ਤਾਰਾ ਸਿੰਘ ਵਰਗੇ ਸਿੱਖ ਆਗੂਆਂ ਨੇ ਇਸ ਮੰਗ ਨੂੰ ਉਠਾਇਆ ਸੀ ਤਾਂ ਜੋ ਸਿੱਖ ਕੌਮ ਨੂੰ ਆਪਣਾ ਆਧਾਰ ਮਿਲ ਸਕੇ। 1971 ਦੀ ਜਨਗਣਨਾ ਅਨੁਸਾਰ ਪੰਜਾਬ ਵਿੱਚ ਸਿੱਖ 60.58 ਫ਼ੀਸਦੀ, ਹਿੰਦੂ 37.13 ਫ਼ੀਸਦੀ ਅਤੇ ਮੁਸਲਿਮ ਸਿਰਫ਼ 0.87 ਫ਼ੀਸਦੀ ਸਨ। ਇਹ ਅੰਕੜੇ ਪੰਜਾਬ ਨੂੰ ਸਿੱਖਾਂ ਦਾ ਘਰ ਬਣਾਉਣ ਦੀ ਸਫ਼ਲਤਾ ਦੱਸਦੇ ਸਨ।

ਪਰ ਇਤਿਹਾਸਕ ਤੌਰ ’ਤੇ ਆਰੀਆ ਸਮਾਜ ਅਤੇ ਜਨਸੰਘ ਵਰਗੀਆਂ ਸੰਗਠਨਾਂ ਨੇ ਪੰਜਾਬੀ ਭਾਸ਼ਾ ਨੂੰ ਹਿੰਦੀ ਨਾਲ ਜੋੜ ਕੇ ਵਿਰੋਧ ਕੀਤਾ, ਜਿਸ ਨਾਲ ਕਈ ਹਿੰਦੂ ਬਹੁਗਿਣਤੀ ਵਾਲੇ ਇਲਾਕੇ ਹਰਿਆਣਾ ਅਤੇ ਹਿਮਾਚਲ ਵਿੱਚ ਚਲੇ ਗਏ। ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਤਤਕਾਲੀ ਸਰਸੰਘ ਚਾਲਕ ਐਮ.ਐਸ. ਗੋਲਵਾਲਕਰ ਨੇ 1960 ਵਿੱਚ ਜਲੰਧਰ ਆ ਕੇ ਕਿਹਾ ਸੀ ਕਿ ‘ਪੰਜਾਬੀ ਹਰ ਪੰਜਾਬੀ (ਹਿੰਦੂ ਸਮੇਤ) ਦੀ ਮਾਤ ਭਾਸ਼ਾ ਹੈ।’ ਪਰ ਉਨ੍ਹਾਂ ਦੀ ਸਲਾਹ ਨੂੰ ਅਣਗੌਲਿਆ ਕੀਤਾ ਗਿਆ ਅਤੇ ਨਤੀਜਾ ਇਹ ਹੋਇਆ ਕਿ 1961 ਦੀ ਜਨਗਣਨਾ ਪੰਜਾਬ ਦੇ ਪੁਨਰਗਠਨ ਦਾ ਅਧਾਰ ਬਣੀ।

ਇਸ ਤੋਂ ਬਾਅਦ 2001 ਵਿੱਚ ਸਿੱਖ 59.9 ਫ਼ੀਸਦੀ ਅਤੇ ਹਿੰਦੂ 36.94 ਫ਼ੀਸਦੀ ਹੋ ਗਏ। ਪਰ 2011 ਵਿੱਚ ਸਿੱਖਾਂ ਦਾ ਹਿੱਸਾ 2 ਫ਼ੀਸਦੀ ਘਟ ਕੇ 57.69 ਫ਼ੀਸਦੀ ਹੋ ਗਿਆ, ਜਦਕਿ ਹਿੰਦੂ 38.49 ਫ਼ੀਸਦੀ ਹੋ ਗਏ। 2021 ਦੀ ਜਨਗਣਨਾ ਅਜੇ ਨਹੀਂ ਹੋਈ, ਪਰ ਅੰਦਾਜ਼ੇ ਦੱਸਦੇ ਹਨ ਕਿ ਸਿੱਖ ਹੁਣ 50 ਫ਼ੀਸਦੀ ਤੋਂ ਘੱਟ ਹਨ। ਇਹ ਬਦਲਾਅ ਕਿਵੇਂ ਹੋਇਆ ? ਇਸ ਨੂੰ ਸਮਝਣ ਲਈ ਅਸੀਂ ਕਾਰਨਾਂ ਵੱਲ ਵੇਖੀਏ।



### ਸਿੱਖ ਆਬਾਦੀ ਘਟਣ ਦੇ ਕਾਰਨ:ਨੀਵੀਂ ਜਨਨ ਦਰ ਅਤੇ ਪ੍ਰਵਾਸ

ਸਿੱਖ ਆਬਾਦੀ ਦਾ ਘਟਣਾ ਮੁੱਖ ਤੌਰ ’ਤੇ ਨੀਵੀਂ ਪ੍ਰਜਨਨ ਦਰ (ਟੀ.ਐਫ਼.ਆਰ.) ਕਾਰਨ ਹੈ। ਨੈਸ਼ਨਲ ਫ਼ੈਮਿਲੀ ਹੈਲਥ ਸਰਵੇ (ਐੱਨ.ਐੱਫ਼.ਐੱਚ.ਐੱਸ.-5, 2019-21) ਅਨੁਸਾਰ ਪੰਜਾਬ ਵਿੱਚ ਸਿੱਖਾਂ ਦੀ ਟੀ.ਐੱਫ਼.ਆਰ. ਸਿਰਫ਼ 1.6 ਹੈ, ਜੋ ਰਿਪਲੇਸਮੈਂਟ ਲੈਵਲ (2.1) ਤੋਂ ਘੱਟ ਹੈ। ਇੱਕ ਔਰਤ ਜਾਂ ਦੰਪਤੀ ਔਸਤਨ 1.6 ਬੱਚੇ ਪੈਦਾ ਕਰ ਰਿਹਾ ਹੈ, ਜਦਕਿ ਆਬਾਦੀ ਨੂੰ ਸਥਿਰ ਰੱਖਣ ਲਈ 2.1 ਚਾਹੀਦਾ ਹੈ। ਦੂਜੇ ਪਾਸੇ, ਰਾਸ਼ਟਰੀ ਤੌਰ ’ਤੇ ਹਿੰਦੂਆਂ ਦੀ ਟੀ.ਐੱਫ਼.ਆਰ. 2.0 ਅਤੇ ਮੁਸਲਿਮਾਂ ਦੀ 2.3 ਹੈ। ਪੰਜਾਬ ਵਿੱਚ ਵੀ ਇਹ ਅੰਤਰ ਵਧ ਰਿਹਾ ਹੈ।

### ਪ੍ਰਵਾਸ ਵੀ ਵੱਡਾ ਕਾਰਨ ਹੈ

ਪਿਊ ਰਿਸਰਚ ਸੈਂਟਰ ਦੀ ਰਿਪੋਰਟ ਅਨੁਸਾਰ, ਪੰਜਾਬ ਤੋਂ ਵਿਦੇਸ਼ਾਂ ਵੱਲ ਪ੍ਰਵਾਸ ਨੇ ਨੌਜਵਾਨਾਂ ਦੀ ਗਿਣਤੀ ਨੂੰ ਘਟਾਇਆ ਹੈ। ਬਹੁਤ ਸਾਰੇ ਪਿੰਡਾਂ ਵਿਚ ਨੌਜਵਾਨ ਘੱਟ ਨਜ਼ਰ ਆ ਰਹੇ ਹਨ।2024 ਵਿੱਚ ਟਾਈਮਜ਼ ਆਫ਼ ਇੰਡੀਆ ਨੇ ਲਿਖਿਆ ਕਿ ਸਿੱਖ ਨੌਜਵਾਨਾਂ ਦਾ ਵਿਦੇਸ਼ ਜਾਣਾ ਜਨਸੰਖਿਆ ਨੂੰ ਬਦਲ ਰਿਹਾ ਹੈ। ਯੂ.ਡੀ.ਆਈ.ਐਸ.ਈ.+ ਰਿਪੋਰਟ ਵਿੱਚ ਵਿਖਾਇਆ ਗਿਆ ਹੈ ਕਿ 3 ਤੋਂ 8 ਸਾਲ ਦੇ ਸਿੱਖ ਬੱਚਿਆਂ ਵਿੱਚ 8.68 ਫ਼ੀਸਦੀ ਘਟੀ ਹੈ, ਜਦਕਿ ਹਿੰਦੂ ਬੱਚੇ 38.48 ਤੋਂ 45.7 ਫ਼ੀਸਦੀ ਹੋ ਗਏ ਹਨ।

ਅਜਿਹੇ ਹੋਰ ਕਾਰਨ ਵੀ ਹਨ: ਹਵਾ ਅਤੇ ਪਾਣੀ ਦਾ ਪ੍ਰਦੂਸ਼ਣ, ਜੋ ਸਪਰਮ ਕਾਊਂਟਅਤੇ ਔਰਜਨ ਰਿਜ਼ਰਵ ਨੂੰ ਪ੍ਰਭਾਵਿਤ ਕਰ ਰਿਹਾ ਹੈ। ਪੰਜਾਬ ਵਿੱਚ ਪੈਸਟੀਸਾਈਡਾਂ ਦਾ ਵੱਧ ਵਰਤੋਂ ਹਾਰਮੋਨਲ ਅਸੰਤੁਲਨ ਪੈਦਾ ਕਰ ਰਿਹਾ ਹੈ। ਲਾਈਫ਼ਸਟਾਈਲ ਬਦਲਾਅ - ਮੋਟਾਪਾ, ਸ਼ਰਾਬ ਪੀਣਾ ਅਤੇ ਤਣਾਅ - ਵੀ ਜ਼ਿੰਮੇਵਾਰ ਹਨ। ਐੱਨ.ਐੱਫ਼.ਐੱਚ.ਐੱਸ. ਅਨੁਸਾਰ, ਪੰਜਾਬ ਵਿੱਚ ਥਾਇਰਾਇਡ ਅਤੇ ਡਾਇਬਟੀਜ਼ ਵਧ ਰਹੇ ਹਨ, ਜੋ ਬਾਂਝਪਣ ਨੂੰ ਵਧਾਉਂਦੇ ਹਨ।

### ਹਿੰਦੂ ਅਤੇ ਮੁਸਲਿਮ ਆਬਾਦੀ ਕਿਉਂ ਵਧ ਰਹੀ ਹੈ ?

ਹਿੰਦੂ ਆਬਾਦੀ ਦਾ ਵਧਣਾ ਮੁੱਖ ਤੌਰ ’ਤੇ ਉਨ੍ਹਾਂ ਦੀ ਥੋੜ੍ਹੀ ਵਧੀਆ ਜਨਨ ਦਰ ਅਤੇ ਅੰਦਰੂਨੀ ਪ੍ਰਵਾਸ ਕਾਰਨ ਹੈ। ਐੱਨ.ਐੱਫ਼.ਐੱਚ.ਐੱਸ.-5 ਅਨੁਸਾਰ, ਪੰਜਾਬ ਵਿੱਚ ਹਿੰਦੂਆਂ ਦੀ ਟੀ.ਐੱਫ਼.ਆਰ. 1.8 ਤੋਂ 2.0 ਵਿਚਕਾਰ ਹੈ, ਜੋ ਸਿੱਖਾਂ ਤੋਂ ਵਧੇਰੇ ਹੈ। ਯੂ.ਡੀ.ਆਈ.ਐੱਸ.ਈ.+ ਰਿਪੋਰਟ ਵਿੱਚ ਹਿੰਦੂ ਬੱਚਿਆਂ ਵਿੱਚ 7 ਫ਼ੀਸਦੀ ਵਾਧਾ ਵਿਖਾਇਆ ਗਿਆ ਹੈ।

ਮੁਸਲਿਮ ਆਬਾਦੀ ਦਾ ਵਧਣਾ ਪੂਰਬੀ ਰਾਜਾਂ (ਬਿਹਾਰ, ਯੂ.ਪੀ.) ਤੋਂ ਪ੍ਰਵਾਸੀਆਂ ਕਾਰਨ ਹੈ। 2011 ਵਿੱਚ 1.93 ਫ਼ੀਸਦੀ ਤੋਂ ਵਧ ਕੇ 2024 ਵਿੱਚ 3.4 ਫ਼ੀਸਦੀ ਹੋ ਗਈ। ਇਹ ਪ੍ਰਵਾਸੀ ਉੱਚ ਜਨਨ ਦਰ ਵਾਲੇ ਹਨ - ਰਾਸ਼ਟਰੀ ਤੌਰ ’ਤੇ ਮੁਸਲਿਮ ਟੀ.ਐੱਫ਼.ਆਰ. 2.3 ਹੈ। ਪੰਜਾਬ ਟੂਡੇ ਨਿਊਜ਼ ਨੇ ਲਿਖਿਆ ਕਿ ਯੂ.ਡੀ.ਆਈ.ਐੱਸ.ਈ.+ 2023-24 ਵਿੱਚ ਮੁਸਲਿਮ ਬੱਚਿਆਂ ਦਾ ਹਿੱਸਾ 2.7 ਫ਼ੀਸਦੀ ਤੋਂ ਵਧ ਗਿਆ। ਇਹ ਲੋਕ ਅਕਸਰ ਖੇਤੀਬਾੜੀ ਅਤੇ ਨਿਰਮਾਣ ਵਿੱਚ ਕੰਮ ਕਰਦੇ ਹਨ ਅਤੇ ਰਹਿਣ ਲੱਗ ਪਏ ਹਨ।

ਇਸਾਈ ਆਬਾਦੀ ਵਿੱਚ ਵਾਧਾ ਨਹੀਂ ਹੋਇਆ, ਹਾਲਾਂਕਿ ਧਰਮ ਪਰਿਵਰਤਨ ਦੀਆਂ ਖਬਰਾਂ ਹਨ। ਪਰ ਯੂ.ਡੀ.ਆਈ.ਐੱਸ.ਈ.+ ਅਨੁਸਾਰ ਇਸਾਈ ਬੱਚੇ 1.2 ਫ਼ੀਸਦੀ ਤੋਂ ਵੀ ਘੱਟ ਹਨ।

### ਪ੍ਰਵਾਸੀ ਮਜ਼ਦੂਰਾਂ ਦੀ ਵਧਦੀ ਗਿਣਤੀ: ਸਿੱਖ ਬਹੁਗਿਣਤੀ ਲਈ ਚੁਣੌਤੀ

ਪੰਜਾਬ ਵਿੱਚ ਪ੍ਰਵਾਸੀ ਮਜ਼ਦੂਰਾਂ ਦੀ ਗਿਣਤੀ ਵਧਣ ਨਾਲ ਜਨਸੰਖਿਆ ਵਿੱਚ ਬਦਲਾਅ ਆ ਰਿਹਾ ਹੈ। ਫ਼ਰੰਟਲਾਈਨ ਮੈਗਜ਼ੀਨ ਨੇ ਅਕਤੂਬਰ 2025 ਵਿੱਚ ਲਿਖਿਆ ਸੀ ਕਿ ਬਿਹਾਰ ਅਤੇ ਯੂ.ਪੀ. ਤੋਂ ਆਏ ਮਜ਼ਦੂਰ ਖੇਤੀ, ਨਿਰਮਾਣ ਅਤੇ ਸੇਵਾ ਖੇਤਰ ਨੂੰ ਚਲਾ ਰਹੇ ਹਨ। ਪੰਜਾਬ ਵਿੱਚ 70 ਫ਼ੀਸਦੀ ਅਣਕੁਸ਼ਲ ਮਜ਼ਦੂਰੀ ਇਨ੍ਹਾਂ ਨੇ ਭਰ ਲਈ ਹੈ। ਇਹ ਲੋਕ ਛੋਟੇ ਕਾਰੋਬਾਰ ਕਰ ਰਹੇ ਹਨ ਅਤੇ ਪਰਿਵਾਰ ਧੜਾਧੜ ਪੰਜਾਬ ਵਿਚ ਲਿਆ ਰਹੇ ਹਨ, ਜਿਸ ਨਾਲ ਉਹਨਾਂ ਦੀ ਆਬਾਦੀ ਵਧ ਰਹੀ ਹੈ।

ਰਿਵੀਲਰ ਮੈਗਜ਼ੀਨ ਅਨੁਸਾਰ, ਪੰਜਾਬ ਵਿੱਚ 63 ਫ਼ੀਸਦੀ ਪ੍ਰਵਾਸੀ ਮਜ਼ਦੂਰ ਰੁਪਏ 20,000 ਤੋਂ 50,000 ਕਮਾਉਂਦੇ ਹਨ, ਪਰ ਉਹਨਾਂ ਦੀ ਜਨਨ ਦਰ ਉੱਚੀ ਹੈ। ਇਹ ਚੁਣੌਤੀ ਹੈ ਕਿਉਂਕਿ ਸਿੱਖ ਨੌਜਵਾਨ ਇਨ੍ਹਾਂ ਨੌਕਰੀਆਂ ਨੂੰ ਨਹੀਂ ਕਰਨਾ ਚਾਹੁੰਦੇ ਅਤੇ ਵਿਦੇਸ਼ ਜਾਂਦੇ ਹਨ। ਨਤੀਜਾ, ਸ਼ਹਿਰਾਂ ਵਿੱਚ ਭਈਆਂ ਦੀ ਵਧਦੀ ਹੋਂਦ ਨਾਲ ਸੱਭਿਆਚਾਰਕ ਤਣਾਅ ਵਧ ਰਿਹਾ ਹੈ।

ਇਹ ਪ੍ਰਵਾਸੀ ਆਰਥਿਕ ਤੌਰ ’ਤੇ ਪੰਜਾਬ ਲਈ ਲਾਭਕਾਰੀ ਹਨ, ਪਰ ਜਨਸੰਖਿਆ ਨੂੰ ਬਦਲ ਰਹੇ ਹਨ। ਪੰਜਾਬ ਟੂਡੇ ਨੇ ਲਿਖਿਆ ਕਿ ਇਹ ਚੁੱਪਚਾਪ ਡੈਮੋਗ੍ਰਾਫ਼ਿਕ ਬਦਲਾਅ ਨਾਲ ਉੱਤਰੀ ਭਾਰਤ ਨੂੰ ਨਵਾਂ ਰੂਪ ਦੇ ਰਹੇ ਹਨ।

### ਸਿੱਖ ਬੁੱਧੀਜੀਵੀ ਕੀ ਕਹਿੰਦੇ ਹਨ ?: ਨੀਤੀਆਂ ਅਤੇ ਸੁਝਾਅ

ਸਿੱਖ ਬੁੱਧੀਜੀਵੀਆਂ ਵਿੱਚ ਚਿੰਤਾ ਹੈ ਅਤੇ ਉਹ ਸਪੱਸ਼ਟ ਨੀਤੀਆਂ ਦੀ ਮੰਗ ਕਰ ਰਹੇ ਹਨ। ਪੱਤਰਕਾਰ ਬਘੇਲ ਸਿੰਘ ਧਾਲੀਵਾਲ ਨੇ ਲਿਖਿਆ, ‘ਸਿੱਖ ਆਬਾਦੀ ਘਟਣ ਨਾਲ ਸਾਡੀ ਸੰਸਥਾਗਤ ਸ਼ਕਤੀ ਘੱਟ ਰਹੀ ਹੈ। ਇਹ ਡੈਮੋਗ੍ਰਾਫ਼ਿਕ ਬਦਲਾਅ ਨਾਲ ਭਵਿੱਖ ਖਤਰੇ ਵਿੱਚ ਹੈ।’ ਉਹਨਾਂ ਨੇ ਵਿਦੇਸ਼ੀ ਪ੍ਰਵਾਸ ਅਤੇ ਪ੍ਰਵਾਸੀ ਮਜ਼ਦੂਰਾਂ ਦੀ ਪੰਜਾਬ ਵਿੱਚ ਵਧ ਰਹੀ ਗਿਣਤੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਡਾ. ਕੇ.ਬੀ.ਐੱਸ. ਸਿੱਧੂ, ਜੋ ਸਬਸਟੈਕ ’ਤੇ ਲਿਖਦੇ ਹਨ, ਕਹਿੰਦੇ ਹਨ, ‘ਸਿੱਖਾਂ ਨੂੰ ਆਪਣੀ ਪਛਾਣ ਨੂੰ ਮਜ਼ਬੂਤ ਕਰਨ ਲਈ ਲੀਡਰਸ਼ਿਪ ਚਾਹੀਦੀ ਹੈ।

(ਬਾਕੀ ਸਫ਼ਾ 27 ’ਤੇ)

ਆਵਾਜ਼ ਘਰ
ਪੰਜਾਬੀ ਆਡੀਓਬੁੱਕ ਲਾਇਬ੍ਰੇਰੀ
ਪੰਜਾਬੀ ਸਾਹਿਤ ਪ੍ਰੇਮੀਆਂ ਲਈ ਸਭ ਤੋਂ ਵੱਡਾ ਖ਼ਜ਼ਾਨਾ - ਸਾਹਿਤ, ਇਤਿਹਾਸ, ਕਹਾਣੀਆਂ, ਕਵਿਤਾਵਾਂ, ਜੀਵਨੀਆਂ, ਬਾਲ ਸਾਹਿਤ ਅਤੇ ਹੋਰ ਬਹੁਤ ਕੁਝ ਹੁਣ ਤੁਹਾਡੇ ਮੋਬਾਈਲ ’ਚ ! ਜਿੱਥੇ ਵੀ ਹੋ, ਘਰ ਵਿੱਚ, ਸਫ਼ਰ ’ਤੇ ਜਾਂ ਕੰਮ ਕਰਦੇ ਸਮੇਂ - ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਸਾਹਿਤ ਦੀ ਦੁਨੀਆ ਹੁਣ ਸਿਰਫ਼ ਇੱਕ ਕਲਿੱਕ ਦੂਰ।
ਆਵਾਜ਼ ਘਰ (Awaaz Ghar App) iOS ਅਤੇ Android ਦੋਵਾਂ ’ਤੇ ਉਪਲਬਧ ਹੈ।
ਹੋਰ ਜਾਣਕਾਰੀ ਲਈ ਵੇਖੋ www.awaazghar.net
ਹੁਣੇ ਹੀ ਡਾਊਨਲੋਡ ਕਰੋ ਤੇ ਪੰਜਾਬੀ ਦੀ ਅਵਾਜ਼ ਨੂੰ ਆਪਣੇ ਨਾਲ ਲੈ ਜਾਓ !
Download on the App Store
GET IT ON Google Play
ਕਥਾ ਕਹਾਣੀਆਂ ਦੀ ਦੁਨੀਆ ਕਲਮਾਂ ਦੀ ਜ਼ੁਬਾਨੀ

ਮਾਮਲਾ ਲਾਪਤਾ ਪਾਵਨ ਸਰੂਪਾਂ ਦਾ

# ਧਾਰਮਿਕ ਮਾਮਲਿਆਂ 'ਚ ਦਖ਼ਲ ਅੰਦਾਜ਼ੀ ਕਰ ਰਹੀ ਹੈ ਸਰਕਾਰ: ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼: ਲਾਪਤਾ ਹੋਏ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਦਰਜ ਕੀਤੇ ਪੁਲਿਸ ਕੇਸ ਨੂੰ ਮੰਨਣ ਤੋਂ ਇੰਨਕਾਰ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਕਾਰ ਦੀ ਇਸ ਕਾਰਵਾਈ ਨੂੰ ਸ੍ਰੀ ਅਕਾਲ ਤਖ਼ਤ ਨੂੰ ਸਿੱਧੀ ਚੁਣੌਤੀ ਤੇ ਧਾਰਮਿਕ ਮਾਮਲਿਆਂ ਵਿੱਚ ਦਖਲ ਅੰਦਾਜ਼ੀ ਕਰਾਰ ਦਿੱਤਾ ਹੈ।

ਪਿਛਲੇ ਦਿਨੀਂ ਇੱਥੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸਰਕਾਰ ਵੱਲੋਂ ਦਰਜ ਕੀਤੇ ਗਏ ਕੇਸ ਅਤੇ ਮਾਮਲੇ ਨੂੰ ਵਿਚਾਰਨ ਲਈ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਸੱਦੀ ਗਈ ਸੀ, ਜਿਸ ਵਿੱਚ ਇਸ ਮਾਮਲੇ ਨੂੰ ਵਿਚਾਰਿਆ ਗਿਆ ਹੈ। ਉਨ੍ਹਾਂ ਸਰਕਾਰ ਦੀ ਇਸ ਕਾਰਵਾਈ ਨੂੰ ਸਿਆਸੀ ਹਿੱਤਾਂ ਨਾਲ ਪ੍ਰੇਰਿਤ ਕਾਰਵਾਈ ਕਰਾਰ ਦਿੱਤਾ।

ਧਾਮੀ ਨੇ ਆਖਿਆ ਕਿ ਇਹ ਮਾਮਲਾ ਪਾਵਨ ਸਰੂਪਾਂ ਦੀ ਬੇਅਦਬੀ ਦਾ ਨਹੀਂ ਸਗੋਂ ਹੇਰਾ ਫੇਰੀ ਨਾਲ ਸੰਬੰਧਿਤ ਹੈ। ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਇੱਕ ਮੈਂਬਰੀ ਜਾਂਚ ਕਮੇਟੀ ਵੱਲੋਂ ਇਸ ਦੀ ਜਾਂਚ ਕੀਤੀ ਗਈ ਸੀ ਅਤੇ ਜਾਂਚ ਰਿਪੋਰਟ ਵਿੱਚ 16 ਵਿਅਕਤੀਆਂ ਨੂੰ ਜਿੰਮੇਵਾਰ ਠਹਿਰਾਇਆ ਗਿਆ ਸੀ। ਉਨਾਂ ਦੇ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੇ ਮੁਤਾਬਕ ਕਾਰਵਾਈ ਵੀ ਕੀਤੀ ਗਈ ਸੀ।



ਉਨ੍ਹਾਂ ਕਿਹਾ ਕਿ ਫੈਸਲਾ ਕੀਤਾ ਗਿਆ ਹੈ ਕਿ ਸਰਕਾਰ ਦੀ ਇਸ ਕਾਰਵਾਈ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿੱਚ ਕੀਤੀ ਗਈ ਕਾਰਵਾਈ ਦਾ ਸਮੁੱਚਾ ਰਿਕਾਰਡ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੌਂਪਿਆ ਜਾਵੇਗਾ। ਇਸ ਮਾਮਲੇ ਚ ਅਗਲੇ ਦੀ ਕਾਰਵਾਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਹੀ ਹੋਵੇਗੀ।ਐਡ. ਧਾਮੀ ਨੇ ਕਿਹਾ ਕਿ ਸਰਕਾਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਅਣਡਿੱਠ ਕਰਕੇ ਇਹ ਕਾਰਵਾਈ ਕੀਤੀ ਗਈ ਹੈ, ਜੋ ਕਿ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਹੈ। ਇਸ ਮਾਮਲੇ ਵਿੱਚ ਇੱਕ ਵੇਲੇ ਸ਼੍ਰੋਮਣੀ ਕਮੇਟੀ ਵੱਲੋਂ ਵੀ ਪੁਲਿਸ ਕੇਸ ਦਰਜ ਕਰਾਉਣ ਬਾਰੇ ਵਿਚਾਰ ਕੀਤਾ ਗਿਆ ਸੀ ਪਰ ਸਿੱਖ ਵਿਦਵਾਨਾਂ ਨੇ ਅਜਿਹੀ ਕਾਰਵਾਈ ਕਰਨ ਤੋਂ ਮਨਾ ਕੀਤਾ ਸੀ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵੀ ਇਸ ਸਬੰਧੀ ਕੋਈ ਆਦੇਸ਼ ਨਹੀਂ ਦਿੱਤੇ ਗਏ ਸਨ।

ਦੱਸਣ ਯੋਗ ਹੈ ਕਿ ਇਸ ਮਾਮਲੇ ਵਿੱਚ ਸਿੱਖ ਜਥੇਬੰਦੀ ਸਿੱਖ ਸਦਭਾਵਨਾ ਦਲ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਹੈਰੀਟੇਜ ਸਟ੍ਰੀਟ ਵਿੱਚ ਧਰਨਾ ਲਾਇਆ ਹੋਇਆ ਹੈ ਅਤੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਇਸੇ ਤਹਿਤ ਹੀ ਬੀਤੇ ਦਿਨ ਮਹਾ ਪੰਚਾਇਤ ਕੀਤੀ ਗਈ ਸੀ, ਜਿਸ ਵਿੱਚ ਸਰਕਾਰ ਦੇ ਪ੍ਰਤਿਨਿਧ ਵਜੋਂ ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਨੇ ਵੀ ਸ਼ਮੂਲੀਅਤ ਕੀਤੀ ਅਤੇ ਪ੍ਰਦਰਸ਼ਨਕਾਰੀਆਂ ਦੀ ਮੰਗ ਤੇ ਇਸ ਮਾਮਲੇ ਵਿੱਚ ਪੁਲੀਸ ਕੇਸ ਦਰਜ ਕਰਨ ਦੀ ਹਦਾਇਤ ਕੀਤੀ। ਜਿਸ ਤੋਂ ਬਾਅਦ ਪੁਲੀਸ ਨੇ 16 ਵਿਅਕਤੀਆਂ ਨੂੰ ਨਾਮਜਦ ਕੀਤਾ ਅਤੇ ਪੁਲਿਸ ਕੇਸ ਦਰਜ ਕੀਤਾ।

# 1984 ਸਿੱਖ ਕਤਲੇਆਮ ਇੱਕ ਨਾ ਭੁੱਲਣ ਵਾਲਾ ਦੁਖਾਂਤ: ਰੇਖਾ ਗੁਪਤਾ

## ਦਿੱਲੀ ਸਰਕਾਰ ਨੇ 1984 ਸਿੱਖ ਕਤਲੇਆਮ ਪੀੜਤਾਂ ਦੇ 36 ਆਸ਼ਰਿਤਾਂ ਨੂੰ ਨੌਕਰੀਆਂ ਦਿਤੀਆਂ

ਨਵੀਂ ਦਿੱਲੀ/ਏ.ਟੀ.ਨਿਊਜ਼ : ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ 1984 ਦੇ ਸਿੱਖ ਕਤਲੇਆਮ ਤੋਂ ਪ੍ਰਭਾਵਿਤ ਪਰਿਵਾਰਾਂ ਦੇ 36 ਆਸ਼ਰਿਤਾਂ ਨੂੰ ਨਿਯੁਕਤੀ ਪੱਤਰ ਸੌਂਪੇ ਹਨ।

ਉਨ੍ਹਾਂ ਨੇ ਇਸ ਸੰਕੇਤ ਨੂੰ ਸਿਰਫ ਰੁਜ਼ਗਾਰ ਨਹੀਂ, ਬਲਕਿ ਉਨ੍ਹਾਂ ਲੋਕਾਂ ਲਈ ਸਨਮਾਨ, ਅਧਿਕਾਰਾਂ ਅਤੇ ਪਛਾਣ ਦੀ ਬਹਾਲੀ ਕਿਹਾ ਕਿ ਜਿਨ੍ਹਾਂ ਨੇ ਨਿਆਂ ਲਈ ਚਾਰ ਦਹਾਕਿਆਂ ਦੀ ਉਡੀਕ ਕੀਤੀ ਹੈ।

ਗੁਪਤਾ ਨੇ ਕਿਹਾ ਕਿ 1984 ਸਿੱਖ ਕਤਲੇਆਮ ਇੱਕ ਨਾ ਭੁੱਲਣ ਵਾਲਾ ਦੁਖਾਂਤ ਬਣਿਆ ਹੋਇਆ ਹੈ ਅਤੇ ਹਾਲਾਂਕਿ ਕੋਈ ਮੁਆਵਜ਼ਾ ਪਰਿਵਾਰਾਂ ਨੂੰ ਹੋਏ ਨੁਕਸਾਨ ਦੀ ਭਰਪਾਈ ਨਹੀਂ ਕਰ ਸਕਦਾ ਪਰ ਦਿੱਲੀ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਉਨ੍ਹਾਂ ਨੂੰ ਸਨਮਾਨਜਨਕ ਜ਼ਿੰਦਗੀ ਮਿਲੇ।



ਮੁੱਖ ਮੰਤਰੀ ਨੇ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦੇ ਗਠਨ ਰਾਹੀਂ ਨਿਆਂ ਵਿੱਚ ਤੇਜ਼ੀ ਲਿਆਉਣ ਦਾ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਿੱਤਾ ਅਤੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪਾਰਦਰਸ਼ੀ ਅਤੇ ਤੇਜ਼ ਨਿਯੁਕਤੀ ਪ੍ਰਕਿਰਿਆ ਨੂੰ ਪੂਰਾ ਕਰ ਕੇ ਇਸ ਸੰਕਲਪ ਨੂੰ ਅੱਗੇ ਵਧਾ ਰਹੀ ਹੈ।

ਇਸ ਤੋਂ ਪਹਿਲਾਂ 19 ਆਸ਼ਰਿਤਾਂ ਨੂੰ ਨਿਯੁਕਤੀ ਪੱਤਰ ਮਿਲ ਚੁਕੇ ਸਨ ਅਤੇ ਤਾਜ਼ਾ ਬੈਚ ਦੇ ਨਾਲ, ਦੰਗਾ ਪ੍ਰਭਾਵਤ ਪਰਵਾਰ ਦੇ ਕੁਲ 55 ਮੈਂਬਰਾਂ ਨੂੰ ਹੁਣ ਵੱਖ-ਵੱਖ ਵਿਭਾਗਾਂ ਵਿੱਚ ਮਲਟੀ-ਟਾਸਕਿੰਗ ਸਟਾਫ (ਐਮ.ਟੀ.ਐਸ.) ਦੀਆਂ ਅਸਾਮੀਆਂ ਉਤੇ ਨਿਯੁਕਤ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਨਵੇਂ ਭਰਤੀ ਹੋਣ ਵਾਲਿਆਂ ਨੂੰ ਅਪੀਲ ਕੀਤੀ ਕਿ ਉਹ ਇਮਾਨਦਾਰੀ ਨਾਲ ਸੇਵਾ ਕਰਨ ਅਤੇ 'ਵਿਕਸਿਤ ਦਿੱਲੀ' ਬਣਾਉਣ ਵਿੱਚ ਯੋਗਦਾਨ ਪਾਉਣ।

# ਗੁ: ਕੋਤਵਾਲੀ ਸਾਹਿਬ ਤੇ ਗੁ: ਸ਼ਹੀਦਗੰਜ ਸਾਹਿਬ ਵਿਖੇ ਧਾਰਮਿਕ ਦੀਵਾਨ ਸਜਾਏ ਗਏ

ਮੋਰਿੰਡਾ/ਏ.ਟੀ.ਨਿਊਜ਼: ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਸਮਾਗਮਾਂ ਦੇ ਸੰਦਰਭ ਵਿੱਚ ਮੋਰਿੰਡਾ ਵਿਖੇ ਹਰ ਸਾਲ ਕਰਵਾਏ ਕੀਤੇ ਜਾਂਦੇ ਸ਼ਹੀਦੀ ਜੋੜ ਮੇਲ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਅਤੇ ਦੂਰ ਦੁਰਾਡੇ ਦੀ ਸੰਗਤ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਅਤੇ ਗੁਰਦੁਆਰਾ ਸ੍ਰੀ ਸ਼ਹੀਦਗੰਜ ਸਾਹਿਬ ਵਿਖੇ ਨਤਮਸਤਕ ਹੋਈਆਂ ਅਤੇ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਸਬੰਧੀ ਮੈਨੇਜਰ ਦਵਿੰਦਰ ਸਿੰਘ, ਗੁਰਦੁਆਰਾ ਲੋਕਲ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਸਵਰਨ ਸਿੰਘ ਬਿੱਟੂ, ਮਨਦੀਪ ਸਿੰਘ ਰੌਣੀ, ਗਿਆਨੀ ਬਲਬੀਰ ਸਿੰਘ ਨੇ ਦੱਸਿਆ ਕਿ ਇਸ ਮੌਕੇ 'ਤੇ ਧਾਰਮਿਕ ਦੀਵਾਨ ਸਜਾਏ ਗਏ ਜਿੱਥੇ ਨਿਸ਼ਕਾਮ ਸੇਵਾ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਜਗਰਾਉਂ, ਸੁਖਮਨੀ ਸਾਹਿਬ ਜਥਾ ਗੁਰਦੁਆਰਾ ਰਾਮਗੜ੍ਹੀਆ ਸਿੰਘ ਸਭਾ, ਸੁਖਮਨੀ ਸਾਹਿਬ ਸੇਵਾ ਸੁਸਾਇਟੀ ਜਥਾ ਗਾਰਡਨ ਕਲੋਨੀ, ਸੁਖਮਨੀ ਸਾਹਿਬ ਸੇਵਾ ਸੁਸਾਇਟੀ ਸ਼ੂਗਰ ਮਿੱਲ ਰੋਡ ਮੋਰਿੰਡਾ, ਬੀਬੀ ਮੁਖਤਿਆਰ ਕੌਰ ਢਾਡੀ ਜੱਥਾ ਰੌਣੀ, ਜਥਾ ਗਿਆਨੀ ਸਾਹਿਬ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਮੋਰਿੰਡਾ ਆਦਿ ਕਥਾ ਤੇ ਕੀਰਤਨੀ ਜਥਿਆਂ ਵੱਲੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੂੰ ਕਥਾ, ਕੀਰਤਨ ਅਤੇ ਗੁਰੂ ਸਾਹਿਬਾਨ ਦੇ ਪ੍ਰਸੰਗ ਸੁਣਾਕੇ ਨਿਹਾਲ ਕੀਤਾ ਗਿਆ।

# ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਾਨਵਤਾ ਲਈ ਅਧਿਆਤਮਕਤਾ ਦਾ ਸੋਮਾ: ਰਾਜ ਚੌਹਾਨ

## ਬ੍ਰਿਟਿਸ਼ ਕੋਲੰਬੀਆ ਅਸੈਂਬਲੀ ਦੇ ਸਪੀਕਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ



ਅੰਮ੍ਰਿਤਸਰ/ਏ.ਟੀ.ਨਿਊਜ਼: ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਦੇ ਸਪੀਕਰ ਰਾਜ ਚੌਹਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ। ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਅਤੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸਨਮਾਨਿਤ ਕੀਤਾ।

ਇਸ ਮੌਕੇ ਗੱਲਬਾਤ ਕਰਦਿਆਂ ਸ੍ਰੀ ਰਾਜ ਚੌਹਾਨ ਨੇ ਕਿਹਾ ਕਿ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਮੌਕੇ ਸ਼ਾਮਲ ਹੋਣ ਲਈ ਸੱਦਾ ਮਿਲਿਆ ਸੀ, ਪਰੰਤੂ ਵਿਧਾਨ ਸਭਾ ਦਾ ਇਜਲਾਸ ਚੱਲ ਰਿਹਾ ਹੋਣ ਕਾਰਨ ਉਹ ਉਸ ਸਮੇਂ ਹਾਜ਼ਰ ਨਹੀਂ ਹੋ ਸਕੇ।

ਉਨ੍ਹਾਂ ਕਿਹਾ ਕਿ ਉਹ ਅੱਜ ਆਪਣੇ ਪਰਿਵਾਰ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਅਤੇ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕਰਨ ਲਈ ਪੁੱਜੇ ਹਨ।

ਉਨ੍ਹਾਂ ਕਿਹਾ ਕਿ ਇਹ ਪਾਵਨ ਅਸਥਾਨ ਸਮੁੱਚੀ ਮਾਨਵਤਾ ਲਈ ਅਧਿਆਤਮਕਤਾ ਦਾ ਸੋਮਾ ਹੈ, ਜਿਥੋਂ ਮਨੁੱਖਤਾ ਨੂੰ ਆਪਸੀ ਭਾਈਚਾਰੇ ਦੀ ਪ੍ਰੇਰਣਾ ਮਿਲਦੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਗਏ ਸੱਦਾ ਪੱਤਰ ਅਤੇ ਮਿਲੇ ਸਨਮਾਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਕੀਤਾ।

# ਸ਼ਿਲਾਂਗ ਦੇ ਸਿੱਖਾਂ ਦੀ ਲੜਾਈ 'ਚ ਦਿੱਲੀ ਗੁਰਦੁਆਰਾ ਕਮੇਟੀ ਡੱਟ ਕੇ ਉਨ੍ਹਾਂ ਨਾਲ ਖੜ੍ਹੀ : ਕਾਹਲੋਂ

## ਗੁ. ਗੁਰੂ ਨਾਨਕ ਦਰਬਾਰ ਸ਼ਿਲਾਂਗ 'ਚ 350 ਸਾਲਾ ਸ਼ਤਾਬਦੀ ਨੂੰ ਸਮਰਪਤਿ ਸਮਾਗਮ ਕਰਵਾਇਆ

ਸ਼ਿਲਾਂਗ(ਮੇਘਾਲਿਆ)/ਏ.ਟੀ.ਨਿਊਜ਼ : ਗੁਰਦੁਆਰਾ ਗੁਰੂ ਨਾਨਕ ਦਰਬਾਰ ਸ਼ਿਲਾਂਗ (ਮੇਘਾਲਿਆ ਦੀ ਰਾਜਧਾਨੀ) ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਤਾਬਦੀ ਨੂੰ ਸਮਰਪਤਿ ਸਮਾਗਮ ਕਰਵਾਇਆ ਗਿਆ। ਇਸ ਸਮਾਗਮ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣ ਲਈ ਪਹੁੰਚੇ। ਇਸ ਦੌਰਾਨ ਜਥੇਦਾਰ ਗੜਗੱਜ ਗੁਰਦੁਆਰਾ ਗੁਰੂ ਨਾਨਕ ਦਰਬਾਰ ਸ਼ਿਲਾਂਗ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਗੁਰਮਤਿ ਸਮਾਗਮ 'ਚ ਸ਼ਮੂਲੀਅਤ ਕੀਤੀ। ਗੁਹਾਟੀ ਹਵਾਈ ਅੱਡੇ 'ਤੇ ਪੁੱਜਣ 'ਤੇ ਅਸਾਮ ਤੇ ਮੇਘਾਲਿਆ ਦੀ ਸਿੱਖ ਸੰਗਤ ਨੇ ਜਥੇਦਾਰ ਗੜਗੱਜ ਦਾ ਭਰਵਾਂ ਸੁਆਗਤ ਕੀਤਾ। ਸਮਾਗਮ 'ਚ ਹਾਜ਼ਰੀ ਭਰਦੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਐਲਾਨ ਕੀਤਾ ਹੈ ਕਿ ਸ਼ਿਲਾਂਗ ਦੇ ਸਿੱਖਾਂ ਦੀ ਲੜਾਈ 'ਚ ਦਿੱਲੀ ਗੁਰਦੁਆਰਾ ਕਮੇਟੀ ਡੱਟ ਕੇ ਉਨ੍ਹਾਂ ਨਾਲ ਖੜ੍ਹੀ ਹੈ ਤੇ ਮੇਘਾਲਿਆ ਹਾਈ ਕੋਰਟ 'ਚ ਚੱਲ ਰਹੇ ਕੇਸ ਵਿੱਚ ਜੇਕਰ ਇਨਸਾਫ ਨਾ ਮਿਲਿਆ ਤਾਂ ਉਹ ਸੁਪਰੀਮ ਕੋਰਟ ਤੱਕ ਵੀ ਪਹੁੰਚ ਕਰੇਗੀ। ਕਾਹਲੋਂ ਨੇ ਕਿਹਾ ਕਿ ਉਹ ਇਸ ਗੱਲ ਤੋਂ ਬਹੁਤ ਖੁਸ਼ ਹਨ ਕਿ ਸ਼ਿਲਾਂਗ ਵਿੱਚ ਸਿੱਖੀ ਦਾ ਪ੍ਰਚਾਰ ਹੋ ਰਿਹਾ ਹੈ ਤੇ ਸਾਡੇ ਨੌਜਵਾਨਾਂ ਨੇ ਖੰਡੇ ਬਾਟੇ ਦੀ ਪਾਹੁਲ ਛੱਕ ਦਸਤਾਰਾਂ ਸਜਾ ਲਈਆਂ ਹਨ। ਉਨ੍ਹਾਂ ਕਿਹਾ ਕਿ ਸ਼ਿਲਾਂਗ ਦੇ ਸਿੱਖ ਭਾਈਚਾਰੇ ਦੇ ਕੇਸ ਦੀ ਪੈਰਵੀ ਜਿਥੇ ਅਦਾਲਤਾਂ 'ਚ ਕਰ ਰਹੇ ਹਾਂ, ਉਥੇ ਹੀ ਸਰਕਾਰਾਂ ਕੋਲ ਵੀ ਮੁੱਦਾ ਚੁੱਕ ਰਹੇ ਹਾਂ। ਇਸ ਮੌਕੇ ਭਾਈ ਰਵਿੰਦਰ ਸਿੰਘ, ਭੁਪਿੰਦਰ ਸਿੰਘ ਕਿੱਕੀ, ਗੁਰਜੀਤ ਸਿੰਘ, ਸਤਨਾਮ ਸਿੰਘ, ਸੰਗਮ ਸਿੰਘ ਆਦਿ ਮੌਜੂਦ ਸਨ।



## ਗੁ: ਕੋਤਵਾਲੀ ਸਾਹਿਬ ਤੇ ਗੁ: ਸ਼ਹੀਦਗੰਜ ਸਾਹਿਬ ਵਿਖੇ ਧਾਰਮਿਕ ਦੀਵਾਨ ਸਜਾਏ ਗਏ

ਮੋਰਿੰਡਾ/ਏ.ਟੀ.ਨਿਊਜ਼: ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਸਮਾਗਮਾਂ ਦੇ ਸੰਦਰਭ ਵਿੱਚ ਮੋਰਿੰਡਾ ਵਿਖੇ ਹਰ ਸਾਲ ਕਰਵਾਏ ਕੀਤੇ ਜਾਂਦੇ ਸ਼ਹੀਦੀ ਜੋੜ ਮੇਲ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਅਤੇ ਦੂਰ ਦੁਰਾਡੇ ਦੀ ਸੰਗਤ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਅਤੇ ਗੁਰਦੁਆਰਾ ਸ੍ਰੀ ਸ਼ਹੀਦਗੰਜ ਸਾਹਿਬ ਵਿਖੇ ਨਤਮਸਤਕ ਹੋਈਆਂ ਅਤੇ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

## ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ

ਲੰਘੇ ਦਿਨੀਂ ਪੰਜਾਬ ’ਚ 23 ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਕੁੱਲ 357 ਸੀਟਾਂ ਅਤੇ 154 ਬਲਾਕ ਸੰਮਤੀ ਦੀਆਂ 2863 ਸੀਟਾਂ ਲਈ ਵੋਟਾਂ ਪਾਈਆਂ ਗਈਆਂ, ਜਿਨ੍ਹਾਂ ਦੇ ਅੱਜ ਨਤੀਜੇ ਆ ਗਏ ਹਨ। ਇਹਨਾਂ ਚੋਣਾਂ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਲਈ 44,000 ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਗਏ ਸਨ। ਇਹਨਾਂ ਚੋਣਾਂ ਦੌਰਾਨ ਵੋਟਾਂ ਪਵਾਉਣ ਲਈ 93,000 ਚੋਣ ਅਧਿਕਾਰੀਆਂ ਦੀ ਡਿਊਟੀ ਲੱਗੀ ਸੀ। ਇੱਕਾ ਦੁੱਕਾ ਘਟਨਾਵਾਂ ਨੂੰ ਛੱਡ ਕੇ ਅਮਨ ਸ਼ਾਂਤੀ ਨਾਲ ਇਹ ਚੋਣਾਂ ਨੇਪਰੇ ਚੜ੍ਹ ਗਈਆਂ ਸਨ। ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦਾ ਮੇਲਾ ਸਮਾਪਤ ਹੋ ਗਿਆ ਹੈ, ਪਰ ਇਸ ਚੋਣ ਮੇਲੇ ਦੌਰਾਨ ਵੋਟਰਾਂ ਨੇ ਪੰਚਾਇਤੀ ਚੋਣਾਂ ਅਤੇ ਵਿਧਾਨ ਸਭਾ ਚੋਣਾਂ ਵਰਗਾ ਉਤਸ਼ਾਹ ਨਹੀਂ ਦਿਖਾਇਆ। ਚੋਣ ਕਮਿਸ਼ਨ ਨੇ ਇਹਨਾਂ ਚੋਣਾਂ ਲਈ ਐਤਵਾਰ ਦਾ ਦਿਨ ਇਸ ਲਈ ਰੱਖਿਆ ਸੀ ਕਿ ਇਹ ਛੁੱਟੀ ਦਾ ਦਿਨ ਹੁੰਦਾ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਵੋਟ ਪਾਉਣ ਲਈ ਆਪਣੀ ਨੌਕਰੀ ਅਤੇ ਕੰਮ ਧੰਦੇ ਤੋਂ ਛੁੱਟੀ ਨਹੀਂ ਲੈਣੀ ਪਵੇਗੀ ਪਰ ਵੱਡੀ ਗਿਣਤੀ ਵੋਟਰ ਵੋਟਾਂ ਪਾਉਣ ਲਈ ਜਾਣ ਦੀ ਥਾਂ ਐਤਵਾਰ ਦੀ ਛੁੱਟੀ ਦਾ ਆਨੰਦ ਮਾਣਦੇ ਰਹੇ। ਇਹਨਾਂ ਚੋਣਾਂ ਵਿੱਚ ਸਿਰਫ਼ 48 ਫੀਸਦੀ ਵੋਟਿੰਗ ਹੋਈ ਹੈ। ਇਸ ਤੋਂ ਪਹਿਲਾਂ ਸਾਲ 2018 ਵਿੱਚ ਹੋਈਆਂ ਇਹਨਾਂ ਚੋਣਾਂ ਦੌਰਾਨ ਇਹ ਅੰਕੜਾ 58.1 ਫ਼ੀਸਦੀ ਸੀ। ਇਸ ਵਾਰ ਇਹਨਾਂ ਚੋਣਾਂ ’ਚ ਸਭ ਤੋਂ ਵੱਧ ਵੋਟਿੰਗ ਮੋਹਾਲੀ ਵਿੱਚ 54.93 ਫ਼ੀਸਦੀ ਅਤੇ ਸਭ ਤੋਂ ਘੱਟ 35.4 ਫ਼ੀਸਦੀ ਅੰਮ੍ਰਿਤਸਰ ਵਿੱਚ ਹੋਈ। ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਵੋਟਰਾਂ ਦੀ ਗਿਣਤੀ ਇੱਕ ਕਰੋੜ 36 ਲੱਖ 4 ਹਜ਼ਾਰ ਹੈ ਪਰ ਵੱਡੀ ਗਿਣਤੀ ਵੋਟਰਾਂ ਨੇ ਇਹਨਾਂ ਚੋਣਾਂ ਦੌਰਾਨ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਨਹੀਂ ਕੀਤੀ। ਪੰਜਾਬ ’ਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਏਨੀ ਘੱਟ ਵੋਟਿੰਗ ਹੋਣ ਕਾਰਨ ਕਈ ਸਵਾਲ ਖੜੇ ਹੋ ਗਏ ਹਨ। ਸਭ ਤੋਂ ਵੱਡਾ ਸਵਾਲ ਤਾਂ ਇਹੀ ਹੈ ਕਿ ਕੀ ਲੋਕਾਂ ਦੀ ਚੋਣਾਂ ਵਿੱਚ ਦਿਲਚਸਪੀ ਘੱਟ ਰਹੀ ਹੈ?

ਹਰ ਤਰ੍ਹਾਂ ਦੀਆਂ ਚੋਣਾਂ ਲੋਕਤੰਤਰ ਦਾ ਮੁੱਖ ਆਧਾਰ ਹਨ। ਵੋਟ ਦੇ ਅਧਿਕਾਰ ਦੀ ਵਰਤੋ ਕਰਕੇ ਆਮ ਲੋਕ ਆਪਣੇ ਨੁਮਾਇੰਦੇ ਚੁਣਦੇ ਹਨ। ਆਮ ਲੋਕਾਂ ਦੀਆਂ ਵੋਟਾਂ ਨਾਲ ਚੁਣੀ ਹੋਈ ਸਰਕਾਰ ਹੀ ਰਾਜ ਕਰਦੀ ਹੁੰਦੀ ਹੈ। ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਵੀ ਪੰਚਾਇਤੀ ਰਾਜ ਦੇ ਅੰਗ ਹਨ। ਇਸ ਲਈ ਇਹ ਚੋਣਾਂ ਵੀ ਕਾਫ਼ੀ ਮਹੱਤਵ ਰੱਖਦੀਆਂ ਹਨ ਪਰ ਜਿਸ ਤਰੀਕੇ ਨਾਲ ਇਹਨਾਂ ਚੋਣਾਂ ਸਬੰਧੀ ਵੋਟਰਾਂ ਨੇ ਮੱਠਾ ਹੁੰਗਾਰਾ ਭਰਿਆ ਹੈ, ਉਹ ਚਿੰਤਾਜਨਕ ਹੈ। ਇਹਨਾਂ ਚੋਣਾਂ ਦੌਰਾਨ ਕਾਂਗਰਸ ਅਤੇ ਅਕਾਲੀ ਦਲ ਬਾਦਲ ਵੱਲੋਂ ਸੱਤਾਧਾਰੀ ਆਮ ਆਦਮੀ ਪਾਰਟੀ ’ਤੇ ਧੱਕੇਸ਼ਾਹੀ ਕਰਨ ਅਤੇ ਬੂਥਾਂ ’ਤੇ ਕਬਜ਼ੇ ਕਰਨ ਦਾ ਯਤਨ ਕਰਨ ਦੇ ਦੋਸ਼ ਲਗਾਏ ਹਨ। ਚੋਣ ਕਮਿਸ਼ਨ ਨੂੰ ਇਹਨਾਂ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਉਂਝ ਜਿਸ ਸਿਆਸੀ ਪਾਰਟੀ ਦੀ ਸਰਕਾਰ ਦੇ ਰਾਜ ਦੌਰਾਨ ਇਹ ਚੋਣਾਂ ਹੁੰਦੀਆਂ ਹਨ, ਉਸ ਸਿਆਸੀ ਧਿਰ ’ਤੇ ਵਿਰੋਧੀ ਧਿਰਾਂ ਅਕਸਰ ਅਜਿਹੇ ਦੋਸ਼ ਲਗਾਉਂਦੀਆਂ ਰਹਿੰਦੀਆਂ ਹਨ। ਪਿਛਲੀਆਂ ਸਰਕਾਰਾਂ ਦੌਰਾਨ ਵੀ ਅਜਿਹਾ ਹੁੰਦਾ ਆਇਆ ਹੈ। ਇਹ ਤਾਂ ਸਭ ਨੂੰ ਪਤਾ ਹੈ ਕਿ ਜਿਸ ਸਿਆਸੀ ਪਾਰਟੀ ਦੀ ਸਰਕਾਰ ਹੁੰਦੀ ਹੈ, ਉਸ ਪਾਰਟੀ ਦੇ ਉਮੀਦਵਾਰਾਂ ਨੂੰ ਸਰਕਾਰ ਦੀ ਹਮਾਇਤ ਵੀ ਹਾਸਲ ਹੁੰਦੀ ਹੈ।

ਜ਼ਿਕਰਯੋਗ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਭਾਰਤ ਵਿੱਚ ਪੰਚਾਇਤੀ ਰਾਜ ਪ੍ਰਣਾਲੀ ਅਧੀਨ ਹੋਣ ਵਾਲੀਆਂ ਸਥਾਨਕ ਸਵੈ-ਸ਼ਾਸਨ ਚੋਣਾਂ ਹਨ। ਇਨ੍ਹਾਂ ਦਾ ਉਦੇਸ਼ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧੀਆਂ ਰਾਹੀਂ ਪਿੰਡਾਂ ਅਤੇ ਪੇਂਡੂ ਖੇਤਰਾਂ ਦੇ ਵਿਕਾਸ ਨਾਲ ਸਬੰਧਿਤ ਫੈਸਲੇ ਲੈਣਾ ਹੈ।ਜ਼ਿਲ੍ਹਾ ਪ੍ਰੀਸ਼ਦ ਜ਼ਿਲ੍ਹਾ ਪੱਧਰ ’ਤੇ ਸਭ ਤੋਂ ਉੱਚੀ ਪੰਚਾਇਤ ਸੰਸਥਾ ਹੈ। ਇਸ ਦੇ ਮੈਂਬਰ ਵੀ ਜਨਤਾ ਦੁਆਰਾ ਸਿੱਧੇ ਤੌਰ ’ਤੇ ਚੁਣੇ ਜਾਂਦੇ ਹਨ। ਜ਼ਿਲ੍ਹਾ ਪ੍ਰੀਸ਼ਦ ਦੇ ਮੁਖੀ ਨੂੰ ਪ੍ਰਧਾਨ/ਚੇਅਰਮੈਨ ਕਿਹਾ ਜਾਂਦਾ ਹੈ। ਇਹ ਪੂਰੇ ਜ਼ਿਲ੍ਹੇ ਦੇ ਵਿਕਾਸ ਲਈ ਜ਼ਿੰਮੇਵਾਰ ਹੈ। ਜ਼ਿਲ੍ਹਾ ਪ੍ਰੀਸ਼ਦ ਦੇ ਮੁੱਖ ਕਾਰਜ ਜ਼ਿਲ੍ਹੇ ਲਈ ਵਿਕਾਸ ਯੋਜਨਾਵਾਂ ਤਿਆਰ ਕਰਨਾ, ਬਲਾਕ ਸੰਮਤੀ ਅਤੇ ਗ੍ਰਾਮ ਪੰਚਾਇਤਾਂ ਦੀ ਨਿਗਰਾਨੀ, ਸਰਕਾਰੀ ਯੋਜਨਾਵਾਂ ਨੂੰ ਲਾਗੂ ਕਰਨਾ, ਜ਼ਿਲ੍ਹਾ ਪੱਧਰ ’ਤੇ ਬਜਟ ਅਤੇ ਸਰੋਤਾਂ ਦੀ ਵੰਡ ਹੁੰਦੇ ਹਨ।

ਬਲਾਕ ਸੰਮਤੀ ਨੂੰ ਬਲਾਕ-ਪੱਧਰੀ ਪੰਚਾਇਤ ਤੇ ਪੰਚਾਇਤ ਸੰਮਤੀ ਵੀ ਕਿਹਾ ਜਾਂਦਾ ਹੈ। ਇਹ ਗ੍ਰਾਮ ਪੰਚਾਇਤ ਅਤੇ ਜ਼ਿਲ੍ਹਾ ਪ੍ਰੀਸ਼ਦ ਵਿਚਕਾਰ ਕੜੀ ਹੁੰਦੀ ਹੈ। ਬਲਾਕ ਸੰਮਤੀ ਦੇ ਮੈਂਬਰ ਸਿੱਧੇ ਤੌਰ ’ਤੇ ਜਨਤਾ ਦੁਆਰਾ ਚੁਣੇ ਜਾਂਦੇ ਹਨ। ਬਲਾਕ ਸੰਮਤੀ ਦੇ ਮੁਖੀ ਨੂੰ ਪ੍ਰਧਾਨ/ਚੇਅਰਮੈਨ ਕਿਹਾ ਜਾਂਦਾ ਹੈ। ਇਸ ਦਾ ਕੰਮ ਖੇਤਰ ਹੁੰਦਾ ਹੈ- ਕਈ ਪਿੰਡਾਂ ਦਾ ਸਮੂਹ ਜਿਸ ਨੂੰ ਬਲਾਕ ਕਿਹਾ ਜਾਂਦਾ ਹੈ। ਬਲਾਕ ਸੰਮਤੀ ਦੇ ਮੁੱਖ ਕਾਰਜ ਪੇਂਡੂ ਵਿਕਾਸ ਯੋਜਨਾਵਾਂ ਨੂੰ ਲਾਗੂ ਕਰਨਾ, ਸਿੱਖਿਆ, ਸਿਹਤ, ਖੇਤੀਬਾੜੀ, ਸੜਕਾਂ ਅਤੇ ਪਾਣੀ ਸਪਲਾਈ ਵਰਗੀਆਂ ਗਤੀਵਿਧੀਆਂ ਦੀ ਨਿਗਰਾਨੀ ਕਰਨਾ, ਗ੍ਰਾਮ ਪੰਚਾਇਤਾਂ ਦੇ ਕੰਮ ਦਾ ਤਾਲਮੇਲ ਕਰਨਾ ਹੁੰਦੇ ਹਨ।

ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਰਾਜ ਚੋਣ ਕਮਿਸ਼ਨ ਦੁਆਰਾ ਕਰਵਾਈਆਂ ਜਾਂਦੀਆਂ ਹਨ। ਪ੍ਰਤੀਨਿਧੀਆਂ ਦੀ ਚੋਣ ਆਮ ਤੌਰ ’ਤੇ 5 ਸਾਲਾਂ ਦੀ ਮਿਆਦ ਲਈ ਕੀਤੀ ਜਾਂਦੀ ਹੈ। ਇਹਨਾਂ ਚੋਣਾਂ ’ਚ ਰਾਖਵਾਂਕਰਨ (ਔਰਤਾਂ, ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਹੋਰ ਪਛੜੇ ਵਰਗਾਂ ਲਈ) ਲਾਗੂ ਹੈ। ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ ਇੱਕ ਜ਼ਿਲ੍ਹਾ ਪ੍ਰੀਸ਼ਦ ਹੈ, ਜਿਸ ਵਿੱਚ ਕੁੱਲ 357 ਜ਼ੋਨ ਹਨ, ਜਿਸ ਵਿੱਚ ਹਰੇਕ ਜ਼ੋਨ ਤੋਂ ਇੱਕ ਮੈਂਬਰ ਚੁਣਿਆ ਜਾਂਦਾ ਹੈ। ਇਸੇ ਤਰ੍ਹਾਂ, ਰਾਜ ਦੀਆਂ 154 ਪੰਚਾਇਤ ਸੰਮਤੀਆਂ ਦੇ ਅੰਦਰ 15 ਤੋਂ 25 ਜ਼ੋਨ ਬਣਾਏ ਗਏ ਹਨ, ਜਿਨ੍ਹਾਂ ਦੀ ਕੁੱਲ ਗਿਣਤੀ 2,863 ਹੈ। ਹਰੇਕ ਜ਼ੋਨ ਤੋਂ ਇੱਕ ਮੈਂਬਰ ਚੁਣਿਆ ਜਾਂਦਾ ਹੈ।

ਅੱਜ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਨਤੀਜੇ ਆ ਗਏ ਹਨ। ਨਵੇਂ ਚੁਣੇ ਗਏ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਮੈਂਬਰਾਂ ਨੂੰ ਚਾਹੀਦਾ ਹੈ ਕਿ ਉਹ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਆਪੋ ਆਪਣੇ ਇਲਾਕਿਆਂ ਦੇ ਸਰਵਪੱਖੀ ਵਿਕਾਸ ਲਈ ਸਾਂਝੇ ਯਤਨ ਕਰਨ ਤਾਂ ਕਿ ਪੰਜਾਬ ਨੂੰ ਵਿਕਸਤ ਸੂਬਾ ਬਣਾਇਆ ਜਾ ਸਕੇ ਅਤੇ ਪੇਂਡੂ ਪੱਧਰ ’ਤੇ ਵੀ ਲੋਕਤੰਤਰ ਨੂੰ ਮਜ਼ਬੂਤ ਕੀਤਾ ਜਾ ਸਕੇ।

# ਹਰ ਅਨਿਆਂ ਖ਼ਿਲਾਫ਼ ਲੋਕ ਅੰਦੋਲਨ ਖੜ੍ਹਾ ਕਰਨ ਦੀ ਲੋੜ

ਮਨਦੀਪ



ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀ ਸੰਘਰਸ਼ ਨੇ ਕੇਂਦਰ ਹਕੂਮਤ ਦੇ ਫੁਰਮਾਨਾਂ ਖ਼ਿਲਾਫ਼ ਸ਼ਾਨਦਾਰ ਜਿੱਤ ਹਾਸਿਲ ਕੀਤੀ ਹੈ। ਇਹ ਸੰਘਰਸ਼ ਇਸ ਯੂਨੀਵਰਸਿਟੀ ਸੰਬੰਧੀ ਕੇਂਦਰੀ ਵਜ਼ਾਰਤ ਵੱਲੋਂ ਜਾਰੀ ਕੀਤੇ ਗਏ ਇੱਕ ਨੋਟੀਫਿਕੇਸ਼ਨ ਤੋਂ ਬਾਅਦ ਸ਼ੁਰੂ ਹੋਇਆ ਸੀ, ਜਿਸ ਤਹਿਤ ਯੂਨੀਵਰਸਿਟੀ ਦੀ ਸਰਬਉੱਚ ਵਿਧਾਨਕ ਇਕਾਈ ਸੈਨੇਟ ਤੇ ਕਾਰਜਕਾਰੀ ਸੰਸਥਾ ਸਿੰਡੀਕੇਟ ਦੀ ਬਣਤਰ ’ਚ ਵੱਡੇ ਫੇਰਬਦਲ ਕਰਕੇ ਇਸ ਦੇ ਜਮਹੂਰੀ ਢਾਂਚੇ ਨੂੰ ਤੋੜ ਕੇ ਕੇਂਦਰੀਕਰਨ ਦੀ ਨੀਤੀ ਲਾਗੂ ਕਰਨ ਦਾ ਯਤਨ ਕੀਤਾ ਗਿਆ ਸੀ। ਪ੍ਰਤੀਨਿਧ ਸ਼ਾਸਕੀ ਢਾਂਚੇ ’ਚ ਤਬਦੀਲੀਆਂ ਕਰਕੇ ਜਮਹੂਰੀ ਢੰਗ ਨਾਲ ਚੁਣੇ ਪ੍ਰਤੀਨਿਧੀਆਂ ਦੀ ਗਿਣਤੀ ਘਟਾਉਣ (91 ਤੋਂ 31) ਤੇ ਸੈਨੇਟ ਚੋਣਾਂ ਨੂੰ ਅਨਿਸਚਿਤ ਸਮੇਂ ਲਈ ਲਟਕਾਉਣ ਕਰਕੇ ਵਿਦਿਆਰਥੀ ਰੋਹ ਨੇ ਸੂਬਾ ਸਿਆਸਤ ’ਚ ਹਲਚਲ ਪੈਦਾ ਕਰ ਦਿੱਤੀ। ਯੂਨੀਵਰਸਿਟੀ ਕੈਂਪਸ ਅੰਦਰ ਵਿਰੋਧ ਪ੍ਰਦਰਸ਼ਨਾਂ ਨੂੰ ਰੋਕਣ ਲਈ ਵਿਦਿਆਰਥੀਆਂ ਤੋਂ ਹਲਫ਼ਨਾਮੇ ਲੈਣ ਦੀ ਗ਼ੈਰ-ਜਮਹੂਰੀ ਤੇ ਜਬਰੀ ਮੰਗ ਰਾਹੀਂ ਯੂਨੀਵਰਸਿਟੀ ਦੀ ਅਕਾਦਮਿਕ ਆਜ਼ਾਦੀ ’ਤੇ ਹਮਲੇ ਦੀ ਨੀਤੀ ਨੇ ਵੀ ਵਿਦਿਆਰਥੀ ਰੋਹ ਨੂੰ ਹੋਰ ਤਿੱਖਾ ਕਰ ਦਿੱਤਾ ਸੀ। ਵਿਦਿਆਰਥੀਆਂ ਤੇ ਪੰਜਾਬਪ੍ਰਸਤ ਤਾਕਤਾਂ ਦੇ ਭਾਰੀ ਵਿਰੋਧ ਤੋਂ ਬਾਅਦ ਕੇਂਦਰ ਸਰਕਾਰ ਨੂੰ ਨੋਟੀਫਿਕੇਸ਼ਨ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ, ਪਰ ਵਿਦਿਆਰਥੀ ਅਤੀਤ ’ਚ ਕੇਂਦਰੀ ਵਜ਼ਾਰਤ ਵਲੋਂ ਪੰਜਾਬ ਨਾਲ ਵਾਰ-ਵਾਰ ਕੀਤੀ ਜਾਣ ਵਾਲੀ ਵਾਅਦਾ ਖ਼ਿਲਾਫ਼ੀ ਤੋਂ ਭਲੀਭਾਂਤ ਜਾਣੂ ਸਨ। ਉਹ ਜ਼ਬਾਨੀ-ਕਲਾਮੀ ਭਰੋਸਿਆਂ ਤੋਂ ਪਰ੍ਹੇ ਪੂਰੇ ਜਜ਼ਬੇ ਤੇ ਸਿਦਕ ਨਾਲ ਸੈਨੇਟ ਚੋਣਾਂ ਦੀ ਠੋਸ ਮਿਤੀ ਐਲਾਨਣ ਤੇ ਯੂਨੀਵਰਸਿਟੀ ਦੀ ਖ਼ੁਦਮੁਖਤਿਆਰੀ ਲਈ ਸੁਰੱਖਿਆ ਦੀ ਮੰਗ ਨੂੰ ਲੈ ਕੇ ਸੰਘਰਸ਼ ਦੇ ਮੈਦਾਨ ’ਚ ਡਟੇ ਰਹੇ। ਦਿੱਲੀ ਦਾ ਸ਼ਾਨਾਮੱਤਾ ਕਿਸਾਨ ਸੰਘਰਸ਼ ਇਸ ਵਿਦਿਆਰਥੀ ਸੰਘਰਸ਼ ਦਾ ਪ੍ਰੇਰਨਾ ਸਰੋਤ ਸੀ ਤੇ ਵਿਦਿਆਰਥੀ ਸੰਘਰਸ਼ ਨੇ ਉਸ ਸ਼ਾਨਾਮੱਤੀ ਵਿਰਾਸਤ ਨੂੰ ਕਾਇਮ ਰੱਖਿਆ। ਪੰਜਾਬ ਯੂਨੀਵਰਸਟੀ ਵਿਦਿਆਰਥੀ ਸੰਘਰਸ਼ ਦੀ ਜਿੱਤ ਦੇ ਕਈ ਮਹੱਤਵਪੂਰਨ ਵਿਚਾਰਧਾਰਕ ਤੇ ਸਿਆਸੀ ਪਸਾਰ ਹਨ, ਜੋ ਪੰਜਾਬ ਦੇ ਸਮਾਜਿਕ, ਸਿਆਸੀ ਤੇ ਸੱਭਿਆਚਾਰਕ ਮਸਲਿਆਂ ਦੇ ਬਿਰਤਾਂਤ ਨੂੰ ਕੇਂਦਰ ਵਿੱਚ ਲਿਆ ਕੇ ਖੜ੍ਹਾ ਕਰ ਗਏ ਤੇ ਸੂਬੇ ਦੀ ਖ਼ੁਦਮੁਖਤਿਆਰੀ ਦੀ ਮੰਗ ਨੂੰ ਮੁੜ-ਸੁਰਜੀਤ ਕਰਨ ’ਚ ਸਹਾਈ ਹੋਏ।

ਰਾਜਧਾਨੀ ਚੰਡੀਗੜ੍ਹ ਅਤੇ ਪੰਜਾਬ ਯੂਨੀਵਰਸਿਟੀ ਦੇ ਇਤਿਹਾਸਕ ਵਿਰਾਸਤੀ ਦਰਜੇ ’ਤੇ ਅੱਵਲ ਏਸ਼ੀਆਈ ਯੂਨੀਵਰਸਿਟੀਆਂ ’ਚੋਂ ਇੱਕ ਹੋਣ ਕਾਰਨ ਇਹ ਪੰਜਾਬ ਤੇ ਪੰਜਾਬੀਅਤ ਦੇ ਪ੍ਰਤੀਕ ਵਜੋਂ ਸਮਾਜਿਕ ਅਹਿਮੀਅਤ ਰੱਖਦੀ ਹੈ। ਇਸ ਉੱਤੇ ਕਿਸੇ ਕਿਸਮ ਦੇ ਹਮਲੇ ਦਾ ਅਰਥ ਪੰਜਾਬ ਦੀ ਆਵਾਜ਼ ਨੂੰ ਦਬਾਉਣ ਤੇ ਸੂਬੇ ਦੇ ਅਧਿਕਾਰਾਂ ਨੂੰ ਖੋਹਣ ਬਰਾਬਰ ਮੰਨਿਆ ਜਾਂਦਾ ਹੈ। ਪੀ.ਯੂ. ਦੀ ਵਿੱਦਿਅਕ-ਬੌਧਿਕ ਵਿਰਾਸਤ ਲਗਭਗ ਡੇਢ ਸਦੀ ਪੁਰਾਣੀ ਹੈ ਤੇ ਪੰਜਾਬ ਦੀ ਇਸ ’ਤੇ ਦਾਅਵੇਦਾਰੀ ਸੈਨੇਟ ਤੇ ਸਿੰਡੀਕੇਟ ਵਿਚਲੇ ਨੁਮਾਇੰਦਿਆਂ ਨਾਲ ਘੱਟ-ਵੱਧ ਹੀ ਸਹੀ ਪਰ ਅਟੁੱਟ ਤੌਰ ’ਤੇ ਜੁੜੀ ਹੋਈ ਹੈ। ਜਮਹੂਰੀਅਤ ਦੀ ਇਸ ਬਚੀ-ਖੁਚੀ ਗੁੰਜਾਇਸ਼ ਨੂੰ ਖ਼ੋਰਾ ਲੱਗਣ ਦਾ ਅਰਥ ਪੰਜਾਬ ਹੱਥੋਂ ਉਸ ਦੀ ਬੌਧਿਕ, ਵਿੱਦਿਅਕ ਤੇ ਵਿਰਾਸਤੀ ਧ੍ਰੋਹਰ ਦਾ ਹੌਲੀ-ਹੌਲੀ ਖੁੱਸਣਾ ਤੇ ਪੰਜਾਬ ਦੀ ਖ਼ੁਦਮੁਖਤਿਆਰੀ ਦੇ ਸੰਘਰਸ਼ ਦੇ ਇੱਕ ਹੋਰ ਨੁਕਤੇ ਨੂੰ ਖ਼ਾਰਜ ਕਰ ਦੇਣ ਬਰਾਬਰ ਸੀ।

ਇਸ ਸੰਘਰਸ਼ ਰਾਹੀਂ ਅਤੀਤ ਵਿੱਚ ਪੰਜਾਬੀ ਸੂਬੇ ਨਾਲ ਬੇਇਨਸਾਫ਼ੀ ਦੇ ਮਸਲੇ ਮੁੜ ਉੱਭਰ ਆਏ। ਵਿਦਿਆਰਥੀਆਂ ਵੱਲੋਂ ਦਿੱਤਾ ਨਾਅਰਾ ‘ਸੂਹਾ ਫੁੱਲ ਗੁਲਾਬ ਦਾ, ਚੰਡ੍ਹੀਗੜ ਪੰਜਾਬ ਦਾ’ ਗੰਭੀਰ ਸਿਆਸੀ ਮਹੱਤਤਾ ਵਾਲਾ ਮਸਲਾ ਹੈ। ਇਹ ਚੰਡੀਗੜ੍ਹ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ’ਚੋਂ ਕੱਢ ਕੇ ਸੂਬਾ ਪੰਜਾਬ ਦੀ ਰਾਜਧਾਨੀ ਬਣਾਉਣ ਦੇ ਮੁੱਖ ਕੌਮੀ ਮਸਲੇ ਨੂੰ ਉਭਾਰਨ ਵਾਲੀ ਸਿਆਸੀ ਮੰਗ ਹੈ, ਜੋ ਵੱਡੀ ਤੇ ਵੱਖਰੀ ਲਾਮਬੰਦੀ ਬਿਨਾਂ ਨੇਪਰੇ ਚੜ੍ਹਨੀ ਮੁਸ਼ਕਿਲ ਹੈ। ਇਸ ਸੰਘਰਸ਼ ਦੌਰਾਨ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਤੋਂ ਬਾਹਰ ਰੱਖਣ, ਪੰਜਾਬੀ ਭਾਸ਼ਾ ਨੂੰ ਬਣਦਾ ਮਾਣ-ਸਨਮਾਨ ਦੇਣ, ਪੰਜਾਬ ਦੇ ਦਰਿਆਈ ਪਾਣੀਆਂ ਦੀ ਕਾਣੀ ਵੰਡ ਤੇ ਭਾਖੜਾ-ਬਿਆਸ ਮੈਨੇਜਮੈਂਟ ਸਮੇਤ ਕੇਂਦਰ ਸਰਕਾਰ ਵਲੋਂ ਪੰਜਾਬ ਤੇ ਚੰਡੀਗੜ੍ਹ ਦੇ ਪ੍ਰਸ਼ਾਸਨਿਕ ਮਾਮਲਿਆਂ ’ਚ ਦਖ਼ਲਅੰਦਾਜ਼ੀ ਦੇ ਵਿਰੋਧ ਦੀ ਸੁਰ ਵੀ ਵੇਗ ਫੜਦੀ ਰਹੀ। ਇਸੇ ਸੰਘਰਸ਼ ਦੌਰਾਨ ਕੇਂਦਰ ਸਰਕਾਰ ਵੱਲੋਂ ਆਉਂਦੇ ਸਰਦ ਰੁੱਤ ਇਜਲਾਸ ਵਿੱਚ ਇੱਕ ਸੰਵਿਧਾਨਕ ਸੋਧ (131ਵੀਂ ਸੋਧ) ਰਾਹੀਂ ਇੱਕ ਬਿੱਲ ਸੂਚੀਬੱਧ ਕਰਕੇ ਚੰਡੀਗੜ੍ਹ ’ਚ ਉਪ-ਰਾਜਪਾਲ (ਲੈਫਟੀਨੈਂਟ ਗਵਰਨਰ) ਲਾ ਕੇ ਚੰਡੀਗੜ੍ਹ ਨੂੰ ਧਾਰਾ 240 ’ਚ ਸ਼ਾਮਿਲ ਕਰਨ ਦਾ ਮੁੱਦਾ ਵੀ ਉਠਾਇਆ ਗਿਆ। ਇਸ ਨਾਲ ਪੰਜਾਬ ਨੂੰ ਚੰਡੀਗੜ੍ਹ ਦੇ ਪ੍ਰਸ਼ਾਸਕੀ ਤੇ ਸਿਆਸੀ ਕੰਟਰੋਲ ਤੋਂ ਵਾਂਝਾ ਕਰਕੇ ਅਤੇ ਚੰਡੀਗੜ੍ਹ ਨੂੰ ਆਮ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਕੇ ਇਸ ਨੂੰ ਪੰਜਾਬ ਨਾਲੋਂ ਵੱਖ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਗਿਆ। ਕੇਂਦਰ ਦੇ ਇਸ ਅਜ਼ਮਾਇਸ਼ੀ ਬਿਆਨ ਨੇ ਪੰਜਾਬ ਦੇ ਸੰਘੀ ਢਾਂਚੇ ’ਤੇ ਹਮਲੇ ਦੇ ਨਵੇਂ ਫ਼ੈਸਲੇ ਨਾਲ ਪੀ.ਯੂ. ਦੇ ਵਿਦਿਆਰਥੀ ਸੰਘਰਸ਼ ਤੋਂ ਅਗਾਂਹ ਇਕ ਵੱਖਰੇ ਤੇ ਨਵੇਂ ਸਮਾਜਿਕ ਅੰਦੋਲਨ ਦਾ ਮੁੱਢ ਬੰਨ੍ਹਣ ਦੀ ਲੋੜ ਖੜ੍ਹੀ ਕਰ ਦਿੱਤੀ ਸੀ।

ਪੰਜਾਬ ਦੀ ਸਰਜ਼ਮੀਂ ’ਤੇ ਪੰਜਾਬੀਆਂ ਦੇ ਉੱਦਮ ਨਾਲ ਉੱਸਰਿਆ ਚੰਡੀਗੜ੍ਹ ਪੰਜਾਬ ਦਾ ਦਿਲ ਤੇ ਪੰਜਾਬੀਅਤ ਦੀ ਰੂਹ ਹੈ। ਪੰਜਾਬੀਆਂ ਨੂੰ ਚੰਡੀਗੜ੍ਹ ’ਚੋਂ ’47 ਦੀ ਵੰਡ ਵੇਲੇ ਸਿਆਸਤਦਾਨਾਂ ਦੀਆਂ ਫਿਰਕੂ ਵੰਡੀਆਂ ਦੀ ਭੇਟ ਚੜ੍ਹੇ ਲਾਹੌਰ ਦਾ ਅਕਸ ਦਿਖਦਾ ਹੈ ਅਤੇ ਉਹ ਆਪਣਾ ਆਜ਼ਾਦ ਸਮਾਜਿਕ, ਸਿਆਸੀ ਤੇ ਸੱਭਿਆਚਾਰਕ ਕੇਂਦਰ ਸਥਾਪਤ ਕਰਨ ਲਈ ਤੱਤਪਰ ਹਨ।

ਸੰਵਿਧਾਨਕ ਧੱਕੇਸ਼ਾਹੀਆਂ ਨਾਲ ਚੰਡੀਗੜ੍ਹ ਨਾਲੋਂ ਪੰਜਾਬ ਦਾ ਨਾੜੂਆ ਕੱਟਣ ਨਾਲ ਇਸ ਦੇ ਵਿਰਾਸਤੀ ਅੰਸ਼ਾਂ ਨੂੰ ਮਿਟਾਇਆ ਨਹੀਂ ਜਾ ਸਕਦਾ। ਭਾਸ਼ਾ, ਸੱਭਿਆਚਾਰ ਤੇ ਭੂਗੋਲਿਕ ਤੌਰ ’ਤੇ ਚੰਡੀਗੜ੍ਹ ਉੱਤੇ ਸੂਬਾ ਪੰਜਾਬ ਦੀ ਦਾਅਵੇਦਾਰੀ ਦੀ ਮੰਗ ਜਾਇਜ਼ ਹੈ ਅਤੇ ਸੂਬੇ ਦੇ ਅਧਿਕਾਰਾਂ ’ਤੇ ਕੇਂਦਰ ਸਰਕਾਰ ਦਾ ਕਬਜ਼ਾ ਤੇ ਦਖ਼ਲਅੰਦਾਜ਼ੀ ਪੰਜਾਬ ਦੇ ਕੌਮੀ ਸਵੈਮਾਣ ਤੇ ਆਤਮ-ਨਿਰਣੇ ਦੇ ਹੱਕਾਂ ’ਤੇ ਡਾਕਾ ਹੈ।

ਪੀ.ਯੂ. ਸੰਬੰਧੀ ਪ੍ਰਸ਼ਾਸਕੀ ਸੁਧਾਰਾਂ ਨਾਲ ਦੋ ਹੋਰ ਮਹੱਤਵਪੂਰਨ ਪਹਿਲੂ ਜੁੜੇ ਹੋਏ ਸਨ। ਇਨ੍ਹਾਂ ਸੁਧਾਰਾਂ ਨਾਲ ਭਵਿੱਖ ’ਚ ਯੂਨੀਵਰਸਿਟੀ ਕੈਂਪਸ ਤੇ ਇਸ ਦੇ ਅਧੀਨ ਪੈਂਦੀਆਂ ਵਿੱਦਿਅਕ ਸੰਸਥਾਵਾਂ ਨੂੰ ਨਿੱਜੀਕਰਨ ਦੀਆਂ ਨਵਉਦਾਰਵਾਦੀ ਲੋੜਾਂ ਅਨੁਕੂਲ ਢਾਲਣ ਅਤੇ ਵਿੱਦਿਅਕ ਪਾਠਕ੍ਰਮਾਂ ਰਾਹੀਂ ਹੁਕਮਰਾਨ ਜਮਾਤ ਦੀ ਫਿਰਕੂ-ਪਿਛਾਖੜੀ ਵਿਚਾਰਧਾਰਾ (ਸਿੱਖਿਆ ਦਾ ਭਗਵਾਂਕਰਨ) ਨੂੰ ਪ੍ਰੋਸਣ ਦੀ ਮਨਸ਼ਾ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ, ਕਿਉਂਕਿ ਕੋਈ ਵੀ ਪ੍ਰਸ਼ਾਸਕੀ ਸੁਧਾਰ ਜਾਂ ਸੰਵਿਧਾਨਕ ਸੋਧਾਂ ਕਿਸੇ ਨਾ ਕਿਸੇ ਖ਼ਾਸ ਵਰਗ ਦੇ ਹਿੱਤਾਂ ਨੂੰ ਧਿਆਨ @ਚ ਰੱਖ ਕੇ ਕੀਤੀਆਂ ਜਾਂਦੀਆਂ ਹਨ। ਕੇਂਦਰੀ ਹਕੂਮਤ ਸੂਬਿਆਂ ਦੇ ਅਧਿਕਾਰਾਂ ਨੂੰ ਖ਼ਤਮ ਕਰਕੇ ਸੱਤਾ ਦੇ ਕੇਂਦਰੀਕਰਨ ਦੀ ਨੀਤੀ ਨੂੰ ਅੱਗੇ ਵਧਾ ਰਹੀ ਹੈ ਅਤੇ ਸੱਤਾ ਦਾ ਕੇਂਦਰੀਕਰਨ ਸੂਬੇ ਦੀਆਂ ਮੁੱਖ ਵਿੱਦਿਅਕ ਸੰਸਥਾਵਾਂ ’ਤੇ ਵਿਚਾਰਧਾਰਕ ਕੰਟਰੋਲ ਤੇ ਵਿੱਦਿਅਕ ਅਦਾਰਿਆਂ ਦੇ ਕੇਂਦਰੀਕਰਨ ਨਾਲ ਵੀ ਜੁੜਿਆ ਹੁੰਦਾ ਹੈ। ਇੱਥੇ ਅਨਤੋਨੀਓ ਗ੍ਰਾਮਸੀ ਦਾ ‘ਪ੍ਰਭੂਸੱਤਾ ਦਾ ਸਿਧਾਂਤ’ ਪੂਰੀ ਤਰ੍ਹਾਂ ਢੁਕਵਾਂ ਹੈ ਕਿ ਹਾਕਮ ਜਮਾਤ ਸਿਰਫ਼ ਆਰਥਿਕ ਲੁੱਟ-ਜਬਰ ਰਾਹੀਂ ਹੀ ਰਾਜ ਨਹੀਂ ਕਰਦੀ, ਸਗੋਂ ਵਿਚਾਰਧਾਰਾ ਤੇ ਸੱਭਿਆਚਾਰ ਉੱਤੇ ਵੀ ਕੰਟਰੋਲ ਕਰਨ ਦਾ ਯਤਨ ਕਰਦੀ ਹੈ। ਹਾਕਮ ਜਮਾਤ ਲਈ ਸਿੱਖਿਆ ’ਤੇ ਕੰਟਰੋਲ ਦਾ ਯਤਨ ਵਿਚਾਰਾਂ ਉੱਤੇ ਕੰਟਰੋਲ ਦੀ ਨੀਤੀ ਦਾ ਹਿੱਸਾ ਹੈ। ਦਰਅਸਲ ਯੂਨੀਵਰਸਿਟੀਆਂ ਆਮ ਤੌਰ ’ਤੇ ਲੋਕ ਚੇਤਨਾ ਨੂੰ ਜਗਾਉਣ ਲਈ ਵਿਚਾਰਧਾਰਕ-ਸਿਆਸੀ ਸਰਗਰਮੀਆਂ ਦਾ ਗੜ੍ਹ ਮੰਨੀਆਂ ਜਾਂਦੀਆਂ ਹਨ। ਉਦਾਹਰਨ ਵਜੋਂ ਚਾਲੂ ਵਰ੍ਹੇ ਦੀ ਸ਼ੁਰੂਆਤ ’ਚ ਅਰਜਨਟੀਨਾ ਵਿੱਚ ਖਾਵੀਅਰ ਮਿਲੇਅ ਦੀ ਘੋਰ-ਸੱਜੇ ਪੱਖੀ ਸਰਕਾਰ ਵੱਲੋਂ ਇੱਕ ਵਿੱਤੀ ਕਾਨੂੰਨ ਤਹਿਤ ਯੂਨੀਵਰਸਿਟੀ ਫੰਡਾਂ ’ਚ ਕੀਤੀ ਗਈ 71% ਦੀ ਕਟੌਤੀ ਨੂੰ ਲੈ ਕੇ ਚੱਲੇ ਸੰਘਰਸ਼ ਵਿੱਚ ਵਿਦਿਆਰਥੀਆਂ ਵੱਲੋਂ ਯੂਨੀਵਰਸਿਟੀਆਂ ’ਤੇ ਕਬਜ਼ੇ ਦਾ ਸੰਘਰਸ਼ ਇੱਕ ਚਰਚਿਤ ਵਿਦਿਆਰਥੀ ਸੰਘਰਸ਼ ਰਿਹਾ। ਦੂਸਰਾ, ਅਮਰੀਕਾ ’ਚ ਟਰੰਪ ਪ੍ਰਸ਼ਾਸਨ ਵੱਲੋਂ ਯੂਨੀਵਰਸਿਟੀਆਂ ਨੂੰ ਦਿੱਤੇ ਜਾਣ ਵਾਲੇ ਫੈੱਡਰਲ ਫੰਡਾਂ ’ਤੇ ਰੋਕ ਲਾਉਣ ਅਤੇ ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ ਖ਼ਿਲਾਫ਼ ਹਾਰਵਰਡ ਯੂਨੀਵਰਸਿਟੀ ਤੋਂ ਸ਼ੁਰੂ ਹੋਇਆ ਵਿਦਿਆਰਥੀ ਸੰਘਰਸ਼ ਪੂਰੇ ਅਮਰੀਕੀ ਸਮਾਜ ਵਿੱਚ ਫੈਲ ਗਿਆ। ਇਸ ਲਈ ਕਿਸੇ ਵੀ ਮੁਲਕ ਵਿੱਚ ਉੱਠਿਆ ਵਿਦਿਆਰਥੀ ਸੰਘਰਸ਼ ਅਕਸਰ ਸੱਤਾ ਲਈ ਗੰਭੀਰ ਚੁਣੌਤੀ ਬਣਨ ਦੀ ਸੰਭਾਵਨਾ ਰੱਖਦਾ ਹੁੰਦਾ ਹੈ ਅਤੇ ਸੰਭਾਵਿਤ ਤੌਰ ’ਤੇ ਭਾਜਪਾ ਦੀ ਕੇਂਦਰ ਸਰਕਾਰ ਲਈ ਇਹ ਚੁਣੌਤੀ ਜੋਖ਼ਮ ਬਣਨ ਦੀ ਸਮਰੱਥਾ ਰੱਖਦੀ ਸੀ ਤੇ ਸੰਸਾਰ ਭਰ ’ਚ ਉੱਠ ਰਹੇ ‘ਜ਼ੈਨ ਜ਼ੀ’ ਵਰਤਾਰੇ ਨੇ ਭਾਜਪਾ ਦੀ ਚਿੰਤਾ ਹੋਰ ਵਧਾ ਦਿੱਤੀ। ਇਸ ਦੇ ਨਾਲ ਹੀ ਪੰਜਾਬ ਦੀ ਵਿਦਿਆਰਥੀ ਰਾਜਨੀਤੀ ’ਚ ਵਿਰੋਧ ਦੀ ਪੁਰਾਣੀ ਪਰੰਪਰਾ ਰਹੀ ਹੈ ਅਤੇ ਵਿਦਿਆਰਥੀ ਵਰਗ ਦੀ ਸਿਆਸੀ ਚੇਤਨਤਾ ਸਮਾਜ ਲਈ ਸੰਘਰਸ਼ਮਈ ਪ੍ਰੇਰਨਾ ਦਾ ਸੋਮਾ ਨਾ ਬਣੇ ਸਕੇ, ਇਸ ਲਈ ਸਰਕਾਰ ਨੇ ਇਸ ਨੂੰ ਬੇਅਸਰ ਕਰਨ ਲਈ ਵਿਦਿਆਰਥੀ ਸੰਘਰਸ਼ ਅੱਗੇ ਝੁਕਣ ਦਾ ਰਾਹ ਚੁਣਿਆ।

ਪੀ.ਯੂ. ’ਚ ਪ੍ਰਸ਼ਾਸਕੀ ਸੁਧਾਰਾਂ ਨਾਲ ਬਚੀ-ਖੁਚੀ ਜਮਹੂਰੀ ਨਿਗਰਾਨੀ ਨੂੰ ਘਟਾਉਣ ਦਾ ਯਤਨ ਅਸਲ ’ਚ ਨਵਉਦਾਰਵਾਦੀ ਨੀਤੀਆਂ ਦੇ ਰਾਹ ਵਿੱਚ ਬਚੀਆਂ ਰੋਕਾਂ ਨੂੰ ਮੂਲੋਂ ਖ਼ਤਮ ਕਰਨ ਦੇ ਯਤਨ ਦਾ ਹਿੱਸਾ ਸੀ। ਬੇਸ਼ੱਕ ਸੈਨੇਟ ਤੇ ਸਿੰਡੀਕੇਟ ’ਚ ਹਿੱਸੇਦਾਰੀ ਕਾਰਨ ਸਿੱਖਿਆ ਦੇ ਮਿਆਰ, ਬੁਨਿਆਦੀ ਸੁਧਾਰ ਅਤੇ ਨਿੱਜੀਕਰਨ-ਵਪਾਰੀਕਰਨ ਨੂੰ ਠੱਲ੍ਹਿਆ ਨਹੀਂ ਜਾ ਸਕਦਾ ਪਰ ਇਹ ਇਕਾਈਆਂ ਮੁਕਾਬਲਤਨ ਜਮਹੂਰੀ ਖ਼ਸਲਤ ਦੀ ਤਰਜ਼ਮਾਨੀ ਕਰਦੀਆਂ ਹਨ। ਇਹ ਮਸਲਾ ਯੂਨੀਵਰਸਿਟੀ ਤੇ ਪੰਜਾਬ ਦੀ ਪਛਾਣ, ਅਧਿਕਾਰ ਅਤੇ ਜਮਹੂਰੀਅਤ ਨਾਲ ਜੁੜਿਆ ਹੋਣ ਕਰਕੇ ਇਸ ਨਾਲ ਯੂਨੀਵਰਸਿਟੀ ਦੇ ਜਮਹੂਰੀਕਰਨ ਅਤੇ ਯੂਨੀਵਰਸਿਟੀ ’ਤੇ ਪੰਜਾਬ ਦੇ ਹੱਕ ਦੀ ਵਜ਼ਾਹਤ ਦਾ ਸਵਾਲ ਬੇਹੱਦ ਅਹਿਮ ਹੈ। ਹਰਿਆਣਾ ਤੇ ਹਿਮਾਚਲ ਵਾਂਗ ਪੰਜਾਬ ਕੋਲ ਉਸ ਦੀ ਆਪਣੀ ਯੂਨੀਵਰਸਿਟੀ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਸੂਬਾ ਸਰਕਾਰਾਂ ਪੰਜਾਬ ਦੀ ਖ਼ੁਦਮੁਖਤਿਆਰੀ ਦੇ ਸਵਾਲਾਂ ’ਤੇ ਸਿਆਸਤ ਤਾਂ ਕਰਦੀਆਂ ਆ ਰਹੀਆਂ ਹਨ ਪਰ ਉਹ ਇਨ੍ਹਾਂ ਪ੍ਰਤੀ ਪੂਰੀ ਤਰ੍ਹਾਂ ਸੰਜੀਦਾ ਨਹੀਂ ਰਹੀਆਂ। ਉਨ੍ਹਾਂ ਨੇ ਕਦੇ ਵੀ ਗੰਭੀਰਤਾ ਨਾਲ ਯੂਨੀਵਰਸਿਟੀ ’ਤੇ ਪੰਜਾਬ ਦੀ ਸੰਸਥਾਗਤ ਖ਼ੁਦਮੁਖਤਿਆਰੀ, ਪੰਜਾਬ ਦੇ ਦਰਿਆਈ ਪਾਣੀਆਂ ਦੀ ਨਿਆਈਂ ਵੰਡ, ਚੰਡੀਗੜ੍ਹ ’ਤੇ ਪੰਜਾਬ ਦੀ ਦਾਅਵੇਦਾਰੀ ਆਦਿ ਸਵਾਲਾਂ ’ਤੇ ਕੋਈ ਠੋਸ ਜਵਾਬਦੇਹੀ ਨਹੀਂ ਦਿਖਾਈ।ਵਿਦਿਆਰਥੀ ਘੋਲ ਦੀ ਸੀਮਾ, ਸਮਰੱਥਾ ਤੇ ਜ਼ਾਬਤੇ ਅਨੁਸਾਰ ਯੂਨੀਵਰਸਿਟੀ ’ਚ ਬਿਨਾਂ ਦੇਰੀ ਲੋਕਤੰਤਰੀ ਢੰਗ ਨਾਲ ਸੈਨੇਟ ਚੋਣਾਂ ਕਰਵਾਉਣ ਦੀ ਮੰਗ ’ਤੇ ਜਿੱਤ ਬਿਨਾਂ ਸ਼ੱਕ ਇੱਕ ਮਹੱਤਵਪੂਰਨ ਜਿੱਤ ਹੈ ਪਰ ਪੰਜਾਬ ਪ੍ਰਸਤ ਲੋਕਾਂ ਤੇ ਲੋਕ ਪੱਖੀ ਤਾਕਤਾਂ ਨੂੰ ਪੰਜਾਬ ਨਾਲ ਹੋ ਰਹੀ ਹਰ ਬੇਇਨਸਾਫ਼ੀ ਖ਼ਿਲਾਫ਼ ਵਿਸ਼ਾਲ ਲੋਕ ਅੰਦੋਲਨ ਖੜ੍ਹਾ ਕਰਨ ਦੀ ਵੀ ਜ਼ਰੂਰਤ ਹੈ।

# ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਬਣਾਉਂਦੇ ਨੇ ਪਿੰਡ

ਡਾ. ਜੈਅੰਤੀਲਾਲ ਭੰਡਾਰੀ


ਭਾਰਤ ਨੇ 2024-25 ਵਿਚ 35.77 ਕਰੋੜ ਟਨ ਅਨਾਜ ਉਤਪਾਦਨ ਕਰ ਕੇ ਇਕ ਇਤਿਹਾਸਕ ਰਿਕਾਰਡ ਬਣਾਇਆ ਹੈ। ਪਿਛਲੇ ਦਸ ਸਾਲਾਂ ਵਿੱਚ ਭਾਰਤ ਦਾ ਅਨਾਜ ਉਤਪਾਦਨ 10 ਕਰੋੜ ਟਨ ਵਧਿਆ ਹੈ। ਇਹ ਖੇਤੀ ਵਿੱਚ ਆਤਮ-ਨਿਰਭਰਤਾ ਅਤੇ ਪਿੰਡਾਂ ਦੇ ਵਿਕਾਸ ਵੱਲ ਦੇਸ਼ ਦੀ ਲਗਾਤਾਰ ਵਧਦੀ ਰਫ਼ਤਾਰ ਨੂੰ ਦਰਸਾਉਂਦਾ ਹੈ। ਇਸ ਸਮੇਂ ਜਿੱਥੇ ਆਲਮੀ ਸਮੁੱਚਾ ਘਰੇਲੂ ਉਤਪਾਦ (ਜੀਡੀਪੀ) ਦੀ ਵਾਧਾ ਦਰ ਲਗਪਗ ਤਿੰਨ ਪ੍ਰਤੀਸ਼ਤ ਹੈ ਅਤੇ ਜੀ-7 ਦੇ ਦੇਸ਼ਾਂ ਦੀ ਆਰਥਿਕਤਾ ਔਸਤ ਵਿੱਚ ਲਗਪਗ 1.5 ਪ੍ਰਤੀਸ਼ਤ ਦੀ ਦਰ ਨਾਲ ਵਧ ਰਹੀ ਹੈ, ਉਥੇ ਹੀ ਭਾਰਤ ਵਿੱਚ 2025-26 ਦੀ ਦੂਜੀ ਤਿਮਾਹੀ ਵਿੱਚ ਜੀਡੀਪੀ ਦੀ ਵਾਧਾ ਦਰ 8.2 ਪ੍ਰਤੀਸ਼ਤ ਰਹੀ ਹੈ।

ਇਨ੍ਹੀਂ ਦਿਨੀਂ ਭਾਰਤ ਦੇ ਆਰਥਿਕ ਮੁਹਾਂਦਰੇ ਨਾਲ ਸਬੰਧਤ ਵੱਖ-ਵੱਖ ਅਧਿਐਨ ਰਿਪੋਰਟਾਂ ਵਿੱਚ ਇਹ ਤੱਥ ਰੇਖਾਂਕਿਤ ਹੋ ਰਿਹਾ ਹੈ ਕਿ ਚਾਲੂ ਵਿੱਤੀ ਸਾਲ 2025-26 ਵਿੱਚ ਗ੍ਰਾਮੀਣ ਭਾਰਤ ਤੋਂ ਆਰਥਿਕਤਾ ਨੂੰ ਮਜ਼ਬੂਤੀ ਮਿਲ ਰਹੀ ਹੈ। ਇਹ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਪਿੰਡਾਂ ਵਿੱਚ ਖਪਤ ਤੇਜ਼ੀ ਨਾਲ ਵਧ ਰਹੀ ਹੈ। ਗ੍ਰਾਮੀਣ ਗ਼ਰੀਬੀ ਵਿੱਚ ਕਮੀ, ਛੋਟੇ ਕਿਸਾਨਾਂ ਦੀ ਸ਼ਾਹੂਕਾਰਾਂ ਦੇ ਕਰਜ਼ੇ 'ਤੇ ਨਿਰਭਰਤਾ ਵਿੱਚ ਕਮੀ, ਗ੍ਰਾਮੀਣ ਖਪਤ ਵਿਚ ਵਾਧਾ ਅਤੇ ਕਿਸਾਨਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਵਰਗੀਆਂ ਵੱਖ-ਵੱਖ ਅਨੁਕੂਲਤਾਵਾਂ ਨਾਲ ਗ੍ਰਾਮੀਣ ਭਾਰਤ ਮਜ਼ਬੂਤੀ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ।

ਰਿਜ਼ਰਵ ਬੈਂਕ ਨੇ ਕਰੰਸੀ ਨੀਤੀ ਸਮੀਖਿਆ ਦੀ ਹਾਲੀਆ ਬੈਠਕ ਵਿੱਚ ਕਿਹਾ ਕਿ ਭਾਰਤ ਵਿੱਚ ਮਹਿੰਗਾਈ ਘਟਣ ਵਿਚ ਖੇਤੀ ਉਤਪਾਦਨ ਅਤੇ ਗ੍ਰਾਮੀਣ ਵਿਕਾਸ ਦਾ ਮਹੱਤਵਪੂਰਨ ਯੋਗਦਾਨ ਹੈ ਅਤੇ ਅੱਗੇ ਵੀ ਮਹਿੰਗਾਈ ਨੂੰ ਨੱਥ ਪਾਉਣ ਵਿੱਚ ਅਨਾਜ ਉਤਪਾਦਨ ਦੀ ਅਹਿਮ ਭੂਮਿਕਾ ਰਹੇਗੀ।

ਵਿਸ਼ਵ ਬੈਂਕ ਦੀ ਰਿਪੋਰਟ ਅਨੁਸਾਰ ਦਿਹਾਤੀ ਸੁਧਾਰ, ਬਿਹਤਰ ਖੇਤੀ ਉਤਪਾਦਨ, ਦਿਹਾਤੀ ਖਪਤ ਵਿਚ ਵਾਧਾ ਅਤੇ ਟੈਕਸ ਸੁਧਾਰ ਵਰਗੇ ਤੱਤਾਂ ਦੇ ਆਧਾਰ 'ਤੇ ਭਾਰਤ ਦੁਨੀਆ ਦਾ ਸਭ ਤੋਂ ਤੇਜ਼ੀ ਨਾਲ ਵਧਦਾ ਪ੍ਰਮੁੱਖ ਅਰਥਚਾਰਾ ਬਣਿਆ ਰਹੇਗਾ। ਇਸੇ ਤਰ੍ਹਾਂ ਐੱਸਐਂਡਪੀ ਗਲੋਬਲ ਰੇਟਿੰਗਜ਼ ਦੁਆਰਾ ਪ੍ਰਕਾਸ਼ਿਤ ਏਸ਼ੀਆ-ਪੈਸੇਫਿਕ ਇਕੋਨੋਮਿਕ ਆਊਟਲੁੱਕ ਰਿਪੋਰਟ 2025 ਅਨੁਸਾਰ ਗ੍ਰਾਮੀਣ ਭਾਰਤ ਵਿੱਚ ਵਿਕਾਸ ਦੀ ਸਕਾਰਾਤਮਕਤਾ ਹੈ।

ਮਹਿੰਗਾਈ ਘਟਣ ਅਤੇ ਟੈਕਸਾਂ ਵਿੱਚ ਕਟੌਤੀ ਨਾਲ ਭਾਰਤ ਦੀ ਗ੍ਰਾਮੀਣ ਖਪਤ ਵਿਚ ਸੁਧਾਰ ਹੋਇਆ ਹੈ। ਰਿਜ਼ਰਵ ਬੈਂਕ ਦੁਆਰਾ ਪ੍ਰਕਾਸ਼ਿਤ ਦਿਹਾਤੀ ਉਪਭੋਗਤਾ ਵਿਸ਼ਵਾਸ ਸਰਵੇਖਣ 'ਤੇ ਆਧਾਰਤ ਰਿਪੋਰਟ ਮੁਤਾਬਕ ਪਿਛਲੇ ਇੱਕ ਸਾਲ ਵਿੱਚ 76.7 ਪ੍ਰਤੀਸ਼ਤ ਪੇਂਡੂ ਪਰਿਵਾਰਾਂ ਵਿਚ ਖਪਤ ਵਾਧਾ ਅਤੇ 39.6 ਪ੍ਰਤੀਸ਼ਤ ਪਰਿਵਾਰਾਂ ਵਿੱਚ ਆਮਦਨ ਵਿੱਚ ਵਾਧਾ ਸਾਹਮਣੇ ਆਇਆ ਹੈ। ਇਸੇ ਤਰ੍ਹਾਂ ਐੱਸਬੀਆਈ ਰਿਸਰਚ ਦੁਆਰਾ ਗ਼ਰੀਬੀ 'ਤੇ ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਗ਼ਰੀਬੀ ਵਿੱਚ ਕਮੀ ਸ਼ਹਿਰੀ ਇਲਾਕਿਆਂ ਦੀ ਤੁਲਨਾ ਵਿਚ ਪੇਂਡੂ ਇਲਾਕਿਆਂ ਵਿੱਚ ਜ਼ਿਆਦਾ ਤੇਜ਼ੀ ਨਾਲ ਆਈ ਹੈ।



ਜਿੱਥੇ 2011-12 ਵਿੱਚ ਗ੍ਰਾਮੀਣ ਗ਼ਰੀਬੀ 25.7 ਪ੍ਰਤੀਸ਼ਤ ਅਤੇ ਸ਼ਹਿਰੀ ਗ਼ਰੀਬੀ 13.7 ਪ੍ਰਤੀਸ਼ਤ ਸੀ, ਉੱਥੇ ਹੀ 2023-24 ਵਿੱਚ ਗ੍ਰਾਮੀਣ ਗ਼ਰੀਬੀ ਘਟ ਕੇ 4.86 ਪ੍ਰਤੀਸ਼ਤ ਅਤੇ ਸ਼ਹਿਰੀ ਗ਼ਰੀਬੀ 4.09 ਪ੍ਰਤੀਸ਼ਤ 'ਤੇ ਆ ਗਈ ਹੈ। ਹਾਲ ਹੀ ਵਿੱਚ ਜਾਰੀ ਨਾਬਾਰਡ ਦੀ ਸਰਵੇਖਣ ਰਿਪੋਰਟ ਅਨੁਸਾਰ, ਪੇਂਡੂ ਖੇਤਰਾਂ ਵਿੱਚ ਹੁਣ 54.5 ਪ੍ਰਤੀਸ਼ਤ ਪਰਿਵਾਰ ਰਸਮੀ ਸਰੋਤਾਂ-ਖੇਤਰੀ ਗ੍ਰਾਮੀਣ ਬੈਂਕਾਂ, ਸਹਿਕਾਰੀ ਸਭਾਵਾਂ ਆਦਿ ਤੋਂ ਕਰਜ਼ਾ ਲੈਂਦੇ ਹਨ ਜੋ ਕਿ ਹੁਣ ਤੱਕ ਦਾ ਸਭ ਤੋਂ ਉੱਚਾ ਪੱਧਰ ਹੈ।

ਯਾਦ ਰਹੇ ਕਿ 2019 ਤੋਂ ਸ਼ੁਰੂ ਕੀਤੀ ਗਈ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਯੋਜਨਾ ਵੀ ਕਰੋੜਾਂ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਵਿੱਤੀ ਮਜ਼ਬੂਤੀ ਦੇ ਰਹੀ ਹੈ। ਅਪ੍ਰੈਲ 2020 ਤੋਂ ਸ਼ੁਰੂ ਕੀਤੀ ਗਈ ਪੀਐੱਮ ਸਵਾਮਿਤਵ ਯੋਜਨਾ ਤਹਿਤ ਪੇਂਡੂ ਖੇਤਰਾਂ ਦੇ ਲੋਕਾਂ ਨੂੰ ਉਨ੍ਹਾਂ ਦੀ ਜ਼ਮੀਨ ਦਾ ਕਾਨੂੰਨੀ ਹੱਕ ਦੇ ਕੇ ਉਨ੍ਹਾਂ ਦੇ ਆਰਥਿਕ ਸਸ਼ਕਤੀਕਰਨ ਦਾ ਨਵਾਂ ਅਧਿਆਇ ਲਿਖਿਆ ਜਾ ਰਿਹਾ ਹੈ। ਗ੍ਰਾਮੀਣ ਖੇਤਰਾਂ ਵਿੱਚ ਰਸਮੀ ਕਰਜ਼ਾ ਵਿਵਸਥਾ ਨੇ ਚੰਗੀ ਤਰੱਕੀ ਕੀਤੀ ਹੈ।

ਪਿੰਡਾਂ ਵਿੱਚ ਬੈਂਕ ਸ਼ਾਖਾਵਾਂ ਦੀ ਗਿਣਤੀ ਮਾਰਚ 2010 ਦੇ 33,378 ਤੋਂ ਵਧ ਕੇ ਦਸੰਬਰ 2024 ਤੱਕ 56,579 ਹੋ ਗਈ ਹੈ। ਇਸ ਦੇ ਨਾਲ ਹੀ ਕਿਸਾਨ ਕਰੈਡਿਟ ਕਾਰਡ (ਕੇਸੀਸੀ), ਕ੍ਰਿਸ਼ੀ ਇਨਫਰਾਸਟਰਕਚਰ ਫੰਡ, ਸਹਿਕਾਰੀ ਸਭਾਵਾਂ ਅਤੇ ਦਿਹਾਤੀ ਖੇਤਰਾਂ ਵਿੱਚ ਸਵੈ-ਸਹਾਇਤਾ ਸਮੂਹ, ਗ੍ਰਾਮੀਣ ਬੈਂਕਿੰਗ ਵਿਵਸਥਾ ਵੀ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਰਹੇ ਹਨ। ਸਰਕਾਰ ਨੇ ਪਿਛਲੇ 11 ਸਾਲਾਂ ਵਿਚ ਫ਼ਸਲਾਂ 'ਤੇ ਦਿੱਤੀ ਜਾਣ ਵਾਲੀ ਸਬਸਿਡੀ ਅਤੇ ਫ਼ਸਲ ਬੀਮਾ ਰਕਮ ਨੂੰ ਵਧਾਇਆ ਹੈ।

ਹਾਲਾਂਕਿ ਦੇਸ਼ ਦਾ ਕੁੱਲ ਖੇਤੀ ਨਿਰਯਾਤ 50 ਅਰਬ ਡਾਲਰ ਤੋਂ ਪਾਰ ਪਹੁੰਚ ਗਿਆ ਹੈ ਪਰ ਸਾਨੂੰ ਹਾਲੇ ਵੀ ਗ੍ਰਾਮੀਣ ਭਾਰਤ ਦੇ ਵਿਕਾਸ ਅਤੇ ਕਿਸਾਨਾਂ ਦੀ ਪ੍ਰਗਤੀ ਲਈ ਕਈ ਗੱਲਾਂ 'ਤੇ ਧਿਆਨ ਦੇਣਾ ਹੋਵੇਗਾ। ਛੋਟੇ ਅਤੇ ਸੀਮਾਂਤ ਕਿਸਾਨ ਆਧੁਨਿਕ ਖੇਤੀ ਦੀ ਤਕਨੀਕ ਅਪਣਾਉਣ ਵਿੱਚ ਅਸਮਰੱਥਾ ਮਹਿਸੂਸ ਕਰ ਰਹੇ ਹਨ। ਛੋਟੇ ਕਿਸਾਨ ਆਨਲਾਈਨ ਖ਼ਰੀਦਦਾਰੀ ਵਿੱਚ ਬਹੁਤ ਪਿੱਛੇ ਹਨ। ਹਾਲੇ ਵੀ ਪੇਂਡੂ ਜਨ-ਜੀਵਨ ਦੇ ਲਗਪਗ 22 ਪ੍ਰਤੀਸ਼ਤ ਲੋਕਾਂ ਦੀ ਕਰਜ਼ੇ ਲਈ ਸ਼ਾਹੂਕਾਰਾਂ ਅਤੇ ਹੋਰ ਗ਼ੈਰ-ਰਸਮੀ ਸਰੋਤਾਂ 'ਤੇ ਨਿਰਭਰਤਾ ਬਣੀ ਹੋਈ ਹੈ।

ਇਹ ਵਰਗ ਉੱਚੀ ਵਿਆਜ ਦਰ 'ਤੇ ਕਰਜ਼ਾ ਦਿੰਦਾ ਹੈ ਅਤੇ ਇਸ ਦੀਆਂ ਔਸਤ ਵਿਆਜ ਦਰਾਂ ਲਗਪਗ 17-18 ਪ੍ਰਤੀਸ਼ਤ ਤੋਂ ਵੀ ਵੱਧ ਹੁੰਦੀਆਂ ਹਨ। ਜਦੋਂ ਛੋਟੇ ਕਿਸਾਨਾਂ ਨੂੰ ਮੌਸਮੀ ਜੋਖ਼ਮ ਅਤੇ ਸਰਕਾਰ ਤੋਂ ਢੁੱਕਵੇਂ ਧਨ ਦੇ ਤਬਾਦਲੇ ਦੀ ਕਮੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਭਾਰੀ ਵਿਆਜ ਦੇ ਬਾਵਜੂਦ ਸ਼ਾਹੂਕਾਰਾਂ ਦੇ ਬੂਹੇ 'ਤੇ ਦਸਤਕ ਦੇਣ ਲਈ ਮਜਬੂਰ ਹੁੰਦੇ ਹਨ। ਕਈ ਵਾਰ ਛੋਟੇ ਕਿਸਾਨ ਰਸਮੀ ਸਰੋਤਾਂ ਤੋਂ ਕਰਜ਼ਾ ਲੈਣਾ ਚਾਹੁੰਦੇ ਹਨ ਪਰ ਇਸ ਵਿੱਚ ਦਸਤਾਵੇਜ਼ਾਂ, ਗਾਰੰਟਰਾਂ ਦੀ ਕਮੀ ਅਤੇ ਹੋਰ ਸ਼ਰਤਾਂ ਰੁਕਾਵਟ ਬਣਦੀਆਂ ਹਨ। ਇੱਕ ਸਰਵੇਖਣ ਮੁਤਾਬਕ ਲਗਪਗ 50 ਪ੍ਰਤੀਸ਼ਤ ਕਿਸਾਨ ਪਰਿਵਾਰ ਹਾਲੇ ਵੀ ਕਰਜ਼ੇ ਵਿੱਚ ਡੁੱਬੇ ਹੋਏ ਹਨ। ਅਜਿਹੇ ਵਿੱਚ ਪਿੰਡਾਂ ਵਿੱਚ ਸ਼ਾਹੂਕਾਰਾਂ ਅਤੇ ਗ਼ੈਰ-ਰਸਮੀ ਕਰਜ਼ਿਆਂ 'ਤੇ ਨਿਰਭਰਤਾ ਘਟਾਉਣ ਲਈ ਬੈਂਕ ਬਰਾਂਚਾਂ ਦੇ ਵਿਸਥਾਰ ਦੇ ਨਾਲ-ਨਾਲ ਹੋਰ ਕਦਮ ਚੁੱਕਣ ਦੀ ਵੀ ਲੋੜ ਹੈ।

ਇਹ ਸਮੇਂ ਦੀ ਮੰਗ ਹੈ ਕਿ ਦਿਹਾਤੀ ਅਰਥ-ਵਿਵਸਥਾ ਦੇ ਆਖ਼ਰੀ ਪਾਸੇ ਤੱਕ ਮਜ਼ਬੂਤ ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ (ਐੱਨਬੀਐੱਫਸੀ) ਦੀ ਭੂਮਿਕਾ ਨੂੰ ਪ੍ਰਭਾਵਸ਼ਾਲੀ ਬਣਾਇਆ ਜਾਵੇ। ਪਿੰਡਾਂ ਵਿੱਚ ਪ੍ਰਧਾਨ ਮੰਤਰੀ ਸਵਾਮਿਤਵ ਯੋਜਨਾ ਦਾ ਤੇਜ਼ੀ ਨਾਲ ਵਿਸਥਾਰ ਕਰਨਾ ਹੋਵੇਗਾ। ਇਸ ਨਾਲ ਛੋਟੇ ਕਿਸਾਨਾਂ ਦੀ ਸੰਸਥਾਗਤ ਕਰਜ਼ੇ ਤੱਕ ਪਹੁੰਚ ਵਧਾਈ ਜਾ ਸਕੇਗੀ। ਦੇਸ਼ ਨੂੰ 2047 ਤੱਕ ਵਿਕਸਤ ਬਣਾਉਣ ਲਈ ਸਰਕਾਰ ਨੂੰ ਦਿਹਾਤੀ ਆਰਥਿਕਤਾ ਨੂੰ ਹੋਰ ਮਜ਼ਬੂਤ ਕਰਨ ਦੇ ਰਾਹ 'ਤੇ ਅੱਗੇ ਵਧਣਾ ਹੋਵੇਗਾ।

# ਇੰਡੀਗੋ ਦਾ ਸੰਕਟ, ਹਵਾਈ ਅਜਾਰੇਦਾਰੀ ਤੇ ਭ੍ਰਿਸ਼ਟਾਚਾਰ ਦਾ ਵੱਡਾ ਮਾਡਲ

ਅਭੈ ਕੁਮਾਰ ਦੂਬੇ

ਇੰਡੀਗੋ ਦੀਆਂ ਸੈਂਕੜਾਂ ਉਡਾਨਾਂ ਰੱਦ ਹੋ ਜਾਣ ਕਾਰਨ ਪੂਰੇ ਦੇਸ਼ ਦੇ ਹਵਾਈ ਅੱਡਿਆਂ 'ਤੇ ਮਚੀ ਹਾਹਾਕਾਰ ਪਿੱਛੇ ਦੀ ਕਹਾਣੀ ਜਾਣਨਾ ਜ਼ਰੂਰੀ ਹੈ। ਕੀ ਇਹ ਇੰਡੀਗੋ ਦੀਆਂ ਗਲਤੀਆਂ ਸਨ ਜਾਂ ਜਾਣਬੁੱਝ ਕੇ ਕੀਤੀਆਂ ਗਲਤੀਆਂ ਸਨ, ਇਸ ਦਾ ਪਤਾ ਚੱਲੇਗਾ ਕਿ ਇਸ ਸੰਕਟ ਦੀ ਬੁਨਿਆਦ ਕਿਸ ਵਜ੍ਹਾ ਤੋਂ ਪੈਦਾ ਹੋਈ ਅਤੇ ਉਹ ਕਿਹੜੀ ਤਾਕਤ ਸੀ ਜਿਸ ਨੂੰ ਫ਼ਾਇਦਾ ਪਹੁੰਚਾਉਣ ਦੇ ਚੱਕਰ ਵਿਚ ਸਰਕਾਰ ਅਤੇ ਇੰਡੀਗੋ ਵਿਚ ਗਰਮਾਹਟ ਵਧ ਗਈ। ਮਤਲਬ ਇਕ ਮੋਨੋਪੋਲੀ ਨੂੰ ਲਾਭ ਪਹੁੰਚਾਉਣ ਲਈ ਦੂਜੀ ਮੋਨੋਪੋਲੀ ਦਾ ਹੱਥ ਮਰੋੜਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਕਾਰਨ ਲੱਖਾਂ ਹਵਾਈ ਯਾਤਰੀ ਮੁਸ਼ਕਿਲ 'ਚ ਫਸ ਗਏ। ਮੈਂ ਅੱਜ ਮੋਦੀ ਸਰਕਾਰ ਦੇ ਗਵਰਨੈਂਸ ਮਾਡਲ ਦੀ ਗੱਲ ਕਹਿਣ ਜਾ ਰਿਹਾ ਹਾਂ। ਆਮ ਤੌਰ 'ਤੇ ਸਰਕਾਰ ਦੇ ਇਸ ਮਾਡਲ ਦੇ ਪਹਿਲੇ ਲਾਭਪਾਤਰੀ ਅਮੀਰ ਤੇ ਖ਼ੁਸ਼ਹਾਲ ਲੋਕ ਹੁੰਦੇ ਹਨ। ਪਹਿਲਾਂ ਫ਼ਾਇਦਾ ਉਹ ਚੁੱਕਦੇ ਹਨ ਅਤੇ ਫਿਰ ਫਾਇਦਾ ਉਨ੍ਹਾਂ ਦੀਆਂ ਹੇਠ ਬੈਠੇ ਲੋਕਾਂ ਕੋਲ ਜਾਂਦਾ ਹੈ। ਪਰ ਭਾਰਤ ਵਿੱਚ ਮੋਦੀ ਦੀ ਹਕੂਮਤ ਮਾਡਲ ਵਿਚ ਦੇਸ਼ ਦੇ ਅਮੀਰਾਂ ਅਤੇ ਖ਼ੁਸ਼ਹਾਲਾਂ ਨੂੰ ਵੀ ਰਾਹਤ ਨਹੀਂ ਹੈ। ਜ਼ਰਾ ਸੋਚੋ ਕਿ ਹਵਾਈ ਜਹਾਜ਼ ਵਿੱਚ ਚੱਲਣ ਵਾਲੇ ਕੌਣ ਲੋਕ ਹੁੰਦੇ ਹਨ। ਉਹ ਹੀ ਜੋ ਸਭ ਤੋਂ ਉੱਪਰ ਹਨ ਅਤੇ ਜੋ ਆਬਾਦੀ ਦੇ 10-11 ਫ਼ੀਸਦੀ ਹਨ, ਜੇਕਰ ਇਹ ਸਰਕਾਰ ਉਨ੍ਹਾਂ ਨੂੰ ਵੀ ਸੰਤੁਸ਼ਟ ਨਹੀਂ ਕਰ ਪਾ ਰਹੀ ਤਾਂ ਗਰੀਬਾਂ, ਪਿਛੜਿਆਂ ਅਤੇ ਸਾਧਨਹੀਣ ਲੋਕਾਂ ਦੀ ਇਸ ਨਿਜ਼ਾਮ ਵਿਚ ਕੀ ਹਾਲਤ ਹੈ, ਇਸ ਦੀ ਕਲਪਨਾ ਆਸਾਨੀ ਨਾਲ ਕੀਤੀ ਜਾ ਸਕਦੀ ਹੈ ਹੁਣ ਆਓ ਪਹਿਲੀ ਗੱਲ 'ਤੇ ਆਓ, ਪਿਛਲੇ ਮਹੀਨੇ ਮਤਲਬ ਸਿਰਫ਼ 10 ਦਿਨ ਪਹਿਲਾਂ 27 ਨਵੰਬਰ ਨੂੰ ਖ਼ਬਰ ਮਿਲੀ ਸੀ ਕਿ ਅਡਾਨੀ ਗਰੁੱਪ ਦੀ ਕੰਪਨੀ ਅਡਾਨੀ ਡਿਫੈਂਸ ਨੇ ਭਾਰਤ ਵਿੱਚ ਪਾਇਲਟ ਟ੍ਰੇਨਿੰਗ ਦੀ ਸਭ ਤੋਂ ਵੱਡੀ ਕੰਪਨੀ ਐਫ.ਐਸ.ਟੀ.ਸੀ. ਨੂੰ ਖਰੀਦ ਲਿਆ ਹੈ। ਇਸ ਖ਼ਬਰ ਨੂੰ ਸਾਹਮਣੇ ਆਉਣ ਨੂੰ ਸਿਰਫ਼ 3 ਦਿਨ ਹੀ ਹੋਏ ਸਨ ਕਿ ਫਲਾਈਟਾਂ 'ਚ ਦੇਰੀ ਹੋਣ ਤੇ ਉਨ੍ਹਾਂ ਦੇ ਰੱਦ ਹੋਣ ਦੀਆਂ ਖ਼ਬਰਾਂ ਆਉਣ ਲੱਗੀਆਂ। ਸਰਕਾਰ ਦੀ ਤਾਲ 'ਤੇ ਨੱਚਣ ਵਾਲੇ ਗੋਦੀ ਚੈਨਲਾਂ ਵਿੱਚ ਚੱਲਣ ਲੱਗਾ ਸੀ ਕਿ ਭਾਰਤ ਵਿੱਚ ਪਾਇਲਟਾਂ ਦੀ ਭਾਰੀ ਕਮੀ ਹੋ ਗਈ ਹੈ। ਇਨ੍ਹਾਂ ਖ਼ਬਰਾਂ ਰਾਹੀਂ ਸਾਰੇ ਦੇਸ਼ ਵਿੱਚ ਮਾਹੌਲ ਬਣਾਇਆ ਜਾਣ ਲੱਗਾ ਕਿ ਭਾਰਤ ਵਿੱਚ ਪਾਇਲਟਾਂ ਦੀ ਭਰਤੀ ਅਤੇ ਟ੍ਰੇਨਿੰਗ 'ਤੇ ਖ਼ਾਸ ਧਿਆਨ ਦੇਣਾ ਹੋਵੇਗਾ। ਜਦੋਂ ਇਹ ਖਬਰਾਂ ਆਉਣੀ ਸ਼ੁਰੂ ਹੋਈ ਸੀ ਤਾਂ ਸੁਆਲ ਉੱਠਿਆ ਸੀ ਕਿ ਕੀ ਇਹ ਸਭ ਜਾਣਬੁੱਝ ਕੇ ਅਡਾਨੀ ਨੂੰ ਫ਼ਾਇਦਾ ਪਹੁੰਚਾਉਣ ਦੀ ਸਾਜਿਸ਼ ਤਾਂ ਨਹੀਂ ਹੋ ਰਹੀ ਹੈ। ਕਿਉਂਕਿ (ਉੱਡਿਅਨ) ਦੇ ਬਾਜ਼ਾਰ ਵਿੱਚ ਪਾਇਲਟਾਂ ਦੀ ਜਿੰਨੀ ਕਮੀ ਹੋਵੇਗੀ, ਉੰਨੀ ਹੀ ਅਡਾਨੀ ਦੀ ਨਵੀਂ ਕੰਪਨੀ ਨੂੰ ਪਾਇਲਟ ਤਿਆਰ ਕਰਨ ਦਾ ਕੰਮ




ਮਿਲਣ ਲੱਗਾ ਸੀ। ਅਡਾਨੀ ਲਈ ਸੁਚੱਜੇ ਢੰਗ ਨਾਲ ਬਾਜ਼ਾਰ ਬਣਾਉਣ ਦਾ ਇਹ ਹਥਕੰਡਾ ਪਹਿਲੀ ਵਾਰ ਇਸਤੇਮਾਲ ਨਹੀਂ ਕੀਤਾ ਗਿਆ ਸੀ। ਇਸ ਤਰ੍ਹਾਂ ਦੀਆਂ ਖਬਰਾਂ ਪਹਿਲਾਂ ਵਾਰ ਨਹੀਂ ਉਡਾਈਆਂ ਜਾ ਰਹੀਆਂ ਸਨ। ਇਸ ਤੋਂ ਪਹਿਲਾਂ ਵੀ ਜਦੋਂ ਕਿ ਵਾਰ ਅਡਾਨੀ ਨੂੰ ਘਟੀਆ ਕੁਆਲਟੀ ਦਾ ਕੋਇਲਾ ਮਹਿੰਗੇ ਮੁੱਲ 'ਤੇ ਵੇਚਣਾ ਸੀ ਤਾਂ ਦੇਸ਼ ਭਰ ਵਿੱਚ ਕੋਇਲੇ ਦੀ ਕਮੀ ਦੀਆਂ ਖ਼ਬਰਾਂ ਫੈਲਾ ਦਿੱਤੀਆਂ ਗਈਆਂ ਸਨ। ਇਹ ਅਫ਼ਵਾਹ ਫੈਲਾਈ ਗਈ ਸੀ ਕਿ ਦੇਸ਼ ਵਿੱਚ 1-2 ਦਿਨ ਦਾ ਕੋਇਲਾ ਬਚਿਆ ਹੈ। ਇਸ ਦਾ ਸਿੱਧਾ ਫਾਇਦਾ ਅਡਾਨੀ ਨੂੰ ਹੋਇਆ। ਕੀ ਇਸ ਤੋਂ ਪਤਾ ਨਹੀਂ ਲਗਦਾ ਕਿ ਨਰਿੰਦਰ ਮੋਦੀ, ਗੋਦੀ ਮੀਡੀਆ ਅਤੇ ਅਡਾਨੀ ਇਸ ਵਾਰ ਵੀ ਇਹ ਹੀ ਫਾਰਮੂਲਾ ਅਪਣਾ ਰਹੇ ਸਨ।

ਇੰਡੀਗੋ ਏਅਰੋਲਾਈਨ ਦੀ ਉਡਾਨ ਖੇਤਰ ਵਿੱਚ ਬਹੁਤ ਵੱਡੀ ਮੋਨੋਪੋਲੀ ਹੈ। ਹਵਾਈ ਖੇਤਰ ਦਾ ਕਰੀਬ 65 ਫ਼ੀਸਦੀ ਹਿੱਸਾ ਇਸੇ ਏਅਰਲਾਈਨ ਕੋਲ ਹੈ। ਦੇਸ਼ ਵਿੱਚ ਸਭ ਤੋਂ ਵਧ 434 ਨਾਗਰਿਕ ਜਹਾਜ਼ ਇੰਡੀਗੋ ਕੋਲ ਹਨ। 5,456 ਪਾਇਲਟ ਅਤੇ 10,212 ਕੈਬਿਨ ਕ੍ਰੂ ਮੈਂਬਰ ਹਨ। 41000 ਪੱਕੇ ਕਰਮਚਾਰੀ ਹਨ। ਇੰਡੀਗੋ ਦਾ ਬਿਜ਼ਨੈੱਸ ਮਾਡਲ ਹਾਈ ਯੂਟੀਲਾਈਜ਼ੇਸ਼ਨ ਦੇ ਅਸੂਲ 'ਤੇ ਅਧਾਰਿਤ ਹੈ। ਮੁਨਾਫੇ ਨੂੰ ਵਧਾਉਣ ਲਈ ਇਸ ਏਅਰਲਾਈਨ ਦੇ ਪਾਇਲਟਾਂ ਨੂੰ ਵਧ ਡਿਊਟੀ ਮਤਲਬ 13 ਘੰਟੇ ਤੱਕ ਕੰਮ ਕਰਨਾ ਪੈਂਦਾ ਹੈ। 2024 ਵਿੱਚ ਡਾਇਰੈਕਟੋਰੇਟ ਆਫ ਸਿਵਿਲ ਏਵੀਏਸ਼ਨ (ਡੀਜੀਸੀਏ) ਨੇ ਸਾਰੀਆਂ ਏਅਰਲਾਈਨਾਂ 'ਤੇ ਥਕਾਨ ਵਿਰੋਧੀ ਨਿਯਮ ਲਾਗੂ ਕੀਤੇ ਸਨ। ਇਨ੍ਹਾਂ ਨੂੰ ਐੱਫ.ਡੀ.ਟੀ.ਏਲ. ਨਿਯਮ ਕਿਹਾ ਜਾਂਦਾ ਹੈ। ਮਤਲਬ ਫਲਾਈਟ ਡਿਊਟੀ ਟਾਈ ਲਿਮੀਟੇਸ਼ਨ ਨਿਯਮ। ਇਸ ਦੇ ਮੁਤਾਬਿਕ ਇੱਕ ਜੁਲਾਈ, 2025 ਤੋਂ ਪਾਇਲਟਾਂ ਦੇ ਹਫ਼ਤਾਵਾਰੀ ਅਰਾਮ ਦਾ ਸਮਾਂ 36 ਘੰਟੇ ਤੋਂ ਵਧਾ ਕੇ 48 ਘੰਟੇ ਕਰ ਦਿੱਤਾ ਜਾਣਾ ਸੀ। ਇਸ ਤੋਂ ਬਾਅਦ ਇੱਕ ਨਵੰਬਰ ਤੋਂ ਅੱਧੀ ਰਾਤ ਤੋਂ ਸਵੇਰੇ 6:00 ਵਜੇ ਤਕ ਦੀਆਂ ਉਡਾਨਾਂ 'ਤੇ ਵਧ ਤੋਂ ਵਧ ਦੋ ਰਾਤਾਂ ਦੀ ਲੈਂਡਿੰਗ ਅਤੇ ਲਗਾਤਾਰ ਦੋ ਦਿੰਨਾਂ ਤੋਂ ਵਧੇਰੇ ਡਿਊਟੀ ਨ ਹੋਣ ਦਾ ਸਖ਼ਤ ਨਿਯਮ ਲਾਗੂ ਹੋਣਾ ਸੀ। ਜਿਵੇਂ ਹੀ ਇਹ ਨਿਯਮ ਲਾਗੂ ਹੋਏ ਇੰਡੀਗੋ ਕੋਲ ਕ੍ਰੂ ਦੀ ਕਮੀ ਹੋ ਗਈ। ਨਵੰਬਰ ਵਿਚ 1232 ਉਡਾਨਾਂ ਰੱਦ ਹੋਈਆਂ। ਜਿਨ੍ਹਾਂ ਵਿਚੋਂ 755 ਮਤਲਬ 61 ਫ਼ੀਸਦੀ ਐਫ.ਡੀ.ਟੀ.ਐਲ. ਦੇ ਕਾਰਨ ਹੀ ਟੁੱਟੀਆਂ ਸਨ। ਸਾਫ਼ ਹੈ ਕਿ ਇੰਡੀਗੋ ਨੇ ਇਨ੍ਹਾਂ ਨਵੇਂ ਨਿਯਮਾਂ ਨੂੰ ਮਨਮਾਨੇ ਢੰਗ ਨਾਲ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਪਰ ਇਸ ਦੇ ਬਾਵਜੂਦ ਡੀ.ਜੀ.ਸੀ.ਏ. ਨੇ ਉਸ ਨੂੰ ਫਰਵਰੀ, 2026 ਤਕ ਛੋਟ ਦੇ ਦਿੱਤੀ। ਪਹਿਲਾਂ ਅਡਾਨੀ ਡਿਫੈਂਸ ਵਲੋਂ ਪਾਇਲਟਾਂ ਨੂੰ ਟ੍ਰੇਂਡ ਕਰਨ ਵਾਲੀ ਕੰਪਨੀ ਦੀ ਖਰੀਦ ਨਾਲ ਇਸ ਦੇ ਰਿਸ਼ਤੇ 'ਤੇ ਗੱਲ ਕਰਨਾ ਜ਼ਰੂਰੀ ਹੈ। ਇੰਝ ਲੱਗਦਾ ਹੈ ਕਿ ਏਅਰ ਇੰਡੀਆ, ਆਕਾਸ਼ ਅਤੇ ਸਪਾਈਸ ਜੈਟ ਦਾ ਘਰੇਲੂ ਉਡਾਨ ਬਾਜ਼ਾਰ ਵਿੱਚ ਹਿੱਸਾ ਛੋਟਾ ਹੈ। ਉਨ੍ਹਾਂ ਨੂੰ ਤਿਆਰੀ ਕਰਨ ਵਿੱਚ ਜ਼ਿਆਦਾ ਦਿੱਕਤ ਨਹੀਂ ਹੋਈ। ਕੀ ਪਾਇਲਟਾਂ ਅਤੇ ਇੰਡੀਗੋ ਦੁਆਰਾ ਪਾਏ ਦਬਾਅ ਕਾਰਨ ਡੀ.ਜੀ.ਸੀ.ਏ. 'ਤੇ ਇੰਡੀਗੋ ਵਿੱਚ ਕੀ ਵਾਪਰਿਆ। ਕੀ ਇੰਡੀਗੋ ਸਮੇਂ ਸਿਰ ਤਿਆਰੀ ਨਾ ਕਰ ਸਕਣ ਦੇ ਪਿੱਛੇ ਇਸ ਤਣਾਅ ਦੀ ਭੂਮਿਕਾ ਨਹੀਂ ਸੀ। ਇਨ੍ਹਾਂ ਸਾਰੇ ਸੁਆਲਾਂ ਦਾ ਜਵਾਬ ਮਿਲਣਾ ਚਾਹੀਦਾ ਹੈ। ਦੂਜਾ, ਜੇਕਰ ਡੀ.ਜੀ.ਸੀ.ਏ. ਨੂੰ ਆਪਣੇ ਨਿਯਮ ਲਾਗੂ ਕਰਨੇ ਹੀ ਸਨ, ਤਾਂ ਉਸ ਨੇ ਇੰਡੀਗੋ 'ਤੇ ਸਖ਼ਤੀ ਕਿਉਂ ਨਹੀਂ ਕੀਤੀ? ਮੋਦੀ ਸਰਕਾਰ ਨੇ ਇਸ ਨੂੰ ਇੰਨੀ ਲੰਬੀ ਛੋਟ ਕਿਉਂ ਦਿੱਤੀ, ਜਦੋਂ ਕਿ ਹੋਰ ਏਅਰਲਾਈਨਾਂ 'ਤੇ ਇਹ ਮਿਹਰਬਾਨੀ ਨਹੀਂ ਕੀਤੀ ਗਈ ਸੀ? ਇਸ ਦੇ ਸਿਰਫ਼ ਦੋ ਕਾਰਨ – ਪਹਿਲਾ ਅਡਾਨੀ ਫੈਕਟਰ ਅਤੇ ਦੂਜਾ ਇੰਡੀਗੋ ਦੇ ਮਾਲਕਾਂ ਦੁਆਰਾ ਭਾਜਪਾ ਦੇ ਖਜ਼ਾਨੇ ਵਿੱਚ ਕਰੋੜਾਂ ਰੁਪਏ ਦੇਣਾ ਹੋ ਸਕਦਾ ਹੈ। ਕੀ ਇਸਦੇ ਮਾਲਕ ਰਾਹੁਲ ਭਾਟੀਆ ਨੇ 'ਇੰਟਰਗਲੋਬ ਰੀਅਲ ਅਸਟੇਟ ਵੈਂਚਰਸ' ਦੇ ਨਾਂਅ ਹੇਠ ਪਾਰਟੀ ਫੰਡ ਵਿੱਚ 20 ਕਰੋੜ ਰੁਪਏ ਅਤੇ 'ਇੰਟਰਗਲੋਬ ਏਅਰ ਟ੍ਰਾਂਸਪੋਰਟ' ਦੇ ਨਾਂਅ 'ਤੇ 11 ਕਰੋੜ ਰੁਪਏ ਦਿੱਤੇ ਹਨ? ਕੀ ਇਹੀ ਕਾਰਨ ਹੈ ਕਿ ਇੰਡੀਗੋ ਨੇ 20 ਮਹੀਨਿਆਂ ਬਾਅਦ ਵੀ ਮਾਰਚ 2024 ਵਿੱਚ ਲਾਗੂ ਕੀਤੇ ਨਿਯਮਾਂ ਨੂੰ ਲਾਗੂ ਨਹੀਂ ਕੀਤਾ? ਕਿਉਂਕਿ ਉਹ ਜਾਣਦਾ ਸੀ ਕਿ ਪਾਰਟੀ ਫੰਡ ਪ੍ਰਾਪਤ ਕਰਨ ਤੋਂ ਬਾਅਦ ਚੁੱਪ ਰਹੇਗੀ ਅਤੇ ਡੀ.ਜੀ.ਸੀ.ਏ. ਦੇ ਅਧਿਕਾਰੀਆਂ ਦਾ ਮੂੰਹ ਵੀ ਭਰ ਦਿੱਤਾ ਜਾਵੇਗਾ। ਕੀ ਇਹੀ ਕਾਰਨ ਨਹੀਂ ਹੈ ਕਿ ਡੀ.ਜੀ.ਸੀ.ਏ. ਅਜੇ ਵੀ ਪਿੱਛੇ ਹਟਦਾ ਹੈ ਅਤੇ ਯਾਤਰੀਆਂ ਦੀ ਸਹੂਲਤ ਦੇ ਨਾਮ 'ਤੇ ਯਾਤਰੀ ਸੁਰੱਖਿਆ ਨੂੰ ਦਾਅ 'ਤੇ ਲਗਾਉਂਦਾ ਹੈ? ਇਹ ਕਹਿਣ ਦੀ ਲੋੜ ਨਹੀਂ ਕਿ ਇੰਡੀਗੋ ਨੂੰ ਚਲਾਉਣ ਵਾਲੀ ਮੁੱਖ ਕੰਪਨੀ ਇੰਟਰਗਲੋਬ ਐਵੀਏਸ਼ਨ ਨੇ ਕਾਂਗਰਸ, ਟੀ.ਐਮ.ਸੀ ਅਤੇ ਐਨ.ਸੀ.ਪੀ. ਨੂੰ ਕ੍ਰਮਵਾਰ 5 ਕਰੋੜ, 16.2 ਕਰੋੜ ਅਤੇ 3.8 ਕਰੋੜ ਰੁਪਏ ਦਾਨ ਕੀਤੇ ਹਨ।

ਰਾਹੁਲ ਗਾਂਧੀ ਨੇ ਇੱਕ ਸਾਲ ਪਹਿਲਾਂ ਅਜਿਹਾ ਸੰਕਟ ਆਉਣ ਦੀ ਚਿਤਾਵਨੀ ਦਿੱਤੀ ਸੀ। ਜਿਸ ਨੂੰ ਗੋਦੀ ਮੀਡੀਆ ਵੀ ਝਿਜਕਦੇ ਹੋਏ ਮੰਨ ਰਿਹਾ ਹੈ ਕਿ ਜੇਕਰ ਰਾਹੁਲ ਗਾਂਧੀ ਦੀ ਗੱਲ ਉਸ ਮੰਨ ਲਈ ਜਾਂਦੀ ਤਾਂ ਅਜਿਹੀ ਸਥਿਤੀ ਤੋਂ ਬਚਿਆ ਜਾ ਸਕਦਾ ਸੀ। ਰਾਹੁਲ ਗਾਂਧੀ ਨੇ ਇੱਕ ਸਾਲ ਪਹਿਲਾਂ ਨਵੰਬਰ 2024 ਵਿੱਚ 'ਭਾਰਤੀ ਕਾਰੋਬਾਰ ਲਈ ਇੱਕ ਨਵਾਂ ਸੌਦਾ' ਸਿਰਲੇਖ ਹੇਠਾਂ ਇੱਕ ਲੇਖ ਲਿਖਿਆ ਸੀ।

(ਬਾਕੀ ਸਫ਼ਾ 27 'ਤੇ)

# ਕਰਜ਼ੇ ਦੇ ਮੱਕੜਜਾਲ ਵਿੱਚ ਫ਼ਸੀ ਕਿਸਾਨੀ ਦਾ ਹੱਲ ਕੀ ਹੈ?



ਡਾ. ਦਰਸ਼ਨ ਪਾਲ
ਪ੍ਰਧਾਨ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਭਾਰਤ

ਬੀਤੇ ਦਿਨੀਂ ਕੇਂਦਰੀ ਖੇਤੀਬਾੜੀ ਤੇ ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਪੰਜਾਬ ਦੇ ਦੌਰੇ 'ਤੇ ਆਏ ਤਾਂ ਉਨ੍ਹਾਂ ਪੰਜਾਬ ਦੇ ਕਿਸਾਨਾਂ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹਦਿਆਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਪੂਰੇ ਦੇਸ਼ ਦੀਆਂ ਚਿੰਤਾਵਾਂ ਦੂਰ ਕਰ ਦਿੱਤੀਆਂ ਹਨ। ਹੁਣ ਖੇਤੀ ਮੰਤਰੀ ਨੂੰ ਪੁੱਛਣਾ ਬਣਦਾ ਹੈ ਕਿ ਪੰਜਾਬ ਦੇ ਕਿਸਾਨਾਂ ਨੇ ਤਾਂ ਦੇਸ਼ ਦੀਆਂ ਚਿੰਤਾਵਾਂ ਦੂਰ ਕਰ ਦਿੱਤੀਆਂ, ਪਰ ਕਿਸਾਨਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਕੇਂਦਰ ਸਰਕਾਰ ਕੋਈ ਠੋਸ ਕਦਮ ਚੁੱਕ ਰਹੀ ਹੈ ਜਾਂ ਨਹੀਂ? ਭਾਰਤ ਦੇ ਕਿਸਾਨ ਚਿੰਤਾਵਾਂ 'ਚ ਡੁੱਬੇ ਹੋਏ ਹਨ, ਪਰ ਕੇਂਦਰ ਤੇ ਰਾਜ ਸਰਕਾਰਾਂ ਦੇ ਮੰਤਰੀ ਕਾਰਪੋਰੇਟ ਘਰਾਣਿਆਂ ਦੇ ਹਿਤ ਪੂਰਦਿਆਂ ਕਿਸਾਨ ਵਿਰੋਧੀ ਨੀਤੀਆਂ ਲਿਆਉਣ ਲਈ ਕਾਹਲੇ ਪਏ ਹਨ।

ਕਿਸਾਨਾਂ ਦੀ ਸਭ ਤੋਂ ਵੱਡੀ ਚਿੰਤਾ ਉਨ੍ਹਾਂ ਸਿਰ ਚੜ੍ਹਿਆ ਕਰਜ਼ਾ ਹੈ, ਜੋ ਘਟਣ ਦੀ ਬਜਾਏ ਲਗਾਤਾਰ ਵਧ ਰਿਹਾ ਹੈ। ਨੈਸ਼ਨਲ ਬੈਂਕ ਫ਼ਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ) ਦੀ ਰਿਪੋਰਟ ਅਨੁਸਾਰ 31 ਮਾਰਚ 2024 ਤੱਕ ਭਾਰਤ ਦੀ ਕਿਸਾਨੀ ਸਿਰ ਕੁੱਲ ਸੰਸਥਾਗਤ ਕਰਜ਼ਾ 33,52,646 ਕਰੋੜ ਰੁਪਏ ਹੈ ਜਿਸ 'ਚ ਸਭ ਤੋਂ ਵੱਧ ਮਹਾਰਾਸ਼ਟਰ ਦਾ 8,38,249 ਕਰੋੜ ਰੁਪਏ, ਤਾਮਿਲਨਾਡੂ 3,84,139 ਕਰੋੜ, ਆਂਧਰਾ ਪ੍ਰਦੇਸ਼ 3,09,809 ਕਰੋੜ, ਉੱਤਰ ਪ੍ਰਦੇਸ਼ 2,29,887 ਕਰੋੜ ਰੁਪਏ, ਰਾਜਸਥਾਨ 1,74,798 ਕਰੋੜ, ਪੰਜਾਬ 1,04,064 ਕਰੋੜ ਤੇ ਹਰਿਆਣਾ ਦਾ 96,855 ਕਰੋੜ ਰੁਪਏ ਦਾ ਖੇਤੀ ਕਰਜ਼ਾ ਹੈ। ਕਿਸਾਨਾਂ ਦੇ ਪ੍ਰਤੀ ਖਾਤਾ ਕਰਜ਼ਾ ਦੇਖਣ ਤੋਂ ਪਤਾ ਲੱਗਦਾ ਹੈ ਕਿ ਮਹਾਰਾਸ਼ਟਰ ਦਾ 5.73 ਲੱਖ, ਪੰਜਾਬ ਦਾ ਪ੍ਰਤੀ ਖਾਤਾ ਕਰਜ਼ਾ 2.71 ਲੱਖ ਰੁਪਏ, ਹਰਿਆਣੇ ਦਾ 2.40 ਲੱਖ, ਤਾਮਿਲਨਾਡ ਦਾ 1.33 ਲੱਖ, ਰਾਜਸਥਾਨ ਦਾ 1.66 ਲੱਖ, ਉੱਤਰ ਪ੍ਰਦੇਸ਼ ਦਾ 1.22 ਲੱਖ ਰੁਪਏ ਹੈ। ਇਸ ਰਿਪੋਰਟ ਤੋਂ ਸਪੱਸ਼ਟ ਹੈ ਕਿ ਖੇਤੀ ਕਰਜ਼ੇ ਦੇ ਸੰਕਟ ਨਾਲ ਸਿਰਫ਼ ਪੰਜਾਬ ਹੀ ਨਹੀਂ, ਸਗੋਂ ਪੂਰੇ ਦੇਸ਼ ਦਾ ਕਿਸਾਨ ਜੱਦੋ-ਜਹਿਦ ਕਰ ਰਿਹਾ ਹੈ। ਨਾਬਾਰਡ ਦੀ ਇਕ ਹੋਰ ਰਿਪੋਰਟ ਮੁਤਾਬਕ 30 ਜੂਨ 2023 ਤੱਕ ਭਾਰਤ ਦੇ ਕਿਸਾਨਾਂ ਸਿਰ 21,00,573 ਕਰੋੜ ਰੁਪਏ ਕਰਜ਼ਾ ਸੀ, ਜੋ ਇੱਕ ਸਾਲ ਤੋਂ ਵੀ ਘੱਟ ਸਮੇਂ ਦੌਰਾਨ 21 ਲੱਖ ਕਰੋੜ ਤੋਂ ਵਧ ਕੇ 33 ਲੱਖ ਕਰੋੜ ਰੁਪਏ ਨੂੰ ਟੱਪ ਗਿਆ। ਪੰਜਾਬ ਦੇ ਕਿਸਾਨਾਂ ਸਿਰ 2023 'ਚ 73,673 ਕਰੋੜ ਰੁਪਏ ਦਾ ਕਰਜ਼ਾ ਸੀ ਜੋ 2024 'ਚ ਵਧ ਕੇ 1 ਲੱਖ ਕਰੋੜ ਰੁਪਏ ਤੋਂ ਟੱਪ ਗਿਆ ਹੈ। ਇਹ ਤਾਂ ਸਿਰਫ਼ ਸੰਸਥਾਗਤ ਕਰਜ਼ਾ ਹੈ, ਜੋ ਵਪਾਰਕ, ਸਹਿਕਾਰੀ ਤੇ ਖੇਤਰੀ ਪੇਂਡੂ ਬੈਂਕਾਂ ਤੋਂ ਲਿਆ ਗਿਆ ਹੈ, ਜਿਸ 'ਚ ਗ਼ੈਰ-ਸੰਸਥਾਗਤ ਸਰੋਤਾਂ- ਆੜਤੀਆਂ, ਸ਼ਾਹੂਕਾਰਾਂ ਤੇ ਹੋਰਾਂ ਤੋਂ ਲਿਆ ਕਰਜ਼ਾ ਸ਼ਾਮਿਲ ਨਹੀਂ ਹੈ। ਭਾਵੇਂ ਗ਼ੈਰ-ਸੰਸਥਾਗਤ ਕਰਜ਼ੇ ਬਾਰੇ ਪੱਕੇ ਅੰਕੜੇ ਪ੍ਰਾਪਤ ਨਹੀਂ, ਪਰ ਨੈਸ਼ਨਲ ਸੈਂਪਲ ਸਰਵੇ ਆਫ਼ਿਸ (ਐਨ.ਐੱਸ.ਐੱਸ. ਓ.) ਦੀ ਇਕ ਰਿਪੋਰਟ ਮੁਤਾਬਕ ਪੰਜਾਬ 'ਚ ਗ਼ੈਰ-ਸੰਸਥਾਗਤ ਕਰਜ਼ੇ ਦਾ ਅਨੁਪਾਤ ਲਗਪਗ 21.3 ਫ਼ੀਸਦੀ ਹੈ, ਭਾਵ ਕੁੱਲ ਕਰਜ਼ੇ ਦੇ ਪੰਜਵੇਂ ਤੋਂ ਜ਼ਿਆਦਾ ਹਿੱਸਾ ਗ਼ੈਰ-ਸੰਸਥਾਗਤ ਸਰੋਤਾਂ ਤੋਂ ਲਿਆ ਜਾਂਦਾ ਹੈ।

ਇਸ ਤਰ੍ਹਾਂ ਪੰਜਾਬ ਦੀ ਕਿਸਾਨੀ ਦਾ ਕੁੱਲ ਕਰਜ਼ਾ ਸਵਾ ਲੱਖ ਕਰੋੜ ਤੋਂ ਵੀ ਵਧ ਜਾਂਦਾ ਹੈ। ਬਿਨਾਂ ਸ਼ੱਕ ਪੰਜਾਬ ਸਮੇਤ ਦੇਸ਼ ਦੀ ਕਿਸਾਨੀ ਡੂੰਘੇ ਸੰਕਟ ਵਿੱਚ ਹੈ, ਜਿਸ ਦਾ ਫ਼ੌਰੀ ਹੱਲ ਬਹੁਤ ਜ਼ਰੂਰੀ ਹੈ ਤਾਂ ਜੋ ਅੰਨਦਾਤੇ ਨੂੰ ਖ਼ੁਦਕੁਸ਼ੀਆਂ ਤੋਂ ਛੁਟਕਾਰਾ ਦਿਵਾਇਆ ਜਾ ਸਕੇ।

ਆਖਰ ਕਿਸਾਨਾਂ 'ਤੇ ਚੜ੍ਹ ਰਹੇ ਕਰਜ਼ੇ ਦੇ ਕੀ ਕਾਰਨ ਹਨ? ਸਭ ਤੋਂ ਵੱਡਾ ਕਾਰਨ ਫ਼ਸਲਾਂ ਦੇ ਸਹੀ ਭਾਅ ਨਾ ਮਿਲਣਾ ਹੈ, ਇਸੇ ਲਈ ਸੰਯੁਕਤ ਕਿਸਾਨ ਮੋਰਚਾ ਸਰਕਾਰ ਤੋਂ ਫ਼ਸਲਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮ.ਐੱਸ.ਪੀ.) 'ਤੇ ਖਰੀਦਣ ਦੀ ਕਾਨੂੰਨੀ ਗਰੰਟੀ ਦੇਣ ਦੀ ਮੰਗ ਕਰਦਾ ਹੈ। ਇਹ ਐਮ.ਐੱਸ.ਪੀ. ਸਵਾਮੀਨਾਥਨ ਕਮਿਸ਼ਨ ਦੀ ਸੀ 2+50 ਫ਼ੀਸਦੀ ਦੀਆਂ ਸਿਫ਼ਾਰਸ਼ਾਂ ਅਨੁਸਾਰ ਮਿਲਣੀ ਚਾਹੀਦੀ ਹੈ, ਕਿਉਂਕਿ ਸਰਕਾਰ ਦੇ ਮੌਜੂਦਾ ਐਮ.ਐੱਸ.ਪੀ. ਦੇਣ ਦੇ ਤਰੀਕੇ ਵਿਚ ਸਾਰੇ ਖਰਚੇ ਸ਼ਾਮਿਲ ਨਹੀਂ ਹੁੰਦੇ, ਜਿਸ ਨੂੰ ਸੀ 2 ਲਾਗਤ ਨੂੰ ਅਪਣਾ ਕੇ ਦਰੁਸਤ ਕੀਤਾ ਜਾ ਸਕਦਾ ਹੈ। ਐਮ.ਐੱਸ.ਪੀ. 'ਤੇ ਫ਼ਸਲਾਂ ਨੂੰ ਖਰੀਦਣ ਦੀ ਕਾਨੂੰਨੀ ਗਰੰਟੀ ਦਾ ਮਤਲਬ ਹੈ ਕਿ ਸਰਕਾਰ ਇਹ ਯਕੀਨੀ ਬਣਾਏ ਕਿ ਜਿੰਨੀ ਵੀ ਫ਼ਸਲ ਮੰਡੀ 'ਚ ਆਉਂਦੀ ਹੈ, ਉਸ ਨੂੰ ਐਮ.ਐੱਸ.ਪੀ. 'ਤੇ ਹੀ ਖਰੀਦਿਆ ਜਾਵੇਗਾ। ਮਾਹਿਰਾਂ ਅਨੁਸਾਰ ਜਿੰਨਾ ਕੁ ਘਾਟਾ ਸੀ 2+50 ਫ਼ੀਸਦੀ 'ਤੇ ਐਮ.ਐੱਸ.ਪੀ. ਨਾ ਮਿਲਣ ਕਰਕੇ ਹੋਇਆ ਹੈ, ਪੰਜਾਬ ਦੀ ਕਿਸਾਨੀ ਸਿਰ ਓਨਾ ਕੁ ਹੀ ਕਰਜ਼ਾ ਹੈ। ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨਾ ਤੇ ਐਮ.ਐੱਸ.ਪੀ. ਦੀ ਕਾਨੂੰਨੀ ਗਰੰਟੀ, ਕਿਸਾਨਾਂ ਦੀ ਆਮਦਨ 'ਚ ਵਾਧੇ ਨਾਲ ਫ਼ਸਲੀ ਵਿਭਿਨਤਾ ਅਤੇ ਕਰਜ਼ੇ ਦੇ ਹੱਲ ਵੱਲ ਇੱਕ ਵੱਡਾ ਤੇ ਮਹੱਤਵਪੂਰਨ ਕਦਮ ਹੋਵੇਗਾ। ਕਿਸਾਨੀ ਸਿਰ ਚੜ੍ਹਿਆ ਕਰਜ਼ਾ ਮੁਆਫ਼ ਕਰਨ ਲਈ ਇੱਕ ਸਕੀਮ ਬਣਾਉਣੀ ਚਾਹੀਦੀ ਹੈ।

ਦਰਅਸਲ ਕਰਜ਼ੇ ਵਧਣ ਦਾ ਇੱਕ ਵੱਡਾ ਕਾਰਨ ਖੇਤੀ ਲਾਗਤਾਂ 'ਚ ਲਗਾਤਾਰ ਹੋ ਰਿਹਾ ਵਾਧਾ ਹੈ। ਸਰਕਾਰ ਨੇ ਖੇਤੀ ਉਪਕਰਨ/ਸੰਦ ਬਣਾਉਣ ਵਾਲੇ ਅਦਾਰਿਆਂ ਨੂੰ ਨਿੱਜੀ ਹੱਥਾਂ 'ਚ ਸੌਂਪ ਦਿੱਤਾ ਹੈ, ਜਿਸ ਕਾਰਨ ਖੇਤੀ ਲਾਗਤਾਂ ਤਾਂ ਤੇਜ਼ੀ ਨਾਲ ਵਧੀਆਂ ਪਰ ਕਿਸਾਨਾਂ ਦੀ ਆਮਦਨ 'ਚ ਨਿਗੂਣਾ ਜਿਹਾ ਵਾਧਾ ਹੋ ਰਿਹਾ ਹੈ। ਇਸੇ ਲਈ ਕਿਸਾਨਾਂ ਨੂੰ ਹਰ ਅਗਲੀ ਫ਼ਸਲ ਬੀਜਣ ਤੇ ਉਸ ਦੀ ਸਾਂਭ-ਸੰਭਾਲ ਲਈ ਕਰਜ਼ਾ ਲੈਣਾ ਪੈਂਦਾ ਹੈ।

ਇਸ ਦੇ ਨਾਲ ਹੀ ਹਰੇ ਇਨਕਲਾਬ ਮਾਡਲ ਨੇ ਪੰਜਾਬ ਦੀ ਖੇਤੀ ਨੂੰ ਹੱਥੀਂ ਕਿਰਤ ਵਾਲੀ ਖੇਤੀ ਤੋਂ ਤੋੜ ਕੇ ਮਸ਼ੀਨੀ ਖੇਤੀ ਵਿਚ ਬਦਲ ਦਿੱਤਾ, ਜਿਸ ਨਾਲ ਇੱਕ ਪਾਸੇ ਖੇਤੀ ਵਿੱਚ ਰੁਜ਼ਗਾਰ ਘਟਿਆ ਅਤੇ ਦੂਜੇ ਪਾਸੇ ਮਸ਼ੀਨੀਕਰਨ ਦੀਆਂ ਜ਼ਰੂਰਤਾਂ ਲਈ ਕਿਸਾਨੀ ਨੂੰ ਭਾਰੀ ਖਰਚ ਕਰਨਾ ਪੈ ਰਿਹਾ, ਜਿਸ ਕਰਕੇ ਕਿਸਾਨਾਂ 'ਤੇ ਕਰਜ਼ੇ ਦਾ ਬੋਝ ਵਧਿਆ ਹੈ। ਇਸ ਲਈ ਕਿਸਾਨਾਂ ਨੂੰ ਮਿਆਰੀ ਤੇ ਸਸਤੇ ਖੇਤੀ ਸੰਦ ਮਿਲਣੇ ਚਾਹੀਦੇ ਹਨ। ਖੇਤੀ ਸਿਰਫ਼ ਕਰੋੜਾਂ ਲੋਕਾਂ ਨੂੰ ਰੁਜ਼ਗਾਰ ਹੀ ਨਹੀਂ, ਬਲਕਿ ਦੇਸ਼ ਦੀ ਭੋਜਨ ਸੁਰੱਖਿਆ ਨੂੰ ਵੀ ਯਕੀਨੀ ਬਣਾਉਂਦੀ ਹੈ। ਇਸ ਲਈ ਜ਼ਰੂਰੀ ਹੈ ਕਿ ਨਿੱਜੀ ਖੇਤਰ/ਕਾਰੋਬਾਰੀ ਘਰਾਣਿਆਂ ਨੂੰ ਖੇਤੀ 'ਚੋਂ ਲਾਂਭੇ ਕੀਤਾ ਜਾਵੇ। ਸ਼ਾਹੂਕਾਰਾਂ ਤੇ ਹੋਰ ਨਿੱਜੀ ਰਿਣਦਾਤਿਆਂ ਦੁਆਰਾ ਉੱਚ-ਵਿਆਜ ਦਰ ਰਾਹੀਂ ਕੀਤੀ ਜਾਂਦੀ ਲੁੱਟ ਵੀ ਕਿਸਾਨੀ ਕਰਜ਼ੇ ਦਾ ਵੱਡਾ ਕਾਰਨ ਹੈ।

ਜ਼ਮੀਨੀ ਸੱਚਾਈ ਤੋਂ ਪਰ੍ਹੇ ਦੇ ਬਿਆਨ ਦੇਣ ਦੀ ਬਜਾਏ ਕੇਂਦਰ ਨੂੰ ਕਿਸਾਨਾਂ ਦੀਆਂ ਮੰਗਾਂ, ਕਿਸਾਨੀ ਦੀ ਦਸ਼ਾ, ਦੇਸ਼ ਦੇ ਅਰਥਚਾਰੇ ਦੀ ਡਾਵਾਂਡੋਲ ਸਥਿਤੀ ਤੇ ਕਿਸਾਨਾਂ ਦੇ ਰੋਹ ਨੂੰ ਸਮਝਦਿਆਂ ਕਿਸਾਨਾਂ/ਮਜ਼ਦੂਰਾਂ ਨੂੰ ਕਰਜ਼ੇ ਦੇ ਭਾਰ ਤੋਂ ਮੁਕਤ ਕਰਨ ਦੀ ਪਹਿਲ ਕਰਨੀ ਚਾਹੀਦੀ ਹੈ। ਕੇਂਦਰ ਸਰਕਾਰ ਨੂੰ ਕਿਸਾਨ ਤੇ ਲੋਕ ਪੱਖੀ ਨੀਤੀਆਂ ਬਣਾਉਂਦਿਆ ਫ਼ਸਲਾਂ 'ਤੇ ਐਮ.ਐੱਸ.ਪੀ. ਦੇ ਕੇ ਕਿਸਾਨਾਂ ਨੂੰ ਕਰਜ਼ ਜਾਲ 'ਚੋਂ ਕੱਢਣਾ ਚਾਹੀਦਾ ਹੈ, ਤਾਂ ਜੋ ਖੇਤੀ ਤੇ ਦੇਸ਼ ਦੀ ਖੁਸ਼ਹਾਲੀ ਵੱਲ ਵਧਿਆ ਜਾ ਸਕੇ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੂੰ ਕਿਸਾਨ ਕਮਿਸ਼ਨ ਵੱਲੋਂ ਤਿਆਰ ਕੀਤੀ ਪੰਜਾਬ ਦੀ ਨਵੀਂ ਖੇਤੀ ਨੀਤੀ ਲਾਗੂ ਕਰਨੀ ਚਾਹੀਦੀ ਹੈ, ਜਿਸ ਤਹਿਤ ਫ਼ਸਲ ਬੀਮਾ, ਮਜ਼ਦੂਰਾਂ ਦਾ ਰੁਜ਼ਗਾਰ ਵਧਾਉਣ, ਖੁਦਕੁਸ਼ੀ ਦਾ ਮੁਆਵਜ਼ਾ, ਕਿਸਾਨਾਂ ਨੂੰ ਪੈਨਸ਼ਨ ਦੇਣ ਦੇ ਨਾਲ-ਨਾਲ ਖੇਤੀ ਨੂੰ ਸਹਿਕਾਰਤਾ ਮਾਡਲ ਦੇ ਤਹਿਤ ਵਿਕਸਤ ਕਰਨ ਦਾ ਅਮਲ ਸ਼ੁਰੂ ਕੀਤਾ ਜਾ ਸਕੇ।




# ਦੇਸ਼ ਭਰ ਵਿੱਚ ਸਭ ਤੋਂ ਵੱਧ ਕਰਜ਼ਾਈ ਹੈ ਪੰਜਾਬ

ਕਮਲਜੀਤ ਸਿੰਘ

ਪੀ.ਆਰ.ਐੱਸ. ਲੈਜਿਸਲੇਟਿਵ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ ਪੰਜਾਬ ਦੇਸ਼ ਭਰ 'ਚ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਸਭ ਤੋਂ ਵੱਧ ਕਰਜ਼ਾਈ ਹੈ, ਹਰੇਕ ਪੰਜਾਬੀ ਸਿਰ 1,23,274 ਰੁਪਏ ਦਾ ਕਰਜ਼ਾ ਹੈ। ਦੂਜੇ ਨੰਬਰ 'ਤੇ ਕੇਰਲਾ ਦੇ ਹਰੇਕ ਵਿਅਕਤੀ ਸਿਰ 1,02,044 ਦਾ ਕਰਜ਼ਾ ਹੈ। ਮਹਾਰਾਸ਼ਟਰ ਦੇ ਹਰੇਕ ਵਿਅਕਤੀ ਸਿਰ 65,568 ਰੁਪਏ ਜਦਕਿ ਬਿਹਾਰ 'ਚ ਪ੍ਰਤੀ ਵਿਅਕਤੀ ਸਿਰਫ਼ 21,230 ਦਾ ਕਰਜ਼ਾ ਹੈ। ਪੰਜਾਬ ਦੀ ਗੱਲ ਕਰੀਏ ਤਾਂ ਸੂਬੇ ਦੀ ਜੀ.ਐੱਸ.ਡੀ.ਪੀ. ਦਾ 40.35 ਫ਼ੀਸਦੀ ਕਰਜ਼ਾ ਚੜ੍ਹ ਚੁੱਕਾ ਹੈ। ਰਿਪੋਰਟ ਮੁਤਾਬਿਕ ਦੇਸ਼ ਦੇ 28 ਸੂਬਿਆਂ ਸਿਰ 59.6 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਇਹ ਕਰਜ਼ਾ ਪਿਛਲੇ 10 ਸਾਲਾਂ ਦੌਰਾਨ ਤਿੰਨ ਗੁਣਾ ਵਧਿਆ ਹੈ। ਕਰਜ਼ਾ ਵਧਣ ਦਾ ਸਭ ਤੋਂ ਵੱਡਾ ਕਾਰਨ ਮਾਲੀਏ ਦੀ ਘੱਟ ਵਸੂਲੀ ਤੇ ਵੱਧ ਖ਼ਰਚੇ ਹਨ। ਸਿਆਸੀ ਪਾਰਟੀਆਂ ਤੇ ਸਰਕਾਰਾਂ ਵਲੋਂ ਵੋਟਰਾਂ ਨੂੰ ਭਰਮਾਉਣ ਲਈ ਮੁਫਤ ਦੀਆਂ ਰਿਓੜੀਆਂ ਵੰਡਣ ਦੇ ਰਿਵਾਜ ਕਰਕੇ ਸੂਬੇ ਕਰਜ਼ਾਈ ਹੋਏ ਹਨ। ਹੁਣ ਦੇਸ਼ 'ਚ ਚੋਣਾਂ ਮੁਫ਼ਤ ਦੀਆਂ ਰਿਓੜੀਆਂ ਦੇ ਸਹਾਰੇ ਜਿੱਤੀਆਂ ਜਾ ਰਹੀਆਂ ਹਨ। ਇਹ ਪਿਰਤ ਲਗਾਤਾਰ ਵਧਦੀ ਜਾ ਰਹੀ ਹੈ ਅਤੇ ਖਜ਼ਾਨੇ ਖਾਲੀ ਹੋਣ ਦੀ ਕਿਸੇ ਨੂੰ ਵੀ ਚਿੰਤਾ ਨਹੀਂ ਹੈ।

ਬਿਹਾਰ ਦੀਆਂ ਚੋਣਾਂ ਤੋਂ ਦੋ ਮਹੀਨੇ ਪਹਿਲਾਂ ਵੋਟਰਾਂ ਨੂੰ ਭਰਮਾਉਣ ਲਈ 33,920 ਕਰੋੜ ਜਾਰੀ ਕੀਤੇ ਗਏ ਸਨ। ਚੋਣਾਂ ਜਿੱਤ ਕੇ ਸੱਤਾ ਵਿਚ ਆਉਣ 'ਤੇ ਪਾਰਟੀਆਂ ਨੂੰ ਚੋਣ ਵਾਅਦੇ ਪੂਰੇ ਕਰਨੇ ਮੁਸ਼ਕਿਲ ਹੋ ਜਾਂਦੇ ਹਨ, ਕਿਉਂਕਿ ਚੋਣਾਵੀ ਰਿਓੜੀਆਂ ਵੰਡਣ ਲਈ ਚੁੱਕੇ ਗਏ ਕਰਜ਼ੇ ਦੀ ਅਦਾਇਗੀ ਤੇ ਮੁਲਾਜ਼ਮਾਂ ਨੂੰ ਦਿੱਤੀ ਜਾਣ ਵਾਲੀ ਤਨਖ਼ਾਹ 'ਤੇ ਤਾਂ ਕੱਟ ਨਹੀਂ ਲਾਇਆ ਜਾ ਸਕਦਾ। ਸਰਕਾਰਾਂ ਵੱਲੋਂ ਇਕੱਠੇ ਕੀਤੇ ਮਾਲੀਏ ਦਾ ਵੱਡਾ ਹਿੱਸਾ ਕਰਜ਼ੇ ਦਾ ਵਿਆਜ ਮੋੜਨ ਵਿੱਚ ਚਲੇ ਜਾਣ ਬਾਅਦ ਸਿਹਤ, ਸਿੱਖਿਆ, ਸੜਕਾਂ ਤੇ ਬੁਨਿਆਦੀ ਢਾਂਚੇ ਦੀਆਂ ਜ਼ਰੂਰਤਾਂ ਪੂਰਾ ਕਰਨ ਵਿਚ ਸਰਕਾਰਾਂ ਦਾ ਹੱਥ ਤੰਗ ਹੋ ਜਾਂਦਾ ਹੈ। ਕਰਨਾਟਕ 'ਚ 6 ਗਾਰੰਟੀਆਂ ਦੇ ਕੇ ਸੱਤਾ ਵਿੱਚ ਆਈ ਕਾਂਗਰਸੀ ਸਰਕਾਰ ਦੀ ਕਮਾਈ ਦਾ 35 ਫ਼ੀਸਦੀ ਹਿੱਸਾ ਚੋਣ ਵਾਅਦੇ ਪੂਰੇ ਕਰਨ ਅਤੇ 40 ਫ਼ੀਸਦੀ ਰਕਮ ਤਨਖਾਹਾਂ, ਭੱਤਿਆਂ ਤੇ ਕਰਜ਼ੇ ਦੇ ਵਿਆਜ ਵਿੱਚ ਚਲੀ ਜਾਂਦੀ ਹੈ। ਇਸੇ ਤਰ੍ਹਾਂ ਪੰਜਾਬ ਦੇ ਕੁੱਲ ਮਾਲੀਏ ਦਾ 21 ਫ਼ੀਸਦੀ ਤੇ ਹਰਿਆਣਾ ਦਾ 16 ਫ਼ੀਸਦੀ ਮੁਫ਼ਤ ਦੀਆਂ ਸਹੂਲਤਾਂ 'ਤੇ ਖ਼ਰਚ ਹੋ ਰਿਹਾ ਹੈ। ਪੰਜਾਬ ਸਰਕਾਰ ਨੂੰ ਤਾਂ ਟੁੱਟੀਆਂ ਸੜਕਾਂ ਦੀ ਮੁਰੰਮਤ ਕਰਾਉਣ ਵਿਚ ਵੀ ਦਿੱਕਤ ਆ ਰਹੀ ਹੈ। ਤੇਲੰਗਾਨਾ ਸਰਕਾਰ ਦੀ ਕਮਾਈ ਦਾ 57 ਫ਼ੀਸਦੀ ਹਿੱਸਾ ਚੋਣ ਗਾਰੰਟੀਆਂ ਤੇ 45 ਫ਼ੀਸਦੀ ਤਨਖਾਹ ਤੇ ਭੱਤਿਆਂ ਦੀ ਅਦਾਇਗੀ ਵਿਚ ਖ਼ਰਚ ਹੋ ਜਾਂਦਾ ਹੈ। ਸਰਕਾਰ ਬਾਜ਼ਾਰ 'ਚੋਂ ਕਰਜ਼ਾ ਲੈ ਕੇ ਚਲਾਈ ਜਾ ਰਹੀ ਹੈ। ਮਹਾਰਾਸ਼ਟਰ ਨੂੰ ਹਸਪਤਾਲਾਂ ਦੇ ਖ਼ਰਚ 'ਚ ਕਟੌਤੀ ਕਰਨੀ ਪੈ ਰਹੀ ਹੈ। ਸਕੂਲਾਂ ਵਿੱਚ ਮੁਢਲਾ ਢਾਂਚਾ ਮਜ਼ਬੂਤ ਨਹੀਂ ਹੋ ਰਿਹਾ। ਬਿਹਾਰ ਦੀ ਗੱਲ ਕਰੀਏ ਤਾਂ ਚੋਣ ਵਾਅਦਿਆਂ 'ਤੇ ਖ਼ਰਚ ਕੀਤੇ ਜਾਣ ਵਾਲੇ 33,920 ਕਰੋੜ ਰੁਪਏ ਕੁੱਲ ਮਾਲੀਏ ਦਾ 62 ਫ਼ੀਸਦੀ ਬਣਦੇ ਹਨ। ਸੂਬਾ ਸਰਕਾਰ ਦੀ 2024-25 ਵਿੱਚ ਕਮਾਈ 54,300 ਕਰੋੜ ਰੁਪਏ ਸੀ ਅਤੇ ਇਸ ਦਾ 17 ਫ਼ੀਸਦੀ ਹਿੱਸਾ ਵਿਆਜ ਦੇਣ 'ਚ ਚਲਾ ਜਾਂਦਾ ਹੈ। ਪੰਜਾਬ ਵੱਲੋਂ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਦੇਣ ਲਈ 1,500 ਕਰੋੜ ਰੁਪਏ ਦੀ ਰਿਆਇਤ ਦਿੱਤੀ



ਜਾ ਰਹੀ ਹੈ। ਇਸੇ ਤਰ੍ਹਾਂ ਹਰਿਆਣਾ 'ਲਾਡੋ ਯੋਜਨਾ' 'ਤੇ 10,800 ਕਰੋੜ ਰੁਪਏ ਖ਼ਰਚ ਕਰੇਗਾ। ਹਿਮਾਚਲ ਪ੍ਰਦੇਸ਼ 'ਇੰਦਰਾ ਗਾਂਧੀ ਪਿਆਰੀ ਬਹਿਨਾ' ਯੋਜਨਾ 'ਤੇ 2,100 ਕਰੋੜ ਰੁਪਏ ਖ਼ਰਚ ਕਰ ਰਿਹਾ ਹੈ। ਤੇਲੰਗਾਨਾ ਦੀ ਸਰਕਾਰ 'ਤੇ ਗਾਰੰਟੀਆਂ ਪੂਰੀਆਂ ਕਰਨ ਲਈ ਸਭ ਤੋਂ ਵੱਧ 56,084 ਦਾ ਬੋਝ ਪੈ ਰਿਹਾ ਹੈ, ਸੂਬੇ ਦੀ ਕੁੱਲ ਕਮਾਈ 98,191 ਕਰੋੜ ਰੁਪਏ ਹੈ। ਇਹ ਅੰਕੜੇ ਭਾਰਤੀ ਰਿਜ਼ਰਵ ਬੈਂਕ ਅਤੇ ਸਟੇਟ ਬਜਟ ਦਸਤਾਵੇਜ਼ਾਂ ਤੋਂ ਸਾਹਮਣੇ ਆਏ ਹਨ।

ਇੱਥੇ ਹੀ ਬੱਸ ਨਹੀਂ ਚੋਣ ਪ੍ਰਚਾਰ 'ਤੇ ਕਰੋੜਾਂ ਰੁਪਏ ਦਾ ਕਾਲਾ ਧਨ ਪਾਣੀ ਦੀ ਤਰ੍ਹਾਂ ਵਹਾਇਆ ਜਾ ਰਿਹਾ ਹੈ। ਭਾਵੇਂ ਭਾਰਤੀ ਚੋਣ ਕਮਿਸ਼ਨ ਵੱਲੋਂ ਖ਼ਰਚੇ ਦੀ ਇਕ ਉੱਪਰਲੀ ਹੱਦ ਮੁਕੱਰਰ ਕੀਤੀ ਗਈ ਹੈ, ਪਰ ਉਹ ਸਾਰੀ ਜਾਣਕਾਰੀ ਹੋਣ ਦੇ ਬਾਵਜੂਦ ਕਬੂਤਰ ਦੀ ਤਰ੍ਹਾਂ ਅੱਖਾਂ ਮੀਚੀ ਬੈਠਾ ਹੈ। ਜਿਸ ਦਿਨ ਵੋਟਰ ਖ਼ਰਚ ਦੇ ਅਸਲੀ ਸਰੋਤਾਂ ਬਾਰੇ ਸਭ ਕੁਝ ਸਮਝ ਗਏ ਤਾਂ ਫਿਰ ਸਿਆਸੀ ਨੇਤਾਵਾਂ ਲਈ ਮੁਸ਼ਕਿਲ ਖੜ੍ਹੀ ਹੋ ਜਾਵੇਗੀ। ਅਸੀਂ ਬਿਲਕੁਲ ਨਹੀਂ ਕਹਿੰਦੇ ਕਿ ਭਾਰਤ ਵਿੱਚ ਨਿਪਾਲ ਦੀ ਤਰ੍ਹਾਂ ਵਿਦਰੋਹ ਖੜ੍ਹਾ ਹੋ ਸਕਦਾ ਹੈ, ਪਰ ਲੋਕਾਂ ਵਿਚ ਗੁੱਸਾ ਭੜਕਣ ਲੱਗਿਆਂ ਦੇਰ ਵੀ ਨਹੀਂ ਲੱਗਦੀ। ਚੋਣ ਤਿਕੜਮਬਾਜ਼ੀ ਦੀ ਗੱਲ ਕੀਤੀ ਜਾਵੇ ਤਾਂ ਪ੍ਰਚਾਰ ਤੋਂ ਲੈ ਕੇ ਜਿੱਤਣ ਤੱਕ ਉਮੀਦਵਾਰ ਆਪਣੀ ਸੋਚ ਦਾ ਹਲਕਾਪਣ ਦਿਖਾਉਣ ਲੱਗੇ ਹਨ। ਹੁਣ ਚੋਣ ਪ੍ਰਚਾਰ ਦੌਰਾਨ ਇਲਜ਼ਾਮਬਾਜ਼ੀ ਤੋਂ ਅੱਗੇ ਮੰਦੀ ਭਾਸ਼ਾ ਦਾ ਇਸਤੇਮਾਲ ਹੋਣ ਲੱਗਾ ਹੈ। ਸੱਚਾਈ ਤਾਂ ਇਹ ਹੈ ਕਿ ਸਿਆਸਤ ਦਾ ਹੁਣ ਨੈਤਿਕਤਾ ਨਾਲ ਕੋਈ ਵਾਹ ਵਾਸਤਾ ਨਹੀਂ ਰਿਹਾ। ਸਾਬਕਾ ਪ੍ਰਧਾਨ ਮੰਤਰੀ ਮਰਹੂਮ ਅਟਲ ਬਿਹਾਰੀ ਵਾਜਪਾਈ ਸਿਆਸਤ ਨੂੰ ਸਿਖਰਾਂ ਵੱਲ ਲਿਜਾਣਾ ਚਾਹੁੰਦੇ ਸਨ, ਉਨ੍ਹਾਂ ਦਾ ਕਹਿਣਾ ਸੀ ਕਿ ਚੋਣ ਜਿੱਤਣ ਵਾਲੇ ਕਿਸੇ ਵੀ ਉਮੀਦਵਾਰ ਲਈ ਕੁੱਲ ਪਈਆਂ ਵੋਟਾਂ ਦਾ 25 ਫ਼ੀਸਦੀ ਵੋਟਾਂ ਪ੍ਰਾਪਤ ਕਰਨਾ ਲਾਜ਼ਮੀ ਹੋਣਾ ਚਾਹੀਦਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਨਾਲ ਚੋਣ ਲੜਨ ਦੇ ਚਾਹਵਾਨਾਂ ਦੀ ਗਿਣਤੀ ਘਟੇਗੀ ਅਤੇ ਲੋਕ ਚੋਣਾਂ ਨੂੰ ਗੰਭੀਰਤਾ ਨਾਲ ਲੈਣ ਲੱਗ ਪੈਣਗੇ। ਉਹ ਮੌਜੂਦਾ ਚੋਣ ਅਮਲ ਵਿੱਚ ਜਿੱਤੇ ਹੋਏ ਉਮੀਦਵਾਰਾਂ ਨੂੰ ਵੀ ਹਾਰੇ ਹੋਏ ਮੰਨਦੇ ਸਨ।

ਪੰਜਾਬ ਦੀ ਗੱਲ ਕਰੀਏ ਤਾਂ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਅਗਵਾਈ 'ਚ ਹੁਣ ਸੂਬੇ ਸਿਰ ਕਰਜ਼ਾ 4 ਲੱਖ ਕਰੋੜ ਤੋਂ ਟੱਪ ਚੁੱਕਾ ਹੈ। ਆਰਥਿਕ ਮਾਹਿਰਾਂ ਵੱਲੋਂ 31 ਮਾਰਚ 2027 ਤੱਕ ਪੰਜਾਬ ਦਾ ਕਰਜ਼ਾ ਸਵਾ 5 ਲੱਖ ਕਰੋੜ ਨੂੰ ਪਾਰ ਕਰ ਜਾਣ ਦੇ ਅੰਦਾਜ਼ੇ ਲਗਾਏ ਜਾ ਰਹੇ ਹਨ। ਬਹੁਤ ਦੁੱਖ ਵਾਲੀ ਗੱਲ ਇਹ ਹੈ ਕਿ ਪੰਜਾਬ ਸਰਕਾਰ ਨੂੰ ਪਹਿਲਾਂ ਲਏ ਕਰਜ਼ੇ ਦਾ ਵਿਆਜ ਉਤਾਰਨ ਲਈ ਵੀ ਨਵਾਂ ਕਰਜ਼ਾ ਲੈਣਾ ਪੈ ਰਿਹਾ ਹੈ। ਪੰਜਾਬ ਵਿੱਚ ਅੱਜ ਹਰ ਪੈਦਾ ਹੋਣ ਵਾਲੇ ਬੱਚੇ ਦੇ ਸਿਰ ਸਵਾ ਲੱਖ ਰੁਪਏ ਦਾ ਕਰਜ਼ਾ ਹੁੰਦਾ ਹੈ। ਜੇਕਰ ਸੱਤਾਧਾਰੀ ਪਾਰਟੀ ਨੇ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦਾ ਚੋਣ ਵਾਅਦਾ ਪੂਰਾ ਕਰਨਾ ਹੋਇਆ ਤਾਂ ਹੋਰ ਪੈਸੇ ਦੀ ਲੋੜ ਪਵੇਗੀ। ਪੰਜਾਬ ਸਰਕਾਰ ਪੈਸੇ ਇਕੱਠੇ ਕਰਨ ਲਈ ਹੱਥ-ਪੈਰ ਮਾਰ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖਜ਼ਾਨਾ ਖ਼ਾਲੀ ਹੋਣ ਦਾ ਢੰਡੋਰਾ ਨਹੀਂ ਪਿੱਟਦੇ, ਹਾਲਾਂਕਿ ਉਨ੍ਹਾਂ ਤੋਂ ਪਹਿਲੀਆਂ ਸਰਕਾਰਾਂ ਨੇ ਵਿੱਤੀ ਹਾਲਤਾਂ ਮੂਹਰੇ ਹੱਥ ਖੜ੍ਹੇ ਕਰਨੇ ਸ਼ੁਰੂ ਕਰ ਦਿੱਤੇ ਸਨ। ਪੰਜਾਬ 'ਚ ਕਿਸੇ ਵੀ ਪਾਰਟੀ ਦੀ ਸਰਕਾਰ ਨੇ ਕਦੇ ਵੀ ਸੰਕੋਚ ਨਾਲ ਖ਼ਰਚੇ ਨਹੀਂ ਕੀਤੇ ਅਤੇ ਨਾ ਹੀ ਕਦੇ ਮਾਲੀਆ ਵਧਾਉਣ ਲਈ ਦਿਆਨਤਦਾਰੀ ਨਾਲ ਪ੍ਰਭਾਵੀ ਯੋਜਨਾਵਾਂ ਉਲੀਕੀਆਂ ਹਨ। ਸਰਕਾਰਾਂ ਬਦਲਣ ਨਾਲ ਸ਼ਰਾਬ ਦੇ ਠੇਕੇਦਾਰਾਂ ਦੇ ਨਾਂਅ ਬਦਲ ਜਾਂਦੇ ਹਨ, ਰੇਤ ਦੀਆਂ ਖੱਡਾਂ 'ਤੇ ਮਾਲਕੀ ਤਬਦੀਲ ਹੋ ਜਾਂਦੀ ਹੈ।

ਇਕ ਕੌੜਾ ਸੱਚ ਇਹ ਵੀ ਹੈ ਕਿ ਭਾਰਤੀ ਚੋਣ ਕਮਿਸ਼ਨ ਤੋਂ ਚੋਣ ਸੁਧਾਰਾਂ ਦੀ ਉਮੀਦ ਕਰਨਾ ਹੀ ਬੇਅਰਥ ਹੈ। ਚੋਣ ਕਮਿਸ਼ਨ ਦਾ ਸਾਰਾ ਜ਼ੋਰ ਸੱਤਾਧਾਰੀ ਪਾਰਟੀ ਨੂੰ ਸਹੀ ਦਰਸਾਉਣ ਵਿੱਚ ਲੱਗਾ ਰਹਿੰਦਾ ਹੈ। ਇਕ ਹੋਰ ਕੌੜਾ ਸੱਚ ਇਹ ਵੀ ਹੈ ਕਿ ਸਿਆਸਤਦਾਨਾਂ ਜਾਂ ਭਾਰਤੀ ਚੋਣ ਕਮਿਸ਼ਨ ਨੂੰ ਜ਼ਿੰਮੇਵਾਰ ਠਹਿਰਾਉਣ ਤੋਂ ਪਹਿਲਾਂ ਵੋਟਰਾਂ ਨੂੰ ਜਾਗਣਾ ਪਵੇਗਾ ਅਤੇ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਮੁਨਾਸਿਬ ਹੋਵੇਗਾ। ਚੋਣਾਂ ਤੇ ਚੋਣ ਰਾਜਨੀਤੀ ਨੂੰ ਲੀਹ 'ਤੇ ਲਿਆਉਣ ਲਈ ਇਸ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿ ਜਾਂਦਾ ਅਤੇ ਨਾ ਹੀ ਅੱਗੇ ਕੋਈ ਰਸਤਾ ਦਿੱਸਦਾ ਹੈ। ਜੇਕਰ ਲੋਕਾਂ ਦੀ ਜਾਗ ਹਾਲੇ ਵੀ ਨਾ ਖੁੱਲ੍ਹੀ ਤਾਂ ਬਾਜ਼ਾਰੀਕਰਨ ਦੇ ਇਸ ਯੁੱਗ ਵਿੱਚ ਵੋਟਰਾਂ ਦੇ ਪੱਲੇ ਕੁਝ ਵੀ ਨਹੀਂ ਰਹੇਗਾ। ਦੇਸ਼ ਦੀ ਰਾਜਨੀਤੀ 'ਤੇ ਬਾਜ਼ਾਰੀਕਰਨ ਕਿਸ ਹੱਦ ਤੱਕ ਭਾਰੂ ਹੋ ਰਿਹਾ ਹੈ, ਸ਼ਾਇਦ ਵੋਟਰ ਹਾਲੇ ਇਸ ਤੋਂ ਪੂਰੀ ਤਰ੍ਹਾਂ ਅਣਜਾਣ ਹਨ। ਸਰਕਾਰਾਂ ਨੂੰ ਆਪਣੇ ਖਰਚੇ ਘਟਾਉਣੇ ਪੈਣਗੇ ਤੇ ਵੱਧ ਆਮਦਨ ਦੇ ਸਾਧਨ ਜੁਟਾਉਣੇ ਪੈਣਗੇ ਨਹੀਂ ਤਾਂ ਕਰਜ਼ੇ ਦੀ ਪੰਡ ਲਗਾਤਾਰ ਭਾਰੀ ਹੁੰਦੀ ਜਾਵੇਗੀ।

# ਭਾਰਤ: ਤਿੰਨ ਮਹਾਂਸ਼ਕਤੀਆਂ ਦੀ ਸਾਂਝੀ ਮੰਡੀ, ਫਿਰ ਮਿੱਤਰ ਕੌਣ ਰਹਿ ਗਿਆ ?

**ਰਜਿੰਦਰ ਸਿੰਘ ਪੁਰੇਵਾਲ**

ਵਿਸ਼ਵ ਰਾਜਨੀਤੀ ਦੇ ਮੰਚ ’ਤੇ ਅੱਜ ਜਦੋਂ ਵੀ ਭਾਰਤ ਦਾ ਨਾਂ ਆਉਂਦਾ ਹੈ ਤਾਂ ਤਿੰਨ ਵੱਡੇ ਨਾਂ ਆਪਣੇ-ਆਪ ਉੱਭਰ ਕੇ ਸਾਹਮਣੇ ਆ ਜਾਂਦੇ ਹਨ - ਰੂਸ, ਅਮਰੀਕਾ ਤੇ ਚੀਨ। ਦਸੰਬਰ 2025 ਵਿੱਚ ਪੁਤਿਨ ਭਾਰਤ ਆਏ ਸਨ, ਜਨਵਰੀ-ਫਰਵਰੀ ਵਿੱਚ ਸ਼ਾਇਦ ਟਰੰਪ ਆਉਣਗੇ ਤੇ ਉਸ ਤੋਂ ਬਾਅਦ ਸ਼ੀ ਜਿਨਪਿੰਗ ਵੀ ਗਲਵੱਕੜੀਆਂ ਪਾਉਣ ਆਵੇਗਾ। ਇਹ ਕਥਾ ਬੜੀ ਖ਼ੂਬਸੂਰਤ ਲੱਗਦੀ ਹੈ - ਇੱਕ ਭਾਰਤ ਜੋ ਤਿੰਨ ਮਹਾਂਸ਼ਕਤੀਆਂ ਨਾਲ ਇੱਕੋ ਜਿਹੀ ਨੇੜਤਾ ਰੱਖਦਾ ਹੈ। ਪਰ ਸੱਚਾਈ ਇਸ ਤੋਂ ਕਿਤੇ ਵੱਖਰੀ ਤੇ ਕਰੜੀ ਹੈ। ਇਹ ਤਿੰਨੇ ਮੁਲਕ ਭਾਰਤ ਨੂੰ ਆਪਣੀ ਸਭ ਤੋਂ ਵੱਡੀ, ਸਭ ਤੇ ਸਭ ਤੋਂ ਵੱਡੀ ਵਪਾਰਕ ਮੰਡੀ ਮੰਨਦੇ ਹਨ। ਭਾਰਤ ਉਨ੍ਹਾਂ ਲਈ ਉਹ ਗਾਹਕ ਹੈ ਜੋ ਮਹਿੰਗੇ ਤੇ ਘਟੀਆ ਦੋਵੇਂ ਮਾਲ ਖਰੀਦ ਲੈਂਦਾ ਹੈ, ਬਿਨਾਂ ਸੌਦੇਬਾਜ਼ੀ ਕੀਤਿਆਂ।

ਰੂਸ ਦੀ ਗੱਲ ਕਰੀਏ। ਯੂਕ੍ਰੇਨ ਜੰਗ ਤੋਂ ਬਾਅਦ ਰੂਸ ਪੱਛਮ ਵਿੱਚ ਇਕੱਲਾ ਪੈ ਗਿਆ ਸੀ। ਉਸ ਦੀ ਤੇਲ ਦੀ ਵਿਕਰੀ ਰੋਕੀ ਗਈ, ਹਥਿਆਰਾਂ ਦੀ ਮਾਰਕੀਟ ਸੁੰਗੜ ਗਈ। ਉਸ ਸਮੇਂ ਭਾਰਤ ਉਸ ਲਈ ਤਾਰਣਹਾਰ ਬਣ ਕੇ ਉਭਰਿਆ। ਅੱਜ ਰੂਸ ਦਾ 40 ਫੀਸਦੀ ਤੋਂ ਵੱਧ ਕੱਚਾ ਤੇਲ ਭਾਰਤ ਹੀ ਖਰੀਦ ਰਿਹਾ ਹੈ - ਉਹ ਵੀ ਡਿਸਕਾਊਂਟ ’ਤੇ। ਭਾਰਤ ਰੂਸ ਤੋਂ ਐਸ-400, ਸੁਖੋਈ ਜਹਾਜ਼, ਟੈਂਕ ਤੇ ਹੋਰ ਹਥਿਆਰ ਖਰੀਦਦਾ ਹੈ, ਭਾਵੇਂ ਉਹ ਪੱਛਮੀ ਹਥਿਆਰਾਂ ਨਾਲੋਂ ਮਹਿੰਗੇ ਤੇ ਪੁਰਾਣੇ ਹੋਣ। ਬਦਲੇ ਵਿੱਚ ਰੂਸ ਨੂੰ ਕੀ ਮਿਲਦਾ ਹੈ ? ਮੁਨਾਫ਼ਾ, ਬਹੁਤ ਜ਼ਿਆਦਾ ਮੁਨਾਫ਼ਾ ਤੇ ਇੱਕ ਵੋਟ ਜੋ ਸੰਯੁਕਤ ਰਾਸ਼ਟਰ ਵਿੱਚ ਉਸ ਦੇ ਹੱਕ ਵਿੱਚ ਖੜ੍ਹੀ ਰਹਿੰਦੀ ਹੈ। ਭਾਰਤ-ਰੂਸ ਦੋਸਤੀ ਦੀ ਇਹੀ ਅਸਲ ਬੁਨਿਆਦ ਹੈ - ਇੱਕ ਪਾਸੇ ਭਾਰਤ ਜਿਸ ਨੂੰ ਹਥਿਆਰ ਤੇ ਈਂਧਨ ਚਾਹੀਦਾ ਹੈ, ਦੂਜੇ ਪਾਸੇ ਰੂਸ ਜਿਸ ਨੂੰ ਪੈਸੇ ਤੇ ਰਾਜਨੀਤਿਕ ਢਾਲ ਚਾਹੀਦੀ ਹੈ।



ਅਮਰੀਕਾ ਦੀ ਵਾਰੀ ਆਵੇ ਤਾਂ ਗੱਲ ਥੋੜ੍ਹੀ ਉਲਟ ਹੈ। ਅਮਰੀਕਾ ਭਾਰਤ ਤੋਂ ਵਧੇਰੇ ਖਰੀਦਦਾ ਹੈ ਜਿੰਨਾ ਵੇਚਦਾ ਹੈ, ਇਸ ਲਈ ਉਸ ਨੂੰ ਵਪਾਰਕ ਘਾਟਾ ਸਹਿਣਾ ਪੈਂਦਾ ਹੈ। ਟਰੰਪ ਇਸੇ ਗੱਲ ਤੋਂ ਖਾਰ ਖਾਂਦੇ ਹਨ। ਉਹ ਭਾਰਤ ’ਤੇ ਟੈਰਿਫ ਦਾ ਸ਼ਿਕੰਜਾ ਕੱਸ ਰਹੇ ਹਨ - ਹਾਰਲੇ ਡੇਵਿਡਸਨ ਮੋਟਰਸਾਈਕਲਾਂ ਤੋਂ ਲੈ ਕੇ ਬਾਦਾਮਾਂ ਤੱਕ ’ਤੇ ਟੈਕਸ ਵਧਾ ਰਹੇ ਹਨ। ਉਨ੍ਹਾਂ ਦੀ ਸੋਚ ਸਾਫ਼ ਹੈ - ਭਾਰਤ ਨੂੰ ਝੁਕਾ ਕੇ ਆਪਣੀਆਂ ਸ਼ਰਤਾਂ ’ਤੇ ਮਾਰਕੀਟ ਖੋਲ੍ਹਣੀ ਹੈ। ਭਾਰਤ ਜਿੰਨੀ ਦੇਰ ਟਾਲੇਗਾ, ਟੈਰਿਫ ਓਨਾ ਵਧੇਗਾ। ਅੰਤ ਵਿੱਚ ਮੋਦੀ ਸਰਕਾਰ ਨੂੰ ਝੁੱਕਣਾ ਪਵੇਗਾ, ਫਿਰ ਇਹ ਪ੍ਰਚਾਰ ਕੀਤਾ ਜਾਵੇਗਾ ਕਿ ਪੁਤਿਨ ਕਾਰਡ ਨਾਲ ਟਰੰਪ ਨੂੰ ਮਜਬੂਰ ਕਰ ਦਿੱਤਾ। ਅਸਲ ਵਿੱਚ ਟਰੰਪ ਤੇ ਪੁਤਿਨ ਦੀ ਪੁਰਾਣੀ ਯਾਰੀ ਹੈ - ਉਹ ਆਪਸ ਵਿੱਚ ਤਾਲਮੇਲ ਕਰਕੇ ਭਾਰਤ ਨੂੰ ਦਬਾਅ ਵਿੱਚ ਰੱਖਦੇ ਹਨ। ਯੂਕ੍ਰੇਨ ਨਾਲ ਵੀ ਅਜਿਹਾ ਵਾਪਰ ਰਿਹਾ ਹੈ।

ਤੇ ਚੀਨ ਤਾਂ ਸਭ ਤੋਂ ਵੱਡਾ ਖਿਡਾਰੀ ਹੈ। ਉਹ ਸਸਤਾ ਤੇ ਘਟੀਆ ਮਾਲ ਵੇਚ ਕੇ ਸਾਲਾਨਾ 100 ਅਰਬ ਡਾਲਰ ਤੋਂ ਵੱਧ ਦਾ ਵਪਾਰਕ ਸਰਪਲਸ ਕਮਾ ਰਿਹਾ ਹੈ। ਭਾਰਤ ਦੀਆਂ ਸੜਕਾਂ ’ਤੇ ਚੀਨੀ ਮੋਬਾਈਲ, ਖਿਡੌਣੇ, ਕੱਪੜੇ ਤੇ ਇਲੈਕਟ੍ਰਾਨਿਕਸ ਛਾਏ ਹੋਏ ਹਨ। ਭਾਰਤ ਨੇ ਚੀਨੀ ਐਪਸ ’ਤੇ ਪਾਬੰਦੀ ਲਗਾਈ, ਪਰ ਮਾਲ ਆਉਣਾ ਬੰਦ ਨਹੀਂ ਹੋਇਆ - ਬੱਸ ਰਾਹ ਬਦਲ ਗਿਆ। ਚੁਣੌਤੀ ਇਹ ਹੈ ਕਿ ਭਾਰਤ ਦੀ ਜਨਤਾ ਸਸਤੇ ਮਾਲ ਦੀ ਆਦੀ ਹੋ ਚੁੱਕੀ ਹੈ। ਚੀਨ ਜਾਣਦਾ ਹੈ ਕਿ ਭਾਰਤ ਦੀ ਇਹ ਕਮਜ਼ੋਰੀ ਹੀ ਉਸ ਦੀ ਸਭ ਤੋਂ ਵੱਡੀ ਤਾਕਤ ਹੈ।

ਇਸ ਸਾਰੇ ਖੇਡ ਵਿੱਚ ਸਭ ਤੋਂ ਦੁਖਦਾਈ ਸਵਾਲ ਇਹ ਹੈ - ਕੀ ਭਾਰਤ ਦਾ ਸੱਚਮੁੱਚ ਕੋਈ ਮਿੱਤਰ ਹੈ ? 1962 ਵਿੱਚ ਜਦੋਂ ਚੀਨ ਨੇ ਹਮਲਾ ਕੀਤਾ ਤਾਂ ਸੋਵੀਅਤ ਯੂਨੀਅਨ (ਅੱਜ ਦਾ ਰੂਸ) ਚੁੱਪ ਰਿਹਾ। ਮਦਦ ਬ੍ਰਿਟੇਨ ਤੇ ਅਮਰੀਕਾ ਤੋਂ ਆਈ। ਅੱਜ ਰੂਸ ਚੀਨ ਦਾ ਜੂਨੀਅਰ ਪਾਰਟਨਰ ਬਣ ਚੁੱਕਾ ਹੈ। ਜੇ ਕੱਲ੍ਹ ਚੀਨ ਨੇ ਅਰੁਣਾਚਲ ਜਾਂ ਲੱਦਾਖ ’ਤੇ ਵੱਡਾ ਹਮਲਾ ਕੀਤਾ ਤਾਂ ਕੀ ਪੁਤਿਨ ਭਾਰਤ ਦੀ ਮਦਦ ਲਈ ਦੌੜੇਗਾ ? ਜਵਾਬ ਸਾਫ਼ ਹੈ - ਨਹੀਂ। ਉਹ ਚੀਨ ਨਾਲ ਆਪਣੇ ਸਬੰਧ ਨਹੀਂ ਖਰਾਬ ਕਰੇਗਾ। ਅਮਰੀਕਾ ਵੀ ਆਪਣੇ ਹਿੱਤਾਂ ਨੂੰ ਪਹਿਲ ਦੇਵੇਗਾ - ਜਿੰਨੀ ਕੁ ਮਦਦ ਕਰੇਗਾ, ਉਸ ਦੀ ਵੀ ਕੀਮਤ ਵਸੂਲੇਗਾ।

ਭਾਰਤ ਅੱਜ 1.4 ਅਰਬ ਦੀ ਆਬਾਦੀ ਵਾਲਾ ਸਭ ਤੋਂ ਵੱਡਾ ਖਪਤਕਾਰ ਬਾਜ਼ਾਰ ਹੈ। ਇਸ ਦੀ ਭੁੱਖ ਅਤੇ ਇਸ ਦੀ ਬੇਸਬਰੀ ਹੀ ਉਸ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਰੂਸ, ਅਮਰੀਕਾ ਤੇ ਚੀਨ - ਤਿੰਨੇ ਇਸ ਭੁੱਖ ਨੂੰ ਆਪੋ-ਆਪਣੇ ਢੰਗ ਨਾਲ ਵਰਤ ਰਹੇ ਹਨ। ਜਦੋਂ ਤੱਕ ਭਾਰਤ ਆਪਣੀ ਉਤਪਾਦਨ ਸਮਰੱਥਾ ਨੂੰ ਨਹੀਂ ਵਧਾਏਗਾ, ਆਪਣੀਆਂ ਜ਼ਰੂਰਤਾਂ ਆਪ ਨਹੀਂ ਪੂਰੀਆਂ ਕਰੇਗਾ, ਤਦ ਤੱਕ ਉਹ ਇਨ੍ਹਾਂ ਤਿੰਨਾਂ ਮਹਾਂਸ਼ਕਤੀਆਂ ਦੀ ਸਾਂਝੀ ਮੰਡੀ ਬਣਿਆ ਰਹੇਗਾ। ਸੱਚੀ ਸੁਤੰਤਰ ਵਿਦੇਸ਼ ਨੀਤੀ ਤੇ ਸੱਚੀ ਮਹਾਂਸ਼ਕਤੀ ਦਾ ਰੁਤਬਾ ਉਦੋਂ ਹੀ ਮਿਲੇਗਾ ਜਦੋਂ ਭਾਰਤ ਖਰੀਦਦਾਰ ਨਹੀਂ, ਵੇਚਣ ਵਾਲਾ ਬਣੇਗਾ।ਮਤਲਬ ਭਾਰਤ ਖਤਰੇ ਵਿੱਚ ਤਿੰਨ ਮਹਾਸ਼ਕਤੀਆਂ ਵਿੱਚ ਘਿਰਿਆ ਹੈ।

# ਕਈ ਕਾਰਨਾਂ ਨਾਲ ਆਈ ਰੁਪਏ ’ਚ ਗਿਰਾਵਟ

**ਔਨਿੰਦਿਓ ਚੱਕਰਵਤੀ**



ਰੁਪਿਆ ਪਿਛਲੇ ਹਫ਼ਤੇ ਡਾਲਰ ਦੇ ਮੁਕਾਬਲੇ 90 ਰੁਪਏ ਦੇ ਅੰਕ ਤੋਂ ਵੀ ਹੇਠਾਂ ਚਲਾ ਗਿਆ ਇਸ ਦੇ ਦੋ ਮੁੱਖ ਕਾਰਨ ਹਨ। ਪਹਿਲਾ ਵਿਦੇਸ਼ੀ ਫੰਡ, ਜੋ ਕਿ ਨਿਵੇਸ਼ ਦੇ ਮਾਧਿਅਮ ਹਨ, ਆਪਣਾ ਨਿਵੇਸ਼ ਭਾਰਤ ਵਿਚੋਂ ਕੱਢ ਰਹੇ ਹਨ ਤੇ ਡਾਲਰ ਦੇਸ਼ ਤੋਂ ਬਾਹਰ ਲਿਜਾ ਰਹੇ ਹਨ। ਦੂਜਾ ਕਾਰਨ ਇਹ ਹੈ ਕਿ ਭਾਰਤ ਦੇ ਅਮੀਰ ਲੋਕ ਟਨਾਂ ਦੇ ਹਿਸਾਬ ਨਾਲ ਸੋਨਾ ਦਰਾਮਦ ਕਰਨ ਲਈ ਸਾਡੇ ਡਾਲਰ ਵਰਤ ਰਹੇ ਹਨ।

ਵਿਦੇਸ਼ੀ ਫੰਡ ਭਾਰਤੀ ਸਟਾਕਾਂ, ਸ਼ੇਅਰਾਂ, ਮਿਊਚਲ ਫੰਡਾਂ ਅਤੇ ਬਾਂਡਾਂ ਵਿੱਚ ਨਿਵੇਸ਼ ਕਰਨ ਲਈ ਡਾਲਰ ਲਿਆਉਂਦੇ ਹਨ। ਇਸ ਸਾਲ, ਉਨ੍ਹਾਂ ਨੇ ਖਰੀਦਣ ਨਾਲੋਂ ਜ਼ਿਆਦਾ ਵੇਚਿਆ ਹੈ। ਐੱਨ ਐੱਸ ਡੀ ਐੱਲ ਦੇ ਅੰਕੜੇ ਦੱਸਦੇ ਹਨ ਕਿ ਵਿਦੇਸ਼ੀ ਵਿੱਤੀ ਨਿਵੇਸ਼ਕਾਂ ਨੇ ਭਾਰਤੀ ਬਾਜ਼ਾਰਾਂ ’ਚ ਹਰ ਤਰ੍ਹਾਂ ਦੇ ਵਸੀਲਿਆਂ ਵਿੱਚ ਲੱਗੇ ਲਗਭਗ 78,000 ਕਰੋੜ ਰੁਪਏ ਕੱਢ ਲਏ ਹਨ।



ਜਦ ਕੋਈ ਬਾਹਰਲਾ ਨਿਵੇਸ਼ਕ ਜਾਂ ਫੰਡ ਭਾਰਤੀ ਬਾਜ਼ਾਰ ਨੂੰ ਛੱਡਣ ਲਈ ਆਪਣਾ ਨਿਵੇਸ਼ ਵੇਚਦਾ ਹੈ ਤਾਂ ਉਹ ਇਸ ਦੇ ਵੱਟੇ ਮਿਲੇ ਰੁਪੱਈਆਂ ਨੂੰ ਡਾਲਰਾਂ ’ਚ ਤਬਦੀਲ ਕਰਦਾ ਹੈ। ਇਸ ਲਈ ਜੇ ਵਿਦੇਸ਼ੀ ਨਿਵੇਸ਼ਕ ਬਹੁਤ ਜ਼ਿਆਦਾ ਵਿਕਰੀ ਕਰਦੇ ਹਨ ਤਾਂ ਡਾਲਰ ਦੀ ਮੰਗ ਵਧ ਜਾਂਦੀ ਹੈ ਜਿਸ ਨਾਲ ਇਸ ਦਾ ‘ਮੁੱਲ’ ਜਾਂ ਵਟਾਂਦਰਾ ਦਰ ਰੁਪਏ ਦੇ ਮੁਕਾਬਲੇ ਵਧ ਜਾਂਦੀ ਹੈ। ਇਹ ਇੱਕ ਮੁੱਖ ਕਾਰਨ ਹੈ ਕਿ ਜਿਸ ਕਰ ਕੇ ਇਸ ਸਾਲ ਰੁਪੱਈਆ ਐਨਾ ਕਮਜ਼ੋਰ ਹੋਇਆ ਹੈ।

ਅਜੀਬ ਗੱਲ ਇਹ ਹੈ ਕਿ ਇਹ ਉਦੋਂ ਹੋਇਆ ਹੈ ਜਦ ਡਾਲਰ ਖ਼ੁਦ ਦੂਜੀਆਂ ਮੁਦਰਾਵਾਂ ਦੇ ਮੁਕਾਬਲੇ ਕਮਜ਼ੋਰ ਹੋ ਰਿਹਾ ਹੈ। ਡਾਲਰ ਇੰਡੈਕਸ, ਜੋ ਛੇ ਪ੍ਰਮੁੱਖ ਵਿਦੇਸ਼ੀ ਮੁਦਰਾਵਾਂ ਦੇ ਸੰਦਰਭ ਵਿੱਚ ਡਾਲਰ ਦੀ ਕੀਮਤ ’ਤੇ ਨਿਗ੍ਹਾ ਰੱਖਦਾ ਹੈ, ਜਨਵਰੀ ਦੇ ਅੱਧ ਵਿੱਚ ਜਿੱਥੇ ਸੀ, ਉੱਥੋਂ ਲਗਭਗ 10 ਪ੍ਰਤੀਸ਼ਤ ਖਿਸਕ ਗਿਆ ਹੈ। ਇਹ ਦਰਸਾਉਂਦਾ ਹੈ ਕਿ ਵਿਦੇਸ਼ੀ ਨਿਵੇਸ਼ਕ ਭਾਰਤ ’ਚੋਂ ਡਾਲਰ ਤਾਂ ਕੱਢ ਰਹੇ ਹਨ, ਪਰ ਇਸ ਨੂੰ ਲੈ ਕੇ ਅਮਰੀਕਾ ਨਹੀਂ ਜਾ ਰਹੇ। ਉਹ ਦੂਜੇ ‘ਉੱਭਰਦੇ ਬਾਜ਼ਾਰਾਂ’ ਜਿਵੇਂ ਕਿ ਦੱਖਣੀ ਕੋਰੀਆ, ਗਰੀਸ, ਬ੍ਰਾਜ਼ੀਲ, ਮੈਕਸੀਕੋ ਅਤੇ ਇੱਥੋਂ ਤੱਕ ਕਿ ਚੀਨ ਚਲੇ ਗਏ ਹਨ, ਜਿਨ੍ਹਾਂ ’ਚੋਂ ਹਰੇਕ ਨੇ ਇਸ ਸਾਲ ਸ਼ੇਅਰ ਬਾਜ਼ਾਰ ਵਿੱਚ ਤੇਜ਼ੀ ਦੇਖੀ ਹੈ।

ਇਸ ਦਾ ਕਾਰਨ ‘ਇੰਡੀਆ ਇੰਕ’ (ਭਾਰਤੀ ਕੰਪਨੀਆਂ) ਵਿੱਚ ਵਿਦੇਸ਼ੀ ਨਿਵੇਸ਼ਕਾਂ ਦਾ ਭਰੋਸਾ ਖਤਮ ਹੋਣਾ ਲੱਗਦਾ ਹੈ। ਪਿਛਲੇ ਤਿੰਨ ਸਾਲਾਂ ਵਿੱਚ, ਭਾਰਤੀ ਕੰਪਨੀਆਂ ਨੇ ਬਹੁਤ ਮੁਨਾਫ਼ਾ ਕਮਾਇਆ ਹੈ, ਭਾਵੇਂ ਉਨ੍ਹਾਂ ਦੇ ਮਾਲੀਏ ਵਿਚ ਵਾਧੇ ਦੀ ਦਰ ਸੀਮਤ ਰਹੀ। ਇਹ ਮੁੱਖ ਤੌਰ ’ਤੇ ਕੱਚੇ ਮਾਲ ਦੀ ਲਾਗਤ ਅਤੇ ਤਨਖਾਹਾਂ ਦੇ ਖ਼ਰਚ ’ਚ ਘੱਟ ਵਾਧੇ ਅਤੇ ਘੱਟ ਕਾਰਪੋਰੇਟ ਟੈਕਸ ਦਰਾਂ ਕਾਰਨ ਹੋਇਆ ਹੈ। ਵਿਦੇਸ਼ੀ ਬਾਜ਼ਾਰ ’ਤੇ ਨਜ਼ਰ ਰੱਖਣ ਵਾਲੇ ਕਈਆਂ ਨੇ ਉਮੀਦ ਕੀਤੀ ਸੀ ਕਿ ਲੋਕਾਂ ਵਿਚ ਖ਼ਪਤ ਦੀ ਤਲਬ ’ਚ ਆਈ ਕਮੀ ਅੰਤ ’ਚ ਭਾਰਤੀ ਕਾਰਪੋਰੇਟਾਂ ਤੱਕ ਪਹੁੰਚ ਜਾਵੇਗੀ ਅਤੇ 2025 ਵਿੱਚ ਉਨ੍ਹਾਂ ਦੇ ਮੁਨਾਫੇ ਦੇ ਫ਼ਰਕ ਸੁੰਗੜ ਜਾਣਗੇ ਕਿਉਂਕਿ ਬਾਜ਼ਾਰ ਭਵਿੱਖ ਨਾਲੋਂ ਹਮੇਸ਼ਾ ਅੱਜ ਨੂੰ ਪਹਿਲ ਦਿੰਦੇ ਹਨ, ਇਸ ਲਈ ਉਹ ਸਾਲ ’ਚ ਜ਼ਿਆਦਾਤਰ ਸਮਾਂ ਵਿਕਰੀ ਹੀ ਕਰ ਰਹੇ ਹਨ।

ਇਨ੍ਹਾਂ ਸਾਰੀਆਂ ਗੱਲਾਂ ਨੇ ਰਲ਼ ਕੇ ਰੁਪਏ ਨੂੰ ਹੋਰ ਹੇਠਾਂ ਸੁੱਟਿਆ, ਜਿਉਂ ਜਿਉਂ ਵਿਦੇਸ਼ੀ ਫੰਡਾਂ ਨੇ ਜ਼ਿਆਦਾ ਡਾਲਰ ਖ਼ਰੀਦੇ। ਆਰ ਬੀ ਆਈ ਨੇ ਇਸ ਪ੍ਰਕਿਰਿਆ ਵਿੱਚ ਦਖ਼ਲ ਦਿੱਤਾ ਹੈ, ਆਪਣੇ ਭੰਡਾਰ ’ਚ ਰੱਖੇ ਡਾਲਰਾਂ ਨੂੰ ਵੇਚਿਆ ਹੈ। ਇਸ ਨੇ ਜਨਵਰੀ ਤੋਂ ਸਤੰਬਰ 2005 ਦਰਮਿਆਨ 38 ਅਰਬ ਡਾਲਰ ਵੇਚੇ। ਸਮੱਸਿਆ ਇਹ ਹੈ ਕਿ ਜਦੋਂ ਆਰ ਬੀ ਆਈ ਬੈਂਕਾਂ ਨੂੰ ਡਾਲਰ ਵੇਚਦਾ ਹੈ ਤਾਂ ਇਹ ਬੈਂਕਿੰਗ ਪ੍ਰਣਾਲੀ ਵਿੱਚੋਂ ਬਰਾਬਰ ਮਾਤਰਾ ਵਿੱਚ ਰੁਪਏ ਕੱਢ ਲੈਂਦਾ ਹੈ। ਇਸ ਦਾ ਮਤਲਬ ਹੈ ਕਿ ਬੈਂਕਾਂ ਕੋਲ ਉਧਾਰ ਦੇਣ ਲਈ ਘੱਟ ਰੁਪਏ ਹਨ, ਜਿਸ ਨਾਲ ਅਸਲ ਵਿਆਜ ਦਰਾਂ ਵਧ ਜਾਂਦੀਆਂ ਹਨ। ਆਰ ਬੀ ਆਈ ਇਸ ਦਾ ਮੁਕਾਬਲਾ ਬੈਂਕਾਂ ਤੋਂ ਬਾਂਡ ਖਰੀਦ ਕੇ ਅਤੇ ਬਦਲੇ ਵਿੱਚ ਉਨ੍ਹਾਂ ਨੂੰ ਰੁਪਏ ਦੇ ਕੇ ਕਰ ਸਕਦਾ ਹੈ।

ਪਰ ਇਸ ਤਰ੍ਹਾਂ ਦੇ ਦਖ਼ਲ ਦੀਆਂ ਵੀ ਸੀਮਾਵਾਂ ਹਨ, ਖਾਸ ਕਰ ਕੇ ਜਦੋਂ ਭਾਰਤ ਅਧਿਕਾਰਤ ਤੌਰ ’ਤੇ ਵਿਦੇਸ਼ੀ ਮੁਦਰਾ ਬਾਜ਼ਾਰ ’ਚ ਇੱਕ ਅਸਥਾਈ ਪ੍ਰਣਾਲੀ (ਫਲੋਟਿੰਗ ਐਕਸਚੇਂਜ ਰੇਟ) ਚਲਾਉਂਦਾ ਹੈ, ਜਿਸ ਨਾਲ ਮੁਦਰਾ ਨੂੰ ਬਾਜ਼ਾਰ ਦੁਆਰਾ ਨਿਰਧਾਰਤ ਦਰਾਂ ’ਤੇ ਸਥਿਰ ਹੋਣ ਦੀ ਖੁੱਲ੍ਹ ਮਿਲਦੀ ਹੈ। ਇਹ ਹਿਸਾਬ ਲਾਉਣਾ ਵੀ ਮੁਸ਼ਕਿਲ ਹੈ ਕਿ ਮਹਿੰਗਾਈ ਕੀਤੇ ਬਿਨਾਂ ਪ੍ਰਣਾਲੀ ’ਚ ਕਿੰਨੀ ਵਾਧੂ ਮੁਦਰਾ ਪਾਈ ਜਾ ਸਕਦੀ ਹੈ। ਇਸ ਦੇ ਨਾਲ ਹੀ, ਆਰ ਬੀ ਆਈ ਸਿਰਫ਼ ਰੁਪਏ ਦੀ ਕੀਮਤ ਉੱਚੀ ਚੁੱਕਣ ਲਈ ਆਪਣੇ ਡਾਲਰ ਦੇ ਭੰਡਾਰਾਂ ਨੂੰ ਬਹੁਤ ਜ਼ਿਆਦਾ ਖ਼ਤਮ ਨਹੀਂ ਕਰ ਸਕਦੀ। ਭਾਰਤ ਦਰਾਮਦ ’ਤੇ ਬਹੁਤ ਜ਼ਿਆਦਾ ਨਿਰਭਰ ਕਰਦਾ ਹੈ, ਖ਼ਾਸ ਕਰਕੇ ਕੱਚੇ ਤੇਲ ’ਤੇ ਅਤੇ ਇਸ ਵੇਲੇ ਸਾਨੂੰ ਇੱਕ ਸੁਖਾਵੇਂ ਵਿਦੇਸ਼ੀ ਮੁਦਰਾ ਭੰਡਾਰ ਦੀ ਲੋੜ ਹੈ।

ਵਿਦੇਸ਼ੀ ਨਿਵੇਸ਼ਕਾਂ ਨੂੰ ਭਾਰਤ ਵਿੱਚ ਰੋਕਣ ਦਾ ਇੱਕ ਹੋਰ ਤਰੀਕਾ ਹੈ ਕਿ ਆਰ ਬੀ ਆਈ ਵਿਆਜ ਦਰਾਂ ਉੱਚੀਆਂ ਕਰੇ। ਪਰ ਇਹ ਵੀ ਸੰਭਵ ਨਹੀਂ ਹੈ, ਮੱਦੇਨਜ਼ਰ ਇਸ ਦੇ ਕਿ ਪ੍ਰਚੂਨ ਮਹਿੰਗਾਈ ਆਰ ਬੀ ਆਈ ਵੱਲੋਂ ਮਿਥੇ ਘੱਟ ਤੋਂ ਘੱਟ ਟੀਚੇ (ਅੰਕਾਂ) ਦੇ ਦੋ ਪ੍ਰਤੀਸ਼ਤ ਦੇ ਨੇੜੇ-ਤੇੜੇ ਜਾਂ ਇਸ ਤੋਂ ਘੱਟ ਰਹੀ ਹੈ। ਬੈਂਕਾਂ ਤੋਂ ਕਰਜ਼ਾ, ਜੋ ਇਸ਼ਾਰਾ ਹੁੰਦਾ ਹੈ ਕਿ ਕੀ ਕਾਰਪੋਰੇਟ ਵਧੇਰੇ ਸਮਰੱਥਾ ਵਿਕਸਤ ਕਰਨ ਵਿੱਚ ਨਿਵੇਸ਼ ਕਰਨਾ ਚਾਹੁੰਦੇ ਹਨ ਅਤੇ ਖ਼ਪਤਕਾਰ ਘਰ ਅਤੇ ਕਾਰਾਂ ਖਰੀਦਣਾ ਚਾਹੁੰਦੇ ਹਨ, 2025 ਵਿੱਚ ਤੇਜ਼ੀ ਨਾਲ ਘਟਿਆ ਹੈ। ਬੈਂਕਾਂ ਦੁਆਰਾ ਦਿੱਤੇ ਗਏ ਕਰਜ਼ੇ, ਜੋ 2023 ਅਤੇ 2024 ਦੇ ਜ਼ਿਆਦਾਤਰ ਸਮੇਂ ਦੌਰਾਨ ਦਹਾਈ ਦੇ ਵੱਡੇ ਅੰਕਾਂ ਵਿੱਚ ਵਧ ਰਹੇ ਸਨ, ਅਪ੍ਰੈਲ 2025 ਤੋਂ ਇਕਾਈ ਦੇ ਅੰਕਾਂ ’ਤੇ ਆ ਗਏ ਹਨ। ਇਸ ਲਈ, ਆਰਬੀਆਈ ਕੋਲ ਵਿਆਜ ਦਰਾਂ ਵਧਾਉਣ ਦੀ ਥਾਂ, ਉਨ੍ਹਾਂ ਨੂੰ ਘਟਾਉਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ।

ਇੱਕ ਵੱਡਾ ਕਾਰਨ, ਜਿਸ ਕਰ ਕੇ ਵਿਦੇਸ਼ੀ ਨਿਵੇਸ਼ਕ ਬਾਹਰ ਨਿਕਲੇ, ਉਹ ਹੈ ਭਾਰਤੀ ਵਸਤਾਂ ’ਤੇ ਟਰੰਪ ਦੇ ਟੈਰਿਫਾਂ ਬਾਰੇ ਉਨ੍ਹਾਂ ਦੀ ਚਿੰਤਾ। ਜਦੋਂ ਜਨਵਰੀ ਵਿੱਚ ਅਮਰੀਕਾ ਨੇ ਆਪਣਾ ਇਰਾਦਾ ਜ਼ਾਹਿਰ ਕੀਤਾ ਤਾਂ ਵਿਦੇਸ਼ੀ ਨਿਵੇਸ਼ਕਾਂ ਨੇ ਭਾਰੀ ਵਿਕਰੀ ਕੀਤੀ ਸੀ। ਜਦੋਂ ਅਪ੍ਰੈਲ ਵਿੱਚ ਲਗਾਏ ਗਏ ਅਸਲ ਟੈਕਸ ਬਾਜ਼ਾਰ ਦੇ ਅਨੁਮਾਨਾਂ ਨਾਲੋਂ ਘੱਟ ਨਿਕਲੇ ਤਾਂ ਵਿਦੇਸ਼ੀ ਫੰਡਾਂ ਨੇ ਲਗਾਤਾਰ ਤਿੰਨ ਮਹੀਨਿਆਂ ਤੱਕ ਮੁੜ ਨਿਵੇਸ਼ ਕਰਨਾ ਸ਼ੁਰੂ ਕਰ ਦਿੱਤਾ। ਅਗਸਤ ਵਿੱਚ ਭਾਰੀ ਵਿਕਰੀ ਦਾ ਇੱਕ ਹੋਰ ਦੌਰ ਸ਼ੁਰੂ ਹੋਇਆ ਜਦੋਂ ਟਰੰਪ ਨੇ ਟੈਰਿਫ ਦਰ ਨੂੰ 50 ਪ੍ਰਤੀਸ਼ਤ ਤੱਕ ਵਧਾ ਦਿੱਤਾ। ਪ੍ਰਤੱਖ ਤੌਰ ’ਤੇ ਇਹ ਭਾਰਤ ਨੂੰ ਰੂਸ ਤੋਂ ਕੱਚਾ ਤੇਲ ਖਰੀਦਣ ਦੀ ਸਜ਼ਾ ਦੇਣ ਲਈ ਸੀ।

ਦਿਲਚਸਪ ਗੱਲ ਇਹ ਹੈ ਕਿ ਇਸ ਸਾਲ ਅਪ੍ਰੈਲ ਤੋਂ ਅਕਤੂਬਰ ਦਰਮਿਆਨ ਅਮਰੀਕਾ ਨੂੰ ਭਾਰਤ ਦੀ ਬਰਾਮਦ ਅਸਲ ਵਿੱਚ ਘਟਣ ਦੀ ਬਜਾਏ ਵਧੀ ਹੈ। ਇਹ 2024 ਦੀ ਇਸੇ ਮਿਆਦ ਦੇ ਮੁਕਾਬਲੇ ਅਪਰੈਲ-ਅਕਤੂਬਰ 2025 ਵਿੱਚ ਡਾਲਰ ਦੇ ਹਿਸਾਬ ਨਾਲ 10 ਪ੍ਰਤੀਸ਼ਤ ਵਧੀ ਹੈ। ਦਰਅਸਲ, ਇਹ ਅਪਰੈਲ-ਅਕਤੂਬਰ 2024 ਵਿੱਚ ਦਿਸੇ 6 ਪ੍ਰਤੀਸ਼ਤ ਦੇ ਵਾਧੇ ਨਾਲੋਂ ਜ਼ਿਆਦਾ ਹੈ। ਜੇ ਇਸ ਵਿੱਤੀ ਸਾਲ ਵਿੱਚ ਭਾਰਤ ਦੀ ਕੁੱਲ ਵਪਾਰਕ ਬਰਾਮਦ ਸਥਿਰ ਹੈ ਤਾਂ ਇਸ ਦਾ ਕਾਰਨ ਨੀਦਰਲੈਂਡਜ਼, ਯੂਕੇ, ਸਿੰਗਾਪੁਰ ਅਤੇ ਸਾਊਦੀ ਅਰਬ ਵਰਗੇ ਵੱਡੇ ਵਪਾਰਕ ਭਾਈਵਾਲਾਂ ਨੂੰ ਹੁੰਦੀ ਬਰਾਮਦ ਵਿੱਚ ਤਿੱਖੀ ਗਿਰਾਵਟ ਆਉਣਾ ਹੈ। ਇਸ ਲਈ, ਟਰੰਪ ਦੇ ਟੈਰਿਫਾਂ ਦਾ ਵਿੱਤੀ ਪ੍ਰਵਾਹ ’ਤੇ ਮਨੋਵਿਗਿਆਨਕ ਪ੍ਰਭਾਵ ਤਾਂ ਹੋ ਸਕਦਾ ਹੈ, ਪਰ ਅਮਰੀਕਾ ਨੂੰ ਹੁੰਦੀ ਅਸਲ ਵਪਾਰਕ ਬਰਾਮਦ ਨੂੰ ਇਨ੍ਹਾਂ ਨੇ ਪ੍ਰਭਾਵਿਤ ਨਹੀਂ ਕੀਤਾ ਹੈ।

ਰੁਪਏ ਵਿੱਚ ਤਿੱਖੀ ਗਿਰਾਵਟ ਦਾ ਸਭ ਤੋਂ ਵੱਡਾ ਕਾਰਨ ਇਸ ਸਾਲ ਸਤੰਬਰ ਅਤੇ ਅਕਤੂਬਰ ਵਿੱਚ ਵੱਡੇ ਪੱਧਰ ’ਤੇ ਮੰਗਵਾਇਆ ਗਿਆ ਸੋਨਾ ਹੈ, ਜਿਸ ਦਾ ਕੁੱਲ ਮੁੱਲ 2.4 ਕਰੋੜ ਡਾਲਰ ਤੋਂ ਵੱਧ ਹੈ। ਇਹ ਪਿਛਲੇ ਸਾਲ ਦੀ ਇਸੇ ਮਿਆਦ ਵਿੱਚ ਦਰਾਮਦ ਕੀਤੇ ਗਏ ਸੋਨੇ ਦੇ ਮੁੱਲ ਨਾਲੋਂ 2.5 ਗੁਣਾ ਵੱਧ ਹੈ। ਜੇ ਇਸ ਦੌਰਾਨ ਸੋਨੇ ਦੀਆਂ ਕੀਮਤਾਂ ਵਿੱਚ 50 ਪ੍ਰਤੀਸ਼ਤ ਵਾਧੇ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇ, ਤਾਂ ਵੀ ਪਦਾਰਥਕ ਰੂਪ ਵਿੱਚ ਸੋਨੇ ਦੀ ਦਰਾਮਦ 65-70 ਪ੍ਰਤੀਸ਼ਤ ਵਧੀ ਹੈ।

ਬੇਸ਼ੱਕ ਇਸ ਮੰਗ ’ਚ ਜ਼ਿਆਦਾਤਰ ਹਿੱਸਾ ਭਾਰਤ ਦੇ ਅਮੀਰਾਂ ਦਾ ਹੈ। ਇੱਕ ਕਾਰਨ ਇਹ ਹੈ ਕਿ ਉਨ੍ਹਾਂ ਕੋਲ ਨਿਵੇਸ਼ ਕਰਨ ਦੇ ਰਾਹ ਖਤਮ ਹੋ ਗਏ ਹਨ। ਪਰ ਇੱਕ ਹੋਰ ਸੰਭਾਵੀ ਕਾਰਨ ਇਹ ਹੈ ਕਿ ਉਹ ਆਪਣੀ ਦੌਲਤ ਦੇ ਕੁਝ ਹਿੱਸੇ ਨੂੰ ਸੋਨੇ ਵਰਗੀ ‘ਸਦੀਵੀ’ ਸੰਪਤੀ ਵਿੱਚ ਤਬਦੀਲ ਕਰਕੇ ਆਪਣੇ ਨਿਵੇਸ਼ਾਂ ਨੂੰ ‘ਡੀਰਿਸਕ’ (ਜੋਖ਼ਮ ਘਟਾਉਣਾ) ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਦੀ ਕੋਈ ਰਚਨਾਤਮਕ ਭੂਮਿਕਾ ਨਹੀਂ ਹੋ ਸਕਦੀ, ਪਰ ਇੱਕ ਸੰਪਤੀ ਵਜੋਂ ਇਸ ਦਾ ਮੁੱਲ ਹਜ਼ਾਰਾਂ ਸਾਲਾਂ ਤੱਕ ਕਾਇਮ ਰਿਹਾ ਹੈ।

ਇਹ ਸਵਾਲ ਖੜ੍ਹੇ ਕਰਦਾ ਹੈ ਕਿ ‘ਸਮਾਰਟ ਮਨੀ’ ਵਰਗ (ਤਜਰਬੇਕਾਰ ਸੰਸਥਾਗਤ ਨਿਵੇਸ਼ਕ) ਭਾਰਤ ਦੀ ਵਿਕਾਸ ਗਾਥਾ ਬਾਰੇ ਕੀ ਸੋਚਦਾ ਹੈ। ਨਾ ਸਿਰਫ਼ ਦੁਨੀਆ ਦੇ ਸਭ ਤੋਂ ਵੱਡੇ ਫੰਡ (ਨਿਵੇਸ਼ਕ), ਸਗੋਂ ਭਾਰਤ ਦੇ ਅਮੀਰ ਵੀ ਇਹ ਸਵੀਕਾਰਦੇ ਜਾਪਦੇ ਹਨ ਕਿ ਭਾਰਤ ਵਿੱਚ ਆਪਣੇ ਪੈਸੇ ਨੂੰ ਵਧਾਉਣਾ ਹੋਰ ਔਖਾ ਹੋਣ ਵਾਲਾ ਹੈ। ਤੇ ਇਹ, ਅਖੀਰ ’ਚ ਰੁਪਏ ਦੀ ਕੀਮਤ ਘਟਣ ਦਾ ਇੱਕੋ-ਇੱਕ ਸਭ ਤੋਂ ਵੱਡਾ ਕਾਰਨ ਹੈ।

*** ਲੇਖਕ ਆਰਥਿਕ ਮਾਮਲਿਆਂ ਦੇ ਸਮੀਖਿਅਕ ਹਨ।**



# ਪੰਜਾਬ 'ਚ 'ਉਦਯੋਗਿਕ ਕ੍ਰਾਂਤੀ' ਲਿਆਉਣ ਦੀ ਲੋੜ

## ਜਪਾਨ ਅਤੇ ਦੱਖਣੀ ਕੋਰੀਆ ਵੱਲੋਂ ਪੰਜਾਬ 'ਚ ਨਿਵੇਸ਼ ਕਰਨ ਦੀ ਸੰਭਾਵਨਾ ਬਣੀ

## ਕੈਨੇਡਾ-ਅਮਰੀਕਾ ਨਾਲ ਭਾਰਤ ਦੇ ਵਪਾਰਕ ਸਮਝੌਤਿਆਂ ਦਾ ਪੰਜਾਬ ਨੂੰ ਵੀ ਹੋਵੇਗਾ ਫ਼ਾਇਦਾ

**ਜਦੋਂ ਸਮੁੰਦਰ ਚੜ੍ਹਦਾ ਹੈ ਤਾਂ 'ਸੁਨਾਮੀ' ਆਉਂਦੀ ਹੈ ਅਤੇ ਜਦੋਂ ਪੰਜਾਬ ਚੜ੍ਹਦਾ ਹੈ ਤਾਂ 'ਕ੍ਰਾਂਤੀ' ਆਉਂਦੀ ਹੈ। ਪੰਜਾਬ 'ਚ 'ਹਰੀ' ਅਤੇ 'ਚਿੱਟੀ' ਕ੍ਰਾਂਤੀ ਤਾਂ ਬਹੁਤ ਪਹਿਲਾਂ ਆ ਚੁੱਕੀਆਂ ਹਨ ਪਰ ਹੁਣ ਪੰਜਾਬ 'ਚ 'ਉਦਯੋਗਿਕ ਕ੍ਰਾਂਤੀ' ਲਿਆਉਣ ਦੀ ਲੋੜ ਹੈ। ਹਰੀ ਕ੍ਰਾਂਤੀ ਤੋਂ ਭਾਵ ਹਰ ਪਾਸੇ ਹਰੀਆਂ ਭਰੀਆਂ ਫ਼ਸਲਾਂ ਅਤੇ ਚਿੱਟੀ ਕ੍ਰਾਂਤੀ ਤੋਂ ਭਾਵ ਹਰ ਪਾਸੇ ਦੁੱਧ ਦੀਆਂ ਲਹਿਰਾਂ ਬਹਿਰਾਂ ਹੁੰਦਾ ਹੈ। ਪੰਜਾਬ ਵਿੱਚ ਹਰ ਸਰਕਾਰ ਇਹ ਦਾਅਵਾ ਕਰਦੀ ਹੈ ਕਿ ਉਸ ਵੱਲੋਂ ਪੰਜਾਬ ਵਿੱਚ ਅਨੇਕਾਂ ਉਦਯੋਗ ਲਿਆਂਦੇ ਗਏ ਹਨ। ਇਹ ਗੱਲ ਕੁਝ ਹੱਕ ਤੱਕ ਹੀ ਸਹੀ ਹੁੰਦੀ ਹੈ ਅਤੇ ਹਰ ਸਰਕਾਰ ਸਮੇਂ ਕੁੱਝ ਨਵੇਂ ਉਦਯੋਗ ਜ਼ਰੂਰ ਲੱਗਦੇ ਹਨ। ਜਿਸ ਦਾ ਲਾਭ ਪੰਜਾਬ ਅਤੇ ਪੰਜਾਬੀਆਂ ਨੂੰ ਹੁੰਦਾ ਹੈ ਭਾਵੇਂ ਕਿ ਇਹਨਾਂ ਉਦਯੋਗਾਂ ਵਿੱਚ ਕੰਮ ਕਰਨ ਵਾਲੇ ਵਰਕਰ ਜ਼ਿਆਦਾਤਰ ਦੂਜੇ ਰਾਜਾਂ ਤੋਂ ਆਏ ਲੋਕ ਹੁੰਦੇ ਹਨ ਪਰ ਫਿਰ ਵੀ ਇਹ ਉਦਯੋਗ ਕਈ ਤਰ੍ਹਾਂ ਨਾਲ ਪੰਜਾਬ ਦੀ ਆਰਥਿਕਤਾ ਨੂੰ ਪ੍ਰਭਾਵਿਤ ਕਰਦੇ ਹਨ। ਇਸੇ ਕਾਰਨ ਇਹਨਾਂ ਉਦਯੋਗਾਂ ਨੂੰ ਹਰ ਸਰਕਾਰ ਵੱਲੋਂ ਉਤਸ਼ਾਹਿਤ ਕਰਨ ਦਾ ਯਤਨ ਕੀਤਾ ਜਾਂਦਾ ਹੈ। ਇਸ ਸਮੇਂ ਪੰਜਾਬ 'ਚ 'ਉਦਯੋਗਿਕ ਕ੍ਰਾਂਤੀ' ਲਿਆਉਣ ਦੀ ਵੱਡੀ ਲੋੜ ਹੈ। ਪੰਜਾਬ ਦੇ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ 'ਖੇਤੀ ਆਧਾਰਿਤ ਉਦਯੋਗ' ਵੀ ਵੱਡੀ ਗਿਣਤੀ ਵਿੱਚ ਲਗਾਏ ਜਾ ਸਕਦੇ ਹਨ।**






ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜਪਾਨ ਅਤੇ ਦੱਖਣੀ ਕੋਰੀਆ ਦਾ ਦੌਰਾ ਕਰਕੇ ਪੰਜਾਬ ਪਰਤ ਆਏ ਹਨ। ਮੁੱਖ ਮੰਤਰੀ ਨੇ ਕਿਹਾ ਹੈ ਕਿ ਉਨ੍ਹਾਂ ਨੇ ਜਪਾਨ ਤੇ ਦੱਖਣੀ ਕੋਰੀਆ ਦੇ ਸਨਅਤਕਾਰਾਂ ਅੱਗੇ ਪੰਜਾਬ ਨੂੰ ਦੁਨੀਆ ਭਰ ਵਿੱਚ ਉਦਯੋਗ ਦੇ ਉੱਭਰਦੇ ਕੇਂਦਰ ਵਜੋਂ ਪੇਸ਼ ਕੀਤਾ, ਜਿਸ ਨੂੰ ਵੇਖਦਿਆਂ ਦੋਵਾਂ ਦੇਸ਼ਾਂ ਦੀ ਵਿਸ਼ਵ ਪ੍ਰਸਿੱਧ ਕੰਪਨੀਆਂ ਨੇ ਪੰਜਾਬ ਵਿੱਚ ਆਈ ਟੀ, ਮੈਡੀਕਲ, ਖੇਤੀਬਾੜੀ, ਖੋਜ ਤੇ ਬਾਗ਼ਬਾਨੀ ਖੇਤਰਾਂ 'ਚ ਨਿਵੇਸ਼ ਦੀ ਦਿਲਚਸਪੀ ਦਿਖਾਈ ਹੈ। ਇਸ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਵੱਡੇ ਪੱਧਰ 'ਤੇ ਰੁਜ਼ਗਾਰ ਮਿਲੇਗਾ।ਮੁੱਖ ਮੰਤਰੀ ਮਾਨ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਮੋਹਾਲੀ ਨੂੰ ਵੱਡੇ ਆਈ ਟੀ ਹੱਬ ਵਜੋਂ ਵਿਕਸਿਤ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ, ਜਿੱਥੇ ਖੋਜ ਤੇ ਵਿਕਾਸ ਅਤੇ ਹੁਨਰਮੰਦ ਰੁਜ਼ਗਾਰ ਦੇ ਮੌਕਿਆਂ ਨੂੰ ਹੁਲਾਰਾ ਦੇਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ। ਜਪਾਨ ਅਤੇ ਦੱਖਣੀ ਕੋਰੀਆ ਦੀਆਂ ਕਈ ਕੰਪਨੀਆਂ ਨੇ ਵੀ ਮੋਹਾਲੀ ਵਿੱਚ ਵੱਡੇ ਪ੍ਰਾਜੈਕਟ ਲਗਾਉਣ ਲਈ ਹਾਮੀ ਭਰੀ ਹੈ।ਮੁੱਖ ਮੰਤਰੀ ਨੇ ਕਿਹਾ ਹੈ ਕਿ ਜਪਾਨ ਤੇ ਦੱਖਣੀ ਕੋਰੀਆ ਦੀਆਂ ਕੰਪਨੀਆਂ ਵੱਲੋਂ ਪਰਾਲੀ ਨਾਲ ਬਾਇਓਗੈਸ ਬਣਾਉਣ ਦੇ ਨਾਲ-ਨਾਲ ਇਸ ਦੀ ਹੋਰ ਪ੍ਰਾਜੈਕਟਾਂ ਵਿੱਚ ਵਰਤੋਂ ਕੀਤੀ ਜਾਂਦੀ ਹੈ। ਇਸ ਲਈ ਸੂਬਾ ਸਰਕਾਰ ਵੱਲੋਂ ਪਰਾਲੀ ਨਾਲ ਸਬੰਧਿਤ ਸਨਅਤਾਂ ਨੂੰ ਪੰਜਾਬ ਵਿੱਚ ਆਉਣ ਦਾ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਗਿਆ ਹੈ। ਪੰਜਾਬ ਵਿੱਚ ਹਰ ਸਾਲ 5 ਕਰੋੜ ਟਨ ਤੋਂ ਵੱਧ ਪਰਾਲੀ ਪੈਦਾ ਹੁੰਦੀ ਹੈ। ਇਸ ਤਰ੍ਹਾਂ ਪੰਜਾਬ ਦੇ ਕਿਸਾਨਾਂ ਨੂੰ ਵੀ ਵਧੇਰੇ ਆਮਦਨ ਹੋਵੇਗੀ ਤੇ ਪਰਾਲੀ ਨੂੰ ਸਾੜਨ ਦੀਆਂ ਘਟਨਾਵਾਂ 'ਤੇ ਵੀ ਨੱਥ ਪਾਈ ਜਾ ਸਕੇਗੀ।

ਜੇ ਸੱਚਮੁੱਚ ਜਪਾਨ ਅਤੇ ਦੱਖਣੀ ਕੋਰੀਆ ਦੀਆਂ ਅਨੇਕਾਂ ਵੱਡੀਆਂ ਕੰਪਨੀਆਂ ਪੰਜਾਬ 'ਚ ਨਿਵੇਸ਼ ਕਰਦੀਆਂ ਹਨ ਤਾਂ ਇਸ ਨਾਲ ਪੰਜਾਬ ਨੂੰ ਵੱਡਾ ਵਿੱਤੀ ਫਾਇਦਾ ਹੋਵੇਗਾ ਅਤੇ ਪੰਜਾਬੀ ਨੌਜਵਾਨਾਂ ਨੂੰ ਰੁਜ਼ਗਾਰ ਵੀ ਮਿਲੇਗਾ, ਜਿਸ ਕਾਰਨ ਉਹਨਾਂ ਨੂੰ ਰੁਜ਼ਗਾਰ ਲਈ ਵਿਦੇਸ਼ ਜਾਣ ਦੀ ਲੋੜ ਨਹੀਂ ਪਵੇਗੀ। ਪੰਜਾਬ ਵਿੱਚ ਚੰਗਾ ਕੰਮ ਮਿਲਣ ਨਾਲ ਪੰਜਾਬੀ ਨੌਜਵਾਨ ਪੰਜਾਬ 'ਚ ਆਪਣੇ ਪਰਿਵਾਰਾਂ ਨਾਲ ਆਪਣੇ ਘਰਾਂ ਵਿੱਚ ਹੀ ਰਹਿਣਗੇ।

ਇਸ ਤੋਂ ਪਹਿਲਾਂ ਕੈਨੇਡਾ ਅਤੇ ਭਾਰਤ ਵਿਚਾਲੇ ਵਪਾਰਕ ਸਮਝੌਤਾ ਹੋਣ ਦੀਆਂ ਖ਼ਬਰਾਂ ਵੀ ਆਈਆਂ ਸਨ ਅਤੇ ਭਾਰਤ ਦੇ ਅਮਰੀਕਾ ਨਾਲ ਵਪਾਰਕ ਸਮਝੌਤੇ ਸਬੰਧੀ ਵੀ ਗੱਲਬਾਤ ਚੱਲ ਰਹੀ ਹੈ। ਇਸ ਦਾ ਵੀ ਹਾਂਪੱਖੀ ਵਿਸ਼ਲੇਸ਼ਣ ਕੀਤਾ ਜਾਣਾ ਚਾਹੀਦਾ ਹੈ। ਜੇ ਕੈਨੇਡਾ ਅਤੇ ਅਮਰੀਕਾ ਨਾਲ ਭਾਰਤ ਦੇ ਵਪਾਰਕ ਸਮਝੌਤੇ ਹੋ ਜਾਂਦੇ ਹਨ ਤਾਂ ਇਹਨਾਂ ਸਮਝੌਤਿਆਂ ਨਾਲ ਪੰਜਾਬ ਨੂੰ ਵੀ ਫਾਇਦਾ ਹੋਣ ਦੀ ਸੰਭਾਵਨਾ ਬਣ ਸਕਦੀ ਹੈ। ਪੰਜਾਬ ਦੇ ਜਲੰਧਰ ਸ਼ਹਿਰ ਵਿੱਚ ਖੇਡਾਂ ਅਤੇ ਚਮੜੇ ਦਾ ਬਹੁਤ ਸਮਾਨ ਬਣਦਾ ਹੈ। ਜਲੰਧਰ ਨੇੜੇ ਕਰਤਾਰਪੁਰ ਵਿੱਚ ਲੱਕੜ ਦਾ ਫਰਨੀਚਰ ਅਤੇ ਸ਼ੀਸ਼ੇ ਦਾ ਫਰਨੀਚਰ ਤੇ ਸ਼ੀਸ਼ੇ ਦਾ ਹੋਰ ਸਮਾਨ, ਲੁਧਿਆਣਾ ਸ਼ਹਿਰ ਵਿੱਚ ਕੱਪੜਾ, ਸਾਈਕਲ, ਆਟੋ ਸਪੇਅਰ ਪਾਰਟਸ ਅਤੇ ਹੋਰ ਕਈ ਤਰ੍ਹਾਂ ਦਾ ਸਮਾਨ ਬਣਦਾ ਹੈ। ਮੋਹਾਲੀ ਸ਼ਹਿਰ ਨੂੰ ਤਾਂ ਆਈ. ਟੀ. ਹੱਬ ਕਿਹਾ ਜਾਂਦਾ ਹੈ, ਜਿਥੇ ਕਿ ਅਨੇਕਾਂ ਕਿਸਮ ਦਾ ਸਮਾਨ ਬਣਦਾ ਹੈ। ਇਸ ਤੋਂ ਇਲਾਵਾ ਪੰਜਾਬ ਦੇ ਹੋਰਨਾਂ ਸ਼ਹਿਰਾਂ ਵਿੱਚ ਵੀ ਕਈ ਕਿਸਮ ਦਾ ਸਮਾਨ ਬਣਦਾ ਹੈ। ਜੇ ਕੈਨੇਡਾ ਅਤੇ ਅਮਰੀਕਾ ਨਾਲ ਭਾਰਤ ਦੇ ਵਪਾਰਕ ਸਮਝੌਤੇ ਹੋ ਜਾਂਦੇ ਹਨ ਤਾਂ ਇਹਨਾਂ ਸਮਝੌਤਿਆਂ ਤਹਿਤ ਪੰਜਾਬ ਦੇ ਵੱਖ- ਵੱਖ ਸ਼ਹਿਰਾਂ ਵਿੱਚ ਬਣਦਾ ਸਮਾਨ ਵੀ ਕੈਨੇਡਾ ਅਤੇ ਅਮਰੀਕਾ ਵਿੱਚ ਵੇਚਣ ਲਈ ਭੇਜਿਆ ਜਾ ਸਕਦਾ ਹੈ। ਭਾਵੇਂ ਕਿ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਪਹਿਲਾਂ ਹੀ ਵਿਦੇਸ਼ਾਂ ਨੂੰ ਸਮਾਨ ਭੇਜਿਆ ਜਾਂਦਾ ਹੈ ਪਰ ਇਸ ਸਮਝੌਤੇ ਤੋਂ ਬਾਅਦ ਕੈਨੇਡਾ ਅਤੇ ਅਮਰੀਕਾ ਨੂੰ ਭੇਜੇ ਜਾਣ ਵਾਲੇ ਸਮਾਨ ਦੀ ਮਾਤਰਾ ਵਿੱਚ ਵਾਧਾ ਹੋ ਸਕਦਾ ਹੈ। ਜਿਸ ਨਾਲ ਪੰਜਾਬ ਨੂੰ ਫਾਇਦਾ ਹੋ ਸਕਦਾ ਹੈ ਅਤੇ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਮਿਲ ਸਕਦਾ ਹੈ।







ਕੈਨੇਡਾ ਅਤੇ ਅਮਰੀਕਾ ਵਿੱਚ ਲੱਖਾਂ ਦੀ ਗਿਣਤੀ ਵਿੱਚ ਪੰਜਾਬੀਆਂ ਸਣੇ ਭਾਰਤੀ ਰਹਿੰਦੇ ਹਨ। ਅਕਸਰ ਉਹ ਪੰਜਾਬ ਸਮੇਤ ਭਾਰਤ ਵਿੱਚ ਬਣੇ ਕੱਪੜੇ ਅਤੇ ਹੋਰ ਸਮਾਨ ਨੂੰ ਖਰੀਦਣ ਨੂੰ ਤਰਜੀਹ ਦਿੰਦੇ ਹਨ। ਜੇ ਕੈਨੇਡਾ ਅਤੇ ਅਮਰੀਕਾ ਨਾਲ ਭਾਰਤ ਦੇ ਵਪਾਰਕ ਸਮਝੌਤੇ ਹੋ ਜਾਂਦੇ ਹਨ ਤਾਂ ਪੰਜਾਬ ਤੋਂ ਵੀ ਕਾਫ਼ੀ ਮਾਤਰਾ ਵਿੱਚ ਸਮਾਨ ਕੈਨੇਡਾ ਅਤੇ ਅਮਰੀਕਾ ਜਾਣ ਦੇ ਆਸਾਰ ਬਣ ਸਕਦੇ ਹਨ, ਜੋ ਕਿ ਉਥੇ ਰਹਿੰਦੇ ਪੰਜਾਬੀਆਂ ਅਤੇ ਭਾਰਤ ਦੇ ਹੋਰ ਰਾਜਾਂ ਦੇ ਲੋਕਾਂ ਦੀ ਪਹਿਲੀ ਪਸੰਦ ਬਣ ਸਕਦੇ ਹਨ।

ਜੇ ਜਪਾਨ ਅਤੇ ਦੱਖਣੀ ਕੋਰੀਆਂ ਦੀਆਂ ਵੱਡੀਆਂ ਕੰਪਨੀਆਂ ਪੰਜਾਬ ਵਿੱਚ ਵੱਡੇ ਉਦਯੋਗ ਲਗਾ ਲੈਣਗੀਆਂ ਤਾਂ ਪੰਜਾਬੀਆਂ ਨੂੰ ਵੱਡੇ ਪੱਧਰ 'ਤੇ ਰੁਜ਼ਗਾਰ ਮਿਲਣ ਦੀ ਸੰਭਾਵਨਾ ਹੈ। ਵਿਸ਼ਵ ਦੇ ਵੱਖ- ਵੱਖ ਮੁਲਕਾਂ ਵਿੱਚ ਰਹਿੰਦੇ ਪੰਜਾਬੀਆਂ ਨੂੰ ਵੀ ਪੰਜਾਬ ਵਿੱਚ ਨਿਵੇਸ਼ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵਿਦੇਸ਼ੀ ਕੰਪਨੀਆਂ ਅਤੇ ਐਨ.ਆਰ.ਆਈ.ਪੰਜਾਬੀਆਂ ਨੂੰ ਪੰਜਾਬ 'ਚ ਨਿਵੇਸ਼ ਕਰਨ ਲਈ ਢੁਕਵਾਂ ਮਾਹੌਲ ਮੁਹੱਈਆ ਕਰਵਾਏ ਤਾਂ ਕਿ ਉਹਨਾਂ ਨੂੰ ਪੰਜਾਬ ਵਿੱਚ ਕਿਸੇ ਕਿਸਮ ਦੀ ਸਮੱਸਿਆ ਨਾ ਆ ਸਕੇ।





TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਅੰਕ

# ਗੌਰਵਮਈ ਵਿਰਸਾ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ

ਦਲਬੀਰ ਸਿੰਘ ਧਾਲੀਵਾਲ

ਦੁਨੀਆ ਦੇ ਇਤਿਹਾਸਾਂ ਵਿੱਚ ਜਿੰਨੇ ਵੀ ਯੁੱਧ ਲੜੇ ਗਏ ਉਹ ਸਭ ਜ਼ਰ, ਜ਼ੋਰੂ ਜਾਂ ਜ਼ਮੀਨ ਖ਼ਾਤਰ ਜਾਂ ਆਪਣੇ ਨਿੱਜੀ ਫ਼ਾਇਦੇ ਖ਼ਾਤਰ ਹੀ ਲੜੇ ਗਏ ਪ੍ਰੰਤੂ ਸਿੱਖ ਇਤਿਹਾਸ ਹੀ ਇਕ ਅਜਿਹਾ ਸ਼ਹੀਦਾਂ ਦੇ ਖ਼ੂਨ ਨਾਲ ਰੰਗਿਆ ਹੋਇਆ ਇਤਿਹਾਸ ਹੈ। ਜਿੱਥੇ ਸਾਰੇ ਹੀ ਯੁੱਧ ਅਤੇ ਸ਼ਹਾਦਤਾਂ ਸਮੁੱਚੀ ਮਨੁੱਖਤਾ ਦੇ ਭਲੇ ਲਈ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ ਅਤੇ ਗ਼ਰੀਬ ਮਜ਼ਲੂਮਾਂ ਉੱਤੇ ਹੁੰਦੇ ਜ਼ੁਲਮਾਂ ਵਿਰੁੱਧ ਲੜੇ ਗਏ ਪ੍ਰੰਤੂ ਵਿਸ਼ੇਸ਼ਕਰ ਦਸੰਬਰ ਮਹੀਨੇ ਵਿਚ ਹੋਈਆਂ ਮਾਸੂਮ ਅਤੇ ਗੌਰਵਮਈ ਸ਼ਹਾਦਤਾਂ ਦੀ ਗਾਥਾ ਇੰਨੀ ਵੈਰਾਗਮਈ ਹੈ ਕਿ ਦੁਨੀਆ ਦਾ ਹਰ ਜਾਗਦੀ ਜਮੀਰ ਵਾਲਾ ਇਨਸਾਨ ਇਹ ਗਾਥਾ ਸੁਣ ਕੇ ਅੱਜ ਸ਼ਰਧਾ ਨਾਲ ਸੀਸ ਝੁਕਾਉਂਦਾ ਹੈ। ਦਸੰਬਰ ਮਹੀਨੇ ਦੀਆਂ ਇਨ੍ਹਾਂ ਸ਼ਹਾਦਤਾਂ ਦੀ ਗੌਰਵਮਈ ਗਾਥਾ ਜੋ 19-20 ਦਸੰਬਰ 1704 ਤੋਂ ਸ਼ੁਰੂ ਹੁੰਦੀ ਹੈ, ਦਾ ਜ਼ਿਕਰ ਬਹੁਤ ਹੀ ਦੁਖਦਾਈ ਹੈ।

ਇਤਿਹਾਸਕਾਰ ਲਿਖਦੇ ਹਨ ਕਿ 15 ਮਈ ਤੋਂ ਲੈ ਕੇ 18 ਦਸੰਬਰ 1704 ਈ. ਤਕ 10 ਲੱਖ ਮੁਗ਼ਲ ਫ਼ੌਜਾਂ ਦਾ ਘੇਰਾ ਅਨੰਦਗੜ੍ਹ ਕਿਲ੍ਹੇ ਨੂੰ ਪਿਆ ਰਿਹਾ। ਅੰਦਰ ਬੈਠੇ ਸੂਰਮੇ ਸਿੰਘ ਭੁੱਖ ਭਾਣੇ ਜਾਨਾਂ ਤੋੜ ਕੇ ਲੜੇ ਪਰ ਦੁਸ਼ਮਣ ਨੂੰ ਕਿਲ੍ਹੇ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ। ਆਖ਼ਰ ਦੁਸ਼ਮਣ ਹਾਕਮਾਂ ਵੱਲੋਂ ਕਸਮਾਂ ਖਾਣ ਤੇ ਗੁਰੂ ਜੀ ਨੇ ਆਪਣੇ ਪਰਿਵਾਰ ਅਤੇ ਬਾਕੀ ਸਿੱਖਾਂ ਸਮੇਤ 19-20 ਦਸੰਬਰ 1704 ਦੀ ਰਾਤ ਨੂੰ ਅਨੰਦਗੜ੍ਹ ਕਿਲ੍ਹਾ ਛੱਡਣ ਉਪਰੰਤ ਰੋਪੜ ਵੱਲ ਚਾਲੇ ਪਾ ਦਿੱਤੇ ਪਰ ਦੁਸ਼ਮਣ ਕਸਮਾਂ ਤੋੜ ਕੇ ਪਿੱਛੋਂ ਹਮਲਾਵਰ ਹੋ ਗਏ। ਰਸਤੇ ਵਿੱਚ ਪੈਂਦੀ ਹੜ੍ਹ ਨਾਲ ਨੱਕੋ ਨੱਕ ਭਰੀ ਸਰਸਾ ਨਦੀ ਦੇ ਕੰਢੇ ਉੱਤੇ 20 ਦਸੰਬਰ 1704 ਦੀ ਰਾਤ ਨੂੰ ਘਮਸਾਨ ਦੇ ਹੋਏ ਯੁੱਧ ਵਿੱਚ ਕਈ ਸਿੰਘ ਲੜਦੇ ਹੋਏ ਸ਼ਹੀਦ ਹੋ ਗਏ। ਬਹੁਤ ਸਾਰੇ ਔਰਤਾਂ ਬੱਚੇ ਤੇ ਗੁਰੂ ਜੀ ਵੱਲੋਂ



ਰਚਿਤ ਕਈ ਗ੍ਰੰਥ ਵੀ ਹੜ੍ਹ ਵਿੱਚ ਰੁੜ੍ਹ ਗਏ ਅਤੇ ਇੱਥੇ ਹੀ ਗੁਰੂ ਜੀ ਦਾ ਪਰਿਵਾਰ ਵਿਛੜ ਕੇ ਖੇਰੂੰ ਖੇਰੂੰ ਹੋ ਗਿਆ ਸੀ।

ਗੁਰੂ ਜੀ 40 ਸਿੰਘਾਂ ਸਮੇਤ 21 ਦਸੰਬਰ ਦੀ ਸ਼ਾਮ ਨੂੰ ਚਮਕੌਰ ਸਾਹਿਬ ਪੁੱਜ ਗਏ ਅਤੇ ਇੱਥੇ ਇੱਕ ਕੱਚੀ ਹਵੇਲੀ ਜੋ ਇਤਿਹਾਸ ਵਿੱਚ ਚਮਕੌਰ ਦੀ ਗੜ੍ਹੀ ਵਜੋਂ ਜਾਣੀ ਜਾਂਦੀ ਹੈ ਇੱਥੇ ਮੋਰਚੇ ਸੰਭਾਲ ਲਏ। ਜਿੱਥੇ 22 ਦਸੰਬਰ ਦੀ ਸਵੇਰ ਨੂੰ 40 ਸਿੰਘਾਂ ਅਤੇ 10 ਲੱਖ ਮੁਗ਼ਲ ਫ਼ੌਜਾਂ ਵਿਚ ਸੰਸਾਰ ਦਾ ਅਨੋਖਾ ਯੁੱਧ ਹੋਇਆ ਜਿਸ ਵਿਚ ਹੋਰ ਸਿੰਘਾਂ ਦੇ ਨਾਲ ਦੋ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ 18 ਸਾਲ ਅਤੇ ਜੁਝਾਰ ਸਿੰਘ 14 ਸਾਲ ਜੰਗ ਵਿੱਚ ਜੂਝਦੇ ਸ਼ਹੀਦ ਹੋ ਗਏ। ਚਮਕੌਰ ਗੜ੍ਹੀ ਦੀ ਨਾਜ਼ੁਕ ਸਥਿਤੀ ਨੂੰ ਵੇਖ ਕੇ ਪੰਜ ਸਿੰਘਾਂ ਵੱਲੋਂ ਸਿੱਖੀ ਦੇ ਭਵਿੱਖ ਲਈ ਦਿੱਤੇ ਆਦੇਸ਼ ਅਨੁਸਾਰ ਗੁਰੂ ਜੀ 22 ਦਸੰਬਰ ਦੀ ਰਾਤ ਨੂੰ 3 ਸਿੰਘਾਂ ਸਮੇਤ ਗੜ੍ਹੀ ਛੱਡ ਕੇ ਮਾਛੀਵਾੜੇ ਵੱਲ ਚਲੇ ਗਏ ਸਨ।

### ਸਿੱਖਾਂ ਦੀ 'ਕਰਬਲਾ' ਸਾਕਾ ਸਰਹਿੰਦ


ਸਾਕਾ ਚਮਕੌਰ ਸਾਹਿਬ ਤੋਂ ਕੁਝ ਦਿਨ ਬਾਅਦ ਸਾਕਾ ਸਰਹੰਦ ਦੀ ਅਤਿ ਦਰਦਨਾਕ ਅਤੇ ਦਿਲ ਕੰਬਾਊ ਘਟਨਾ ਵਾਪਰੀ ਗਈ। ਇਹ ਗਾਥਾ ਸੁਣ ਕੇ ਹਰ ਇਨਸਾਨ ਦੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ ਕਿ ਕਿਵੇਂ ਸਰਸਾ ਨਦੀ 'ਤੇ ਰਾਤ ਨੂੰ ਵਿਛੜੇ ਦਾਦੀ ਮਾਤਾ ਤੇ ਛੋਟੇ ਸਾਹਿਬਜ਼ਾਦੇ ਨਦੀ ਦੇ ਨਾਲ ਨਾਲ ਜਾ ਰਹੇ ਸਨ। ਦਸੰਬਰ (ਪੋਹ) ਮਹੀਨੇ ਦੀ ਅਤਿ ਠੰਢੀ, ਕਿਣਮਿਣ ਕਰਦੀ ਕਾਲੀ ਬੋਲ਼ੀ ਰਾਤ ਸੀ, ਉਨ੍ਹਾਂ ਦੇ ਬਸਤਰ ਵੀ ਭਿੱਜ ਚੁੱਕੇ ਸਨ। ਦਾਦੀ ਮਾਂ ਛੋਟੇ ਲਾਲਾਂ ਜ਼ੋਰਾਵਰ ਸਿੰਘ 9 ਸਾਲ, ਫ਼ਤਹਿ ਸਿੰਘ 7 ਸਾਲ, ਮਾਸੂਮ ਉਮਰ ਪਰ ਉੱਚੇ ਹੌਸਲੇ ਵਾਲੀਆਂ ਇਹ ਜਿੰਦਾਂ ਨੂੰ ਦੋਵੇਂ ਪਾਸੇ ਆਪਣੇ ਨਾਲ ਲਾ ਕੇ ਉਂਗਲਾਂ ਫੜ ਕੇ ਲਈ ਜਾ ਰਹੀ ਸੀ। ਕਿਤੇ ਜੇ ਪਾਣੀ ਆ ਜਾਂਦਾ ਤਾਂ ਦਾਦੀ ਚੁੱਕ ਵੀ ਲੈਂਦੀ ਸੀ, ਇਹ ਸੀਨ ਬੜਾ ਦਰਦਨਾਕ ਸੀ। ਜ਼ਰਾ ਕਲਪਨਾ ਕਰੀਏ ਉਸ ਅਵਸਥਾ ਦੀ ਜੋ ਦਾਦੀ ਮਾਂ ਨੂੰ ਆਪਣੇ ਇਨ੍ਹਾਂ ਪਿਆਰੇ ਪੋਤਿਆਂ ਨਾਲ ਬਿਤਾਉਣੀ ਪਈ ਤੇ ਵਾਹਿਗੁਰ ਦਾ ਭਾਣਾ ਮਿਠਾ ਕਰ ਕੇ ਮੰਨਿਆ ਪਰ ਹਾਰ ਨਹੀਂ ਕਬੂਲੀ। ਛੋਟੇ ਸਾਹਿਬਜ਼ਾਦੇ ਤੇ ਦਾਦੀ ਮਾਂ ਦੀਆਂ ਸ਼ਹਾਦਤਾਂ ਦੇ ਇਸ ਦੁਖਦਾਈ ਪੰਨੇ ਨੂੰ ਜਦੋਂ ਹੋਰ ਅੱਗੇ ਫਰੋਲਿਆਂ ਪਤਾ ਲੱਗਦਾ ਹੈ ਕਿ ਅਸਲ ਵਿਚ ਇਸ ਸਭ ਦੇ ਮੁੱਖ ਗੁਨਾਹਗਾਰ ਗੰਗੂ ਤੇ ਸੁੱਚਾ ਨੰਦ ਹੀ ਸਨ। ਅਚੰਭਾ ਤਾਂ ਇਹ ਹੈ ਕਿ ਜਿਨ੍ਹਾਂ ਲੋਕਾਂ ਦੇ ਤਿਲਕ ਜੰਜੂ ਦੀ ਖ਼ਾਤਰ ਇਨ੍ਹਾਂ ਲਾਲਾਂ ਦੇ ਦਾਦਾ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਬਲੀਦਾਨ ਦਿੱਤਾ ਸੀ ਉਨ੍ਹਾਂ ਵਿੱਚੋਂ ਹੀ ਇੱਕ ਗੰਗੂ ਰਸੋਈਏ ਨੇ ਇਨ੍ਹਾਂ ਨੂੰ ਘਰ ਰਾਤ ਰੱਖ ਕੇ ਧੋਖੇ ਨਾਲ ਗ੍ਰਿਫ਼ਤਾਰ ਕਰਵਾਇਆ ਅਤੇ ਉਨ੍ਹਾਂ ਲੋਕਾਂ 'ਚੋ ਹੀ ਇੱਕ ਸੁੱਚਾ ਨੰਦ ਨੇ ਗੁਰੂ ਜੀ ਦੇ ਲਾਲਾਂ ਨੂੰ ਸੱਪ ਦੇ ਬੱਚੇ ਕਹਿ ਕੇ ਖ਼ਤਮ ਕਰ ਦੇਣ ਦੀ ਚੁੱਕਣਾ ਸੂਬਾ ਸਰਹਿੰਦ ਨੂੰ ਦਿੱਤੀ ਸੀ। ਵੇਖੋ, ਧੰਨ ਹੈ ਦਾਦੀ ਮਾਤਾ ਜਿਸ ਨੇ ਬੱਚਿਆਂ ਨੂੰ ਅਜਿਹੀ ਪ੍ਰੇਰਣਾ ਤੇ ਅਡੋਲ ਦ੍ਰਿੜਤਾ ਦਾ ਪਾਠ ਪੜ੍ਹਾਇਆ ਕਿ ਉਹ ਠੰਢੇ ਬੁਰਜ ਦੀ ਕੈਦ ਵੇਲੇ ਕਸ਼ਟ ਵਿੱਚ ਰਹਿ ਕੇ ਵੀ 25-26-27 ਦਸੰਬਰ ਨੂੰ ਵਜ਼ੀਰ ਖਾਂ ਦੀ ਕਚਹਿਰੀ ਵਿੱਚ ਅਨੇਕਾਂ ਡਰਾਂ, ਲਾਲਚਾਂ ਤੋਂ ਬਿਲਕੁਲ ਨਾ ਡੋਲੇ ਅਤੇ ਆਖ਼ਰ 27 ਦਸੰਬਰ ਨੂੰ ਹਕੂਮਤ ਵੱਲੋਂ ਕੰਧਾਂ ਵਿੱਚ ਚਿਣਵਾ ਕੇ ਦਿੱਤੀ ਗਈ ਸ਼ਹੀਦੀ ਨੂੰ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਹੋਏ ਪਰਵਾਨ ਕੀਤਾ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਉਪਰੰਤ ਮਾਤਾ ਗੁਜਰੀ ਜੀ ਵੀ ਸਵਾਸ ਤਿਆਗ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ।

ਇੱਕ ਲਿਖਾਰੀ ਭਾਈ ਦੁਨਾ ਸਿੰਘ ਹਡੂਰੀਆ ਨੇ ਆਪਣੀ ਪੁਸਤਕ 'ਕਥਾ ਗੁਰੂ ਜੀ ਕੇ ਸੁਤਨ ਕੀ' ਵਿੱਚ ਲਿਖਿਆ ਹੈ 'ਰਜ ਕੋ ਪਾਇ ਪੀਪਲਹ ਬਾਂਧੇ, ਦੁਸ਼ਟ ਗੁਲੇਲੇ ਤੀਰ ਸੁ ਸਾਂਧੇ' ਭਾਵ ਕਿ ਜ਼ਾਲਮਾਂ ਨੇ ਸ਼ਹਾਦਤ ਤੋਂ ਪਹਿਲਾਂ ਇਨ੍ਹਾਂ ਮਾਸੂਮ ਬੱਚਿਆਂ ਨੂੰ ਪਿੱਪਲ ਨਾਲ ਬੰਨ੍ਹ ਕੇ ਉਨ੍ਹਾਂ ਦੀਆਂ ਅੱਖਾਂ ਵਿਚ ਗੁਲੇਲੇ ਮਾਰੇ ਸਨ ਅਤੇ ਉਨ੍ਹਾਂ ਨੂੰ ਚਾਬਕ ਅਤੇ ਕੋਰੜੇ ਵੀ ਮਾਰੇ ਸਨ। ਇੱਕ ਇਤਿਹਾਸਕਾਰ ਨੇ ਆਪਣੀ ਲਿਖਤ 'ਗੁਰਪ੍ਰਣਾਲੀ ਗੁਲਾਬ ਸਿੰਘ' ਵਿੱਚ ਲਿਖਿਆ ਹੈ ਕਿ 'ਸਵਾ ਪਹਰ ਦਿਨ ਚੜ੍ਹੇ ਕਾਮ ਭਯੋ ਹੈ' ਭਾਵ ਸਵਾ ਪਹਿਰ ਦਿਨ ਚੜ੍ਹੇ ਸਾਹਿਬਜ਼ਾਦਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ।

ਇਸ ਸ਼ਹੀਦੀ ਸਥਾਨ ਉਪਰ ਅੱਜ ਗੁਰਦੁਆਰਾ ਸਾਹਿਬ ਜੋਤੀ ਸਰੂਪ ਸੁਸ਼ੋਭਤ ਹੈ ਜਿੱਥੇ ਲੱਖਾਂ ਹੀ ਸੰਗਤਾਂ ਸ਼ਹੀਦੀ ਦਿਨਾਂ ਵਿੱਚ ਸੀਸ ਝੁਕਾ ਦੇ ਸ਼ਰਧਾ ਦੇ ਫੁੱਲ ਭੇਟ ਕਰਦੀਆਂ ਹਨ ਪਰ ਦੂਜੇ ਪਾਸੇ ਗੰਗੂ ਅਤੇ ਸੁੱਚਾ ਨੰਦ ਜਿਹੇ ਵਿਸ਼ਵਾਸਘਾਤੀਆਂ ਦੇ ਕਿਤੇ ਨਾਮੋ ਨਿਸ਼ਾਨ ਹੀ ਨਹੀਂ ਲੱਭਦੇ। ਇੱਥੇ ਹੀ ਧੰਨ ਹਨ ਉਹ ਸੱਚੇ ਤੇ ਗੁਰੂ ਹਮਦਰਦੀ ਵਿੱਚ ਰੰਗੇ ਇਨਸਾਨ ਬਾਬਾ ਮੋਤੀ ਰਾਮ ਮਹਿਰਾ ਅਤੇ ਦੀਵਾਨ ਟੋਡਰ ਮਲ ਜਿਨ੍ਹਾਂ ਨੇ ਮੁਗ਼ਲ ਸਲਤਨਤ ਦੇ ਨੌਕਰ ਹੁੰਦੇ ਹੋਏ ਵੀ ਆਪਣੀਆਂ ਜਾਨਾਂ ਖ਼ਤਰੇ ਵਿੱਚ ਪਾ ਕੇ ਮਾਤਾ ਗੁਜਰੀ ਅਤੇ ਇਨ੍ਹਾਂ ਲਾਲਾਂ ਦੀ ਸੇਵਾ ਕੀਤੀ। ਬਾਬਾ ਮੋਤੀ ਰਾਮ ਮਹਿਰਾ ਮਾਤਾ ਅਤੇ ਬੱਚਿਆਂ ਨੂੰ ਠੰਡੇ ਬੁਰਜ ਵਿੱਚ ਚੋਰੀ ਦੁੱਧ ਪਿਲਾਉਂਦੇ ਰਹੇ ਜਿਸਦੀ ਸਜ਼ਾ ਵਜੋਂ ਹਕੂਮਤ ਨੇ ਉਨ੍ਹਾਂ ਨੂੰ ਪਰਿਵਾਰ ਸਮੇਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ, ਉਨ੍ਹਾਂ ਦੀ ਯਾਦਗਾਰ ਵਜੋਂ ਇੱਥੇ ਗੁਰਦੁਆਰਾ ਬਣਿਆ ਹੋਇਆ ਹੈ ਜਿੱਥੇ ਸੰਗਤਾਂ ਨਤਮਸਤਕ ਹੁੰਦੀਆਂ ਹਨ। ਇਵੇਂ ਹੀ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਉਪਰੰਤ ਕੋਈ ਵੀ ਪਰਿਵਾਰ ਉਨ੍ਹਾਂ ਦੀ ਅੰਤਿਮ ਸਸਕਾਰ ਕਰਨ ਦੀ ਹਿੰਮਤ ਹਕੂਮਤ ਦੇ ਡਰੋਂ ਨਹੀਂ ਕਰ ਰਿਹਾ ਸੀ ਪਰ ਦੀਵਾਨ ਟੋਡਰ ਮਲ ਨੇ ਸੰਸਕਾਰ ਲਈ ਜ਼ਮੀਨ ਸੋਨੇ ਦੀਆਂ ਮੋਹਰਾਂ ਵਿਛਾ ਕੇ ਸਭ ਤੋਂ ਮਹਿੰਗੇ ਮੁੱਲ ਖ਼ਰੀਦੀ ਸੀ ਅਤੇ ਪਰਿਵਾਰ ਨੂੰ ਨਾਲ ਲੈ ਕੇ ਇਨ੍ਹਾਂ ਸ਼ਹੀਦਾਂ ਦਾ ਸਸਕਾਰ ਕੀਤਾ ਸੀ। ਉਸਦੀ ਯਾਦ ਵਿੱਚ ਵੀ ਅੱਜ 'ਦੀਵਾਨ ਟੋਡਰ ਮਲ ਹਾਲ' ਬਣਿਆ ਹੋਇਆ ਹੈ ਜੋ ਉਸਦੀ ਸੇਵਾ ਸ਼ਰਧਾ ਦੀ ਯਾਦ ਤਾਜ਼ਾ ਕਰਦਾ ਹੈ ਅਤੇ ਹਰ ਇਨਸਾਨ ਨੂੰ ਇੱਕ ਸਿੱਖਿਆ ਵੀ ਦਿੰਦਾ ਹੈ। ਇਸੇ ਤਰ੍ਹਾਂ ਇੱਕ ਹੋਰ ਸੱਚੇ ਮੁਸਲਮਾਨ ਨਵਾਬ ਮਲੇਰਕੋਟਲਾ ਸ਼ੇਰ ਖਾਂ ਦਾ ਜ਼ਿਕਰ ਕਰਨਾ ਵੀ ਅਤਿ ਫ਼ਖਰਯੋਗ ਹੈ ਜਿਸ ਨੇ ਇਨ੍ਹਾਂ ਛੋਟੇ ਲਾਲਾਂ ਨੂੰ ਕੰਧਾਂ ਵਿੱਚ ਚਿਣੇ ਜਾਣ ਦਾ ਵਿਰੋਧ ਕਰਦੇ ਹੋਏ ਵਜ਼ੀਰ ਖਾਂ ਨਾਲ ਇਸ ਗੱਲੋਂ ਬਹਿਸ ਵੀ ਕੀਤੀ ਸੀ ਕਿ ਸਾਡਾ ਕੁਰਾਨ ਸ਼ਰੀਫ ਗ੍ਰੰਥ ਨਿਹੱਥੇ ਔਰਤਾਂ ਅਤੇ ਬੱਚਿਆਂ ਉੱਪਰ ਅਜਿਹਾ ਜ਼ੁਲਮ ਕਰਨ ਦੀ ਆਗਿਆ ਨਹੀਂ ਦਿੰਦਾ। ਇਸ ਰੋਸ ਵਜੋਂ ਉਹ ਉਠ ਕੇ ਚਲੇ ਗਏ ਸਨ। ਵੇਖਿਆ ਜਾਵੇ ਤਾਂ ਅੱਜ ਇਨ੍ਹਾਂ

# ਚਾਰ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨਾਲ ਸਬੰਧਿਤ ਇਤਿਹਾਸਕ ਸਥਾਨ





ਸਿੱਖ ਇਤਿਹਾਸ ਵਿੱਚ ਪੋਹ ਦਾ ਮਹੀਨਾ (ਦਸੰਬਰ ਅੱਧ ਤੋਂ ਸ਼ੁਰੂ) ਬੇਹੱਦ ਉਦਾਸੀਨਤਾ ਭਰਿਆ ਹੁੰਦਾ ਹੈ। ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦਾ ਵਿਛੋੜਾ, ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ, ਇਸੇ ਮਹੀਨੇ ਹੀ ਇਹ ਸਭ ਦੁਖਾਂਤ ਵਾਪਰੇ ਸਨ। ਫ਼ਤਹਿਗੜ੍ਹ ਸਾਹਿਬ ਦੇ ਠੰਡੇ ਬੁਰਜ ਵਿੱਚ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਨੂੰ ਕੈਦ ਕਰ ਦਿੱਤਾ ਗਿਆ। ਫ਼ਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਨੂੰ ਸਿੱਖਾਂ ਦਾ ਕਰਬਲਾ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਥਾਂ 'ਤੇ ਹੀ ਦੁਨੀਆਂ ਦਾ ਇੱਕ ਅਜੀਬ ਸਾਕਾ ਵਾਪਰਿਆ। ਇੱਕ ਪਾਸੇ ਮੁਗਲ ਹਕੂਮਤ ਤੇ ਦੂਜੇ ਪਾਸੇ 7 ਤੇ 9 ਸਾਲ ਦੀ ਉਮਰ ਦੇ ਛੋਟੇ-ਛੋਟੇ ਬੱਚੇ। ਭੋਰਾ ਸਾਹਿਬ, ਇਹ ਉਹ ਇਤਿਹਾਸਕ ਅਸਥਾਨ ਹੈ ਜਿੱਥੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਦੀਵਾਰ ਵਿੱਚ ਚਿਣਵਾ ਦਿੱਤਾ ਗਿਆ ਸੀ। ਗੁਰਦੁਆਰਾ ਬਿਬਾਨਗੜ੍ਹ ਸਾਹਿਬ, ਜਿੱਥੇ ਮਾਤਾ ਗੁਜਰੀ ਜੀ ਨੂੰ ਭਾਈ ਮੋਤੀ ਰਾਮ ਮਹਿਰਾ ਨੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦੀ ਪੂਰੀ ਗਾਥਾ ਸੁਣਾਈ ਅਤੇ ਇਸੇ ਥਾਂ 'ਤੇ ਹੀ ਮਾਤਾ ਗੁਜਰੀ ਜੀ ਨੇ ਆਪਣੇ ਸਵਾਸ ਤਿਆਗੇ।

ਗੁਰਦੁਆਰਾ ਸ੍ਰੀ ਜੋਤੀ ਸਰੂਪ ਫ਼ਤਹਿਗੜ੍ਹ ਸਾਹਿਬ, ਜਿਸ ਨੂੰ ਦੁਨੀਆਂ ਦੀ ਸਭ ਤੋਂ ਮਹਿੰਗੀ ਧਰਤੀ ਵੀ ਕਿਹਾ ਜਾਂਦਾ ਹੈ। ਇੱਥੇ ਹੀ ਦੋਵਾਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਅੰਤਮ ਸਸਕਾਰ ਕੀਤਾ ਗਿਆ।

ਫ਼ਤਹਿਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨਾਲ ਸਬੰਧਿਤ ਕਈ ਇਤਿਹਾਸਕ ਗੁਰਧਾਮ ਬਣੇ ਹੋਏ ਹਨ। ਜਿੱਥੇ ਵੱਡੀ ਗਿਣਤੀ ਵਿੱਚ ਲੋਕ ਸਿਜਦਾ ਕਰਨ ਆਉਂਦੇ ਹਨ। ਗੁਰਦੁਆਰਾ ਕਤਲਗੜ੍ਹ ਸਾਹਿਬ, ਚਮਕੌਰ ਸਾਹਿਬ ਉਹ ਇਤਿਹਾਸਕ ਸਥਾਨ ਹੈ, ਜਿੱਥੇ ਗੁਰੂ ਸਾਹਿਬ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਮੁਗ਼ਲਾਂ ਨਾਲ ਲੜਦੇ ਹੋਏ ਜੰਗ-ਏ-ਮੈਦਾਨ ਵਿੱਚ ਸ਼ਹੀਦ ਹੋਏ ਸਨ। ਇਸ ਦੇ ਨਾਲ ਹੀ ਪੰਜਾਂ ਪਿਆਰਿਆਂ ਵਿਚੋਂ ਤਿੰਨ ਪਿਆਰੇ ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਵੀ ਸ਼ਹੀਦ ਹੋਏ ਸਨ। ਅੱਜ ਇੱਥੇ ਗੁਰੂ ਗ੍ਰੰਥ ਸਾਹਿਬ ਜੀ ਪਾਲਕੀ ਸਾਹਿਬ ਸੁਸ਼ੋਭਿਤ ਹਨ। ਵੱਡੇ ਸਾਹਿਬਜ਼ਾਦਿਆਂ ਅਤੇ 27 ਸਿੰਘਾਂ ਦੀ ਸ਼ਹੀਦੀ ਤੋਂ ਬਾਅਦ ਗੁਰੂ ਜੀ ਨੇ ਚਮਕੌਰ ਦੀ ਗੜ੍ਹੀ ਛੱਡ ਕੇ ਮਾਛੀਵਾੜੇ ਜਾਣ ਤੋਂ ਪਹਿਲਾਂ ਇਸੇ ਇਤਿਹਾਸਕ ਬੁਰਜ 'ਤੇ ਬਾਬਾ ਜੀਵਨ ਸਿੰਘ ਨੂੰ ਆਪਣੀ ਕਲਗੀ ਤੇ ਸ਼ਸਤਰ-ਬਸਤਰ ਸੌਂਪ ਕੇ ਬਿਠਾਇਆ ਸੀ। ਗੁਰਦੁਆਰਾ ਚਮਕੌਰ ਸਾਹਿਬ ਵਿਖੇ ਇਸ ਪਵਿੱਤਰ ਖੂਹੀ ਤੋਂ ਗੁਰੂ ਗੋਬਿੰਦ ਸਿੰਘ ਜੀ ਅਤੇ ਵੱਡੇ ਸਾਹਿਬਜ਼ਾਦਿਆਂ ਨੇ ਜਲ ਛਕਿਆ ਸੀ।

ਗੁਰਦੁਆਰਾ ਕੋਤਵਾਲੀ ਸਾਹਿਬ ਜਿੱਥੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਗੰਗੂ ਦੇ ਪਿੰਡ ਸਹੇੜੀ ਤੋਂ ਗ੍ਰਿਫ਼ਤਾਰ ਕਰਕੇ ਥਾਣਾ ਕੋਤਵਾਲੀ ਮੋਰਿੰਡਾ ਵਿਖੇ ਕੈਦ ਕੀਤਾ ਗਿਆ ਸੀ। ਇਹ ਉਹੀ ਇਤਿਹਾਸਕ ਸਥਾਨ ਹੈ ਜਿੱਥੇ ਬਿਰਧ ਮਾਤਾ ਆਪਣੇ ਛੋਟੇ ਪੋਤਿਆਂ ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਨਾਲ ਕੈਦ ਵਿੱਚ ਰਹੇ ਸਨ। ਇਸ ਪੁਰਾਤਨ ਇਮਾਰਤ ਦੀ ਦਿੱਖ ਨੂੰ ਉਸੇ ਤਰ੍ਹਾਂ ਕਾਇਮ ਰੱਖਿਆ ਗਿਆ।

# ਅਸਾਵੀਂ ਜੰਗ ਦੀ ਇਤਿਹਾਸਕ ਦਾਸਤਾਨ ਸਾਕਾ ਚਮਕੌਰ ਸਾਹਿਬ

**ਹਰਜਿੰਦਰ ਸਿੰਘ ਧਾਮੀ ਐਡਵੋਕੇਟ**

'ਸ਼ਹਾਦਤ' ਸ਼ਬਦ ਨੂੰ ਜੋ ਜੀਵਤ ਅਰਥ ਸਿੱਖ ਧਰਮ ਅੰਦਰ ਮਿਲੇ ਹਨ, ਉਹ ਕਿਸੇ ਹੋਰ ਦੇ ਹਿੱਸੇ ਨਹੀਂ ਆਏ। ਹੱਕ-ਸੱਚ, ਨਿਆਂ, ਸਵੈ-ਮਾਣ ਅਤੇ ਮਨੁੱਖੀ ਹੱਕਾਂ ਦੀ ਰਖਵਾਲੀ ਲਈ ਸਿੱਖ ਕੌਮ ਦੀਆਂ ਕੁਰਬਾਨੀਆਂ ਦੁਨੀਆ ਦੇ ਧਾਰਮਿਕ ਇਤਿਹਾਸ ਦਾ ਮਾਣ ਹਨ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਗੁਰਦੇਵ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਸ਼ਹਾਦਤਾਂ ਤੋਂ ਬਾਅਦ ਸਿੱਖ ਕੌਮ ਵੱਲੋਂ ਕੁਰਬਾਨੀਆਂ ਦੀ ਇੱਕ ਲੰਮੀ ਲੜੀ ਮਨੁੱਖੀ ਹੱਕਾਂ ਲਈ ਸੰਘਰਸ਼ ਦੀ ਉਹ ਦਾਸਤਾਨ ਹੈ, ਜਿਸ ਦਾ ਹਰ ਅੱਖਰ ਸੁਨਹਿਰੀ ਹੈ।

ਸਿੱਖੀ ਅੰਦਰ ਸ਼ਹਾਦਤ ਜਾਂ ਕੁਰਬਾਨੀ ਦਾ ਮੁੱਢ ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੰਨ੍ਹਿਆ। ਆਪ ਜੀ ਨੇ ਆਪਣੀ ਪਾਵਨ ਬਾਣੀ ਅੰਦਰ 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥' ਅਤੇ ਇਸ ਦੇ ਅਮਲ ਨੂੰ 'ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥' ਦੇ ਉਪਦੇਸ਼ ਰਾਹੀਂ ਦਰਸਾਇਆ। ਸਿੱਖੀ ਅੰਦਰ ਸ਼ਹਾਦਤ ਦੇ ਸ਼ਾਬਦਕ ਅਰਥਾਂ ਗਵਾਹੀ ਜਾਂ ਸ਼ਾਹਦੀ ਤੋਂ ਅੱਗੇ ਜਾਈਏ ਤਾਂ ਇਹ ਆਪਣੇ ਆਪ ਵਿੱਚ ਇੱਕ ਸਮਰਪਣ ਵੀ ਹੈ। ਉਹ ਸਮਰਪਣ ਜਿਹੜਾ ਆਪਣੇ ਪਰਮ ਪਿਆਰੇ ਪਰਮਾਤਮਾ, ਗੁਰੂ, ਧਾਰਮਿਕ ਆਸਥਾ ਜਾਂ ਸੰਗਤ ਦੇ ਪਿਆਰ ਵਿੱਚ ਰੰਗਿਆ ਹੋਇਆ ਹੈ।

ਉਂਝ ਤਾਂ ਸਾਰਾ ਸਿੱਖ ਇਤਿਹਾਸ ਹੀ ਸ਼ਹਾਦਤਾਂ ਦੀ ਕਹਾਣੀ ਬਿਆਨਦਾ ਹੈ, ਪ੍ਰੰਤੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਦੀ ਗਾਥਾ ਪੜ੍ਹ ਕੇ ਜਿਸ ਮਾਣ ਦੇ ਸਨਮੁੱਖ ਹੁੰਦੇ ਹਾਂ ਉਹ ਆਪਣੇ ਆਪ ਵਿੱਚ ਲਾਸਾਨੀ ਹੈ, ਗੌਰਵਮਈ ਹੈ। ਗੁਰੂ ਸਾਹਿਬ ਜੀ ਦੇ ਮਹਾਨ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਅਜੋਕੇ ਨੌਜਵਾਨਾਂ ਤੇ ਬੱਚਿਆਂ ਲਈ ਪ੍ਰੇਰਨਾ ਦਾ ਸੋਮਾ ਹਨ, ਜਿਸ ਤੋਂ ਅਗਵਾਈ ਲੈ ਕੇ ਜਬਰ-ਜ਼ੁਲਮ ਲਈ ਵੰਗਾਰ ਅਤੇ ਮਨੁੱਖੀ ਹੱਕਾਂ ਲਈ ਢਾਲ ਬਣਿਆ ਜਾ ਸਕਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਅਤੇ ਅਨੇਕਾਂ ਸਿੰਘਾਂ ਦੀ ਸ਼ਹਾਦਤ ਨਾਲ ਸਬੰਧਤ ਸਾਕਾ ਸ੍ਰੀ ਚਮਕੌਰ ਸਾਹਿਬ ਦੁਨੀਆ ਦੀ ਉਹ ਅਸਾਵੀਂ ਜੰਗ ਹੈ ਜਿਸ ਵਿਚ ਚਾਲੀ ਭੁੱਖਣ-ਭਾਣੇ ਸਿੰਘਾਂ ਨੇ ਦਸ ਲੱਖ ਦੁਸ਼ਮਣ ਦਾ ਬਹਾਦਰੀ ਨਾਲ ਮੁਕਾਬਲਾ ਕਰ ਕੇ




ਅਨੋਖਾ ਇਤਿਹਾਸ ਸਿਰਜਿਆ। ਇਤਿਹਾਸ ਦੇ ਪੰਨਿਆਂ 'ਤੇ ਝਾਤ ਮਾਰੀਏ ਤਾਂ ਸ੍ਰੀ ਅਨੰਦਪੁਰ ਸਾਹਿਬ ਛੱਡਣ ਮਗਰੋਂ ਮੁਗ਼ਲ ਹਾਕਮਾਂ ਤੇ ਪਹਾੜੀ ਰਾਜਿਆਂ ਨੇ ਸਭ ਕਸਮਾਂ ਵਾਅਦੇ ਤੋੜ ਕੇ ਸਰਸਾ ਨਦੀ 'ਤੇ ਗੁਰੂ ਸਾਹਿਬ ਦੇ ਕਾਫ਼ਲੇ 'ਤੇ ਹਮਲਾ ਕਰ ਦਿੱਤਾ। ਇਥੇ ਹੀ ਗੁਰੂ ਸਾਹਿਬ ਜੀ ਦਾ ਪਰਿਵਾਰ ਅਤੇ ਪਿਆਰੇ ਸਿੰਘ ਵਿਛੜ ਗਏ। ਗੁਰੂ ਜੀ ਵੱਡੇ ਸ਼ਾਹਿਬਜ਼ਾਦੇ ਅਤੇ ਚਾਲੀ ਸਿੰਘਾਂ ਸਮੇਤ ਚਮਕੌਰ ਵੱਲ ਚਲੇ ਗਏ ਜਦਕਿ ਮਾਤਾ ਗੁਜ਼ਰੀ ਜੀ ਛੋਟੇ ਸ਼ਾਹਿਬਜਾਦਿਆਂ ਨਾਲੋਂ ਵੱਖ ਹੋ ਗਏ। ਦਸਮੇਸ਼ ਪਿਤਾ ਜੀ ਵੱਡੇ ਸਾਹਿਬਜ਼ਾਦਿਆਂ ਅਤੇ ਗਿਣਤੀ ਦੇ ਸਿੰਘਾਂ ਸਮੇਤ ਚਮਕੌਰ ਦੀ ਗੜ੍ਹੀ ਵਿੱਚ ਪੁੱਜੇ। ਸ਼ਾਹੀ ਫ਼ੌਜਾਂ ਵੀ ਮਗਰ-ਮਗਰ ਚਮਕੌਰ ਪੁੱਜ ਗਈਆਂ ਤੇ ਗੜ੍ਹੀ ਨੂੰ ਘੇਰ ਲਿਆ। ਚਮਕੌਰ ਦੀ ਇਸ ਜੰਗ ਅੰਦਰ ਗੁਰੂ ਜੀ ਦੀ ਆਗਿਆ ਅਨੁਸਾਰ ਪੰਜ-ਪੰਜ ਸਿੰਘ ਜਥੇ ਦੇ ਰੂਪ ਵਿਚ ਗੜ੍ਹੀ ਤੋਂ ਬਾਹਰ ਨਿਕਲ ਕੇ ਦੁਸ਼ਮਣ ਦਾ ਮੁਕਾਬਲਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਰਹੇ ਸਨ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਨੇ ਗੁਰੂ ਸਾਹਿਬ ਪਾਸੋਂ ਜੰਗ ਵਿੱਚ ਜਾਣ ਦੀ ਆਗਿਆ ਮੰਗੀ। ਦਸਮੇਸ਼ ਪਿਤਾ ਜੀ ਨੇ ਸਾਹਿਬਜ਼ਾਦੇ ਨੂੰ ਘੁੱਟ ਕੇ ਛਾਤੀ ਨਾਲ ਲਾਇਆ ਅਤੇ ਥਾਪੜਾ ਦੇ ਕੇ ਗੜ੍ਹੀ ਤੋਂ ਰਵਾਨਾ ਕੀਤਾ। ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੇ ਮੈਦਾਨੇ-ਜੰਗ ਵਿੱਚ ਜਾਂਦੇ ਹੀ ਮੁਗ਼ਲ ਫ਼ੌਜ ਨੂੰ ਭਾਜੜ ਪਾ ਦਿੱਤੀ ਅਤੇ ਸ਼ਸਤਰ-ਬਾਜ਼ੀ ਦੇ ਉਹ ਜੌਹਰ ਵਿਖਾਏ ਕਿ ਕਹਿੰਦੇ-ਕਹਾਉਂਦੇ ਤਲਵਾਰ ਦੇ ਧਨੀ ਤੇ ਤੀਰ-ਅੰਦਾਜ਼ ਭੱਜਣ ਦਾ ਰਾਹ ਲੱਭਣ ਲੱਗੇ।

ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੂੰ ਅਨੇਕਾਂ ਵੈਰੀਆਂ ਨੂੰ ਪਾਰ ਬੁਲਾਉਣ ਉਪਰੰਤ ਸ਼ਹੀਦੀ ਪ੍ਰਾਪਤ ਕਰਦੇ ਵੇਖ ਕੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਨੇ ਵੀ ਪਿਤਾ-ਗੁਰੂ ਜੀ ਪਾਸੋਂ ਜੰਗ ਵਿੱਚ ਜਾਣ ਦੀ ਆਗਿਆ ਮੰਗੀ। ਅੱਲ੍ਹਾ ਯਾਰ ਖਾਂ ਜੋਗੀ ਅਨੁਸਾਰ ਇਹ ਪਲ ਬੇਹੱਦ ਭਾਵੁਕ ਸਨ। ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਨੇ ਕਿਹਾ ਕਿ ਬੇਸ਼ੱਕ ਮੈਨੂੰ ਵੱਡੇ ਵੀਰ ਜਿੰਨਾ ਜੰਗ-ਯੁੱਧ ਕਰਨ ਦਾ ਗਿਆਨ ਨਹੀਂ ਹੈ, ਪ੍ਰੰਤੂ ਮਰਨਾ ਤਾਂ ਮੈਨੂੰ ਵੀ ਆਉਂਦਾ ਹੀ ਹੈ। ਅੱਲ੍ਹਾ ਯਾਰ ਖਾਂ ਜੋਗੀ ਨੇ ਇਸ ਸਮੇਂ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ:

ਲੜਨਾ ਨਹੀਂ ਆਤਾ ਮੁਝੇ ਮਰਨਾ ਤੋ ਹੈ ਆਤਾ!
ਖ਼ੁਦ ਬੜ੍ਹ ਕੇ ਗਲਾ ਤੇਗ਼ ਪਿ ਧਰਨਾ ਤੋ ਹੈ ਆਤਾ।
(ਗੰਜਿ ਸ਼ਹੀਦਾਂ)

ਸਤਿਗੁਰਾਂ ਨੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੂੰ ਵੀ ਆਪਣੇ ਹੱਥੀਂ ਤਿਆਰ ਕਰਕੇ ਜੰਗ ਵਿੱਚ ਜੂਝਣ ਲਈ ਤੋਰਿਆ। ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੰਗ ਦੇ ਮੈਦਾਨ ਵਿੱਚ ਲੜਦਿਆਂ ਸ਼ਹਾਦਤ ਪ੍ਰਾਪਤ ਕਰ ਗਏ। ਚਮਕੌਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਦੋਨੋਂ ਵੱਡੇ ਸਾਹਿਬਜ਼ਾਦੇ, ਪੰਜ ਪਿਆਰਿਆਂ ਵਿੱਚੋਂ ਤਿੰਨ ਪਿਆਰੇ ਜਿਸ ਸੂਰਬੀਰਤਾ ਤੇ ਬਹਾਦਰੀ ਨਾਲ ਲੜੇ ਅਤੇ ਸ਼ਹਾਦਤ ਪ੍ਰਾਪਤ ਕੀਤੀ, ਇਤਿਹਾਸ ਵਿੱਚ ਇਸ ਦਾ ਵਿਲੱਖਣ ਸਥਾਨ ਹੈ। ਇਹੋ ਕਾਰਨ ਹੈ ਕਿ ਅੱਜ ਇਹ ਧਰਤੀ ਪੂਜਣਯੋਗ ਹੈ। ਦੁਨੀਆ ਭਰ ਤੋਂ ਸਿੱਖ ਸੰਗਤਾਂ ਭਾਰੀ ਗਿਣਤੀ ਵਿੱਚ ਇਥੇ ਸ਼ਰਧਾ ਤੇ ਸਤਿਕਾਰ ਭੇਟ ਕਰਨ ਲਈ ਹਾਜ਼ਰ ਹੁੰਦੀਆਂ ਹਨ। ਸਿੱਖ ਇਤਿਹਾਸ ਵਿੱਚ 'ਸਾਕਾ ਚਮਕੌਰ' ਸੂਰਬੀਰਤਾ ਦੀ ਅਨੋਖੀ ਦਾਸਤਾਨ ਹੈ, ਜੋ ਕੌਮੀ ਅਣਖ 'ਤੇ ਪਹਿਰਾ ਦਿੰਦਿਆਂ ਆਪਣੇ ਸ਼ਾਨਾਮੱਤੇ ਵਿਰਸੇ ਨਾਲ ਜੁੜਨ ਦੀ ਪ੍ਰੇਰਨਾ ਦਿੰਦੀ ਹੈ। ਚਮਕੌਰ ਦੀ ਕੱਚੀ ਗੜ੍ਹੀ ਵਿੱਚ ਜਿਸ ਸੂਰਮਤਾਈ ਨਾਲ ਚਾਲੀ ਭੁੱਖਣ-ਭਾਣੇ ਸਿੰਘਾਂ ਨੇ ਦਸ ਲੱਖ ਸੈਨਾ ਦਾ ਟਾਕਰਾ ਕੀਤਾ, ਅਜਿਹੀ ਅਸਾਵੀਂ ਜੰਗ ਦਾ ਇਤਿਹਾਸ ਦੁਨੀਆ ਦੇ ਧਾਰਮਿਕ ਇਤਿਹਾਸ ਅੰਦਰ ਬਿਲਕੁਲ ਵਿਲੱਖਣ ਤੇ ਲਸਾਨੀ ਹੈ।

**ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ**

# ਚਾਰ ਸਾਹਿਬਜ਼ਾਦਿਆਂ ਦੇ ਜਨਮ ਅਤੇ ਸ਼ਹਾਦਤਾਂ ਦੇ ਕੁੱਝ ਅਹਿਮ ਇਤਿਹਾਸ ਬਾਰੇ ਜਾਣਕਾਰੀ

**ਬੀਰਦਵਿੰਦਰ ਸਿੰਘ**

ਭਾਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਨੂੰ ਅੱਜ ਕਾਫ਼ੀ ਵਰ੍ਹੇ ਹੋ ਗਏ ਹਨ ਪਰ ਹਾਲੇ ਤੱਕ ਵੀ ਗੁਰੂ ਕੇ ਮਹਿਲਾਂ ਅਤੇ ਚਾਰ ਸਾਹਿਬਜ਼ਾਦਿਆਂ ਸਬੰਧੀ ਸਹੀ ਜਾਣਕਾਰੀਆਂ ਦਾ ਅਭਾਵ ਮਹਿਸੂਸ ਹੋ ਰਿਹਾ ਹੈ। ਪਿਛਲੇ ਦਿਨੀਂ ਸਭ ਤੋਂ ਛੋਟੇ ਸਾਹਿਬਜ਼ਾਦੇ ਬਾਬਾ ਫ਼ਤਹਿ ਸਿੰਘ ਜੀ ਦੇ ਜਨਮ ਸਬੰਧੀ ਇੱਕ ਜਾਣਕਾਰੀ ਸੋਸ਼ਲ ਮੀਡੀਏ ਉਤੇ ਚਲ ਰਹੀ ਸੀ ਕਿ ਬਾਬਾ ਫ਼ਤਹਿ ਸਿੰਘ ਜੀ ਦਾ ਜਨਮ ਮਾਤਾ ਸੁੰਦਰੀ ਜੀ ਦੀ ਕੁੱਖ ਤੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਇਆ ਸੀ ਜਦਕਿ ਸੱਚਾਈ ਇਹ ਨਹੀਂ।

ਮੈਂ ਬਹੁਤ ਸਾਰੇ ਵਟਸਐਪ ਗਰੁੱਪਾਂ 'ਤੇ ਇਸ ਬਾਰੇ ਸੁਧਾਈ ਵੀ ਕਰਵਾਈ ਪਰ ਤਦ ਤੱਕ ਇਹ ਗ਼ਲਤ ਜਾਣਕਾਰੀ ਬਹੁਤ ਵਾਇਰਲ ਹੋ ਚੁੱਕੀ ਸੀ। ਮੇਰੇ ਮਨ ਵਿੱਚ ਉਸੇ ਵੇਲੇ ਇਹ ਖ਼ਿਆਲ ਆਇਆ ਕਿ ਕਿਉਂ ਨਾ ਇਸ ਵਿਸ਼ੇ ਸਬੰਧੀ ਸੰਪੂਰਨ ਜਾਣਕਾਰੀ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਿੰਘ ਸਭਾ ਮੌਕੇ, ਸਿੱਖ ਸੰਗਤਾਂ ਦੀ ਦ੍ਰਿਸ਼ਟੀਗੋਚਰ ਕੀਤੀ ਜਾਵੇ। ਗੁਰੂ ਕੇ ਮਹਿਲਾਂ ਅਤੇ ਚਾਰੇ ਸਾਹਿਬਜ਼ਾਦਿਆਂ ਦੇ ਜਨਮ ਅਤੇ ਸ਼ਹੀਦੀਆਂ ਦਾ ਬਿਰਤਾਂਤ ਕੁੱਝ ਇਸ ਤਰ੍ਹਾਂ ਹੈ;

ਦਸਮ ਪਾਤਸ਼ਾਹ ਹਜ਼ੂਰ ਦੇ ਤਿੰਨ ਮਹਿਲ ਸਨ। ਸਭ ਤੋਂ ਵੱਡੇ ਮਾਤਾ ਜੀਤੋ ਜੀ ਸਨ, ਦੂਸਰੇ ਨੰਬਰ 'ਤੇ ਮਾਤਾ ਸੁੰਦਰੀ ਜੀ ਸਨ ਅਤੇ ਤੀਸਰੇ ਨੰਬਰ 'ਤੇ ਮਾਤਾ ਸਾਹਿਬ ਕੌਰ ਜੀ ਸਨ, ਜਿਨ੍ਹਾਂ ਦੀ ਝੋਲੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸਾ ਜੀ' ਨੂੰ ਪਾਇਆ ਹੈ। ਕੁਝ ਲੇਖਕ ਤਾਂ ਮਾਤਾ ਸਾਹਿਬ ਕੌਰ ਜੀ ਨੂੰ 'ਗੁਰੂ ਸਾਹਿਬ ਦੇ ਕੁਆਰੇ ਡੋਲੇ' ਦੇ ਅਰਥਾਂ ਨਾਲ ਵੀ ਸੰਗਿਆ ਦਿੰਦੇ ਹਨ ਪਰ ਗੁਰੂ ਸਾਹਿਬ ਨਾਲ ਸਬੰਧਿਤ ਸਮਕਾਲੀਨ ਇਤਿਹਾਸ ਵਿੱਚ ਅਜਿਹਾ ਜ਼ਿਕਰ ਨਹੀਂ ਹੈ। ਗੁਰੂ ਸਾਹਿਬ ਦੇ ਸਭ ਤੋਂ ਵੱਡੇ ਮਹਿਲ ਮਾਤਾ ਜੀਤੋ ਜੀ ਦਾ ਵਿਆਹ 23 ਹਾੜ੍ਹ 1734 ਨੂੰ ਗੁਰੂ ਕੇ ਲਾਹੌਰ ਵਿਖੇ ਹੋਇਆ। ਇਸ ਵਿਆਹ ਵਿੱਚ ਗੁਰੂ ਤੇਗ਼ ਬਹਾਦਰ ਜੀ ਆਪ ਚੱਕ ਨਾਨਕੀ (ਹੁਣ ਆਨੰਦਪੁਰ ਸਾਹਿਬ) ਤੋਂ ਆਪਣੇ ਪੁੱਤਰ ਗੋਬਿੰਦ ਰਾਏ ਦੀ ਜੰਞ ਲੈ ਕੇ ਗੁਰੂ ਕੇ ਲਾਹੌਰ ਢੁਕੇ ਸਨ।

ਦਸਮ ਪਾਤਸ਼ਾਹ ਹਜ਼ੂਰ ਦਾ ਦੂਸਰਾ ਵਿਆਹ 7 ਵੈਸਾਖ ਸੰਮਤ 1741 ਨੂੰ ਮਾਤਾ ਸੁੰਦਰੀ ਜੀ ਨਾਲ ਪਾਉਂਟਾ ਸਾਹਿਬ ਵਿਖੇ ਹੋਇਆ ਅਤੇ ਉਨ੍ਹਾਂ ਦੀ ਕੁੱਖ ਤੋਂ ਹੀ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਦਾ ਜਨਮ 23 ਮਾਘ ਸੰਮਤ 1743 ਨੂੰ, ਪਾਉਂਟਾ ਸਾਹਿਬ ਵਿਖੇ ਹੋਇਆ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਦਸਮ ਪਾਤਸ਼ਾਹ ਦੀ ਜੇਠੀ ਸੰਤਾਨ ਸਨ। ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹਾਦਤ, ਚਮਕੌਰ ਸਾਹਿਬ ਦੇ ਖਾੜਾ-ਏ- ਜੰਗ ਵਿੱਚ ਦਸ਼ਮੇਸ਼ ਪਿਤਾ ਦੀਆਂ ਨਜ਼ਰਾਂ ਦੇ ਸਾਹਮਣੇ 8 ਪੋਹ ਸੰਮਤ 1761 ਨੂੰ ਹੋਈ।

ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖ ਤੋਂ ਅਨੰਦਪੁਰ ਸਾਹਿਬ ਵਿਖੇ ਸੰਮਤ 1747 ਵਿੱਚ ਹੋਇਆ ਅਤੇ ਆਪ ਦੀ ਸ਼ਹੀਦੀ ਵੀ, ਚਮਕੌਰ ਸਾਹਿਬ ਦੇ ਖਾੜਾ-ਏ-ਜੰਗ ਵਿੱਚ ਗੁਰੂ ਪਿਤਾ ਦੀਆਂ ਨਜ਼ਰਾਂ ਦੇ ਸਾਹਮਣੇ 8 ਪੋਹ ਸੰਮਤ 1761 ਨੂੰ ਹੋਈ। ਸਿੱਖੀ ਸਿਦਕ ਦੇ ਸਭ ਤੋਂ ਮਹਾਨ ਸ਼ਹੀਦ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਦਾ ਜਨਮ ਵੀ ਆਨੰਦਪੁਰ ਸਾਹਿਬ ਵਿਖੇ ਮਾਤਾ ਜੀਤੋ ਜੀ ਦੀ ਕੁੱਖ ਤੋਂ ਮੱਘਰ ਸ਼ੁਦੀ 3 ਸੰਮਤ 1753 ਨੂੰ ਹੋਇਆ ਅਤੇ ਆਪ ਜੀ ਨੂੰ ਸਿੱਖੀ ਸਿਦਕ ਉਤੇ ਪੂਰੇ ਸਿਰੜ ਨਾਲ ਪਹਿਰਾ ਦੇਣ ਕਾਰਨ ਅਤੇ ਇਸਲਾਮ ਦੀ ਈਨ ਨਾ ਮੰਨਣ ਕਾਰਨ ਉਸ ਸਮੇਂ ਦੇ ਜ਼ਾਲਮ ਸੂਬੇਦਾਰ ਸਰਹੰਦ, ਵਜੀਦ ਖ਼ਾਂ ਦੇ ਹੁਕਮ ਨਾਲ ਅਨੇਕਾਂ ਤਸੀਹੇ ਦੇਣ ਤੋਂ ਬਾਅਦ ਅੰਤ ਨੂੰ ਜ਼ਿੰਦਾ



ਕੰਧਾਂ ਵਿੱਚ ਚਿਣ ਕੇ 13 ਪੋਹ ਸੰਮਤ 1761 ਵਿੱਚ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦੀ ਸਮੇਂ ਆਪ ਜੀ ਦੀ ਉਮਰ, ਲਗਭਗ 8 ਸਾਲ ਦੀ ਸੀ।

ਸਿੱਖੀ ਸਿਦਕ ਦੇ ਸਭ ਤੋਂ ਛੋਟੀ ਉਮਰ ਦੇ ਮਹਾਨ ਸ਼ਹੀਦ, ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਜੀ ਦਾ ਜਨਮ ਵੀ ਮਾਤਾ ਜੀਤੋ ਜੀ ਦੀ ਕੁੱਖ ਤੋਂ ਅਨੰਦਪੁਰ ਸਾਹਿਬ ਵਿਖੇ, ਫ਼ੱਗਣ ਸ਼ੁਦੀ 7 ਸੰਮਤ1755 ਨੂੰ ਹੋਇਆ। ਆਪ ਜੀ ਨੂੰ ਵੀ ਵੱਡੇ ਭਰਾ ਬਾਬਾ ਜ਼ੋਰਾਵਰ ਸਿੰਘ ਵਾਂਗ ਹੀ ਸਿੱਖੀ ਸਿਦਕ ਦੀ ਸਭ ਤੋਂ ਕਠਿਨ ਪ੍ਰੀਖਿਆ ਵਿਚੋਂ ਗੁਜ਼ਰਨਾ ਪਿਆ ਅਤੇ ਨਿੱਕੀ ਜੇਹੀ ਪਿਆਰੀ ਤੇ ਲਾਡਲੀ ਜਿੰਦੜੀ ਨੂੰ, ਸਿੱਖੀ ਸਿਦਕ ਖ਼ਾਤਰ ਅਤੇ ਦਸ਼ਮੇਸ਼ ਪਿਤਾ ਦੀ ਲਾਜ ਖ਼ਾਤਰ ਅਨੇਕਾਂ ਤਸੀਹੇ ਜਰਨੇ ਪਏ ਜਿਸ ਦਾ ਬਿਆਨ ਕਰਦਿਆਂ ਮੇਰੀ ਕਲਮ ਵੀ ਕੁਰਲਾ ਉਠਦੀ ਹੈ। ਆਪ ਜੀ ਨੂੰ ਵੀ ਸਿੱਖੀ ਸਿਦਕ ਉਤੇ ਪੂਰੇ ਸਿਰੜ ਨਾਲ ਪਹਿਰਾ ਦੇਣ ਕਾਰਨ ਅਤੇ ਪਰਾਏ ਦੀਨ, ਇਸਲਾਮ ਦੀ ਈਨ ਨਾ ਮੰਨਣ ਕਾਰਨ, ਸਰਹੰਦ ਦੇ ਉਸ ਸਮੇਂ ਦੇ ਜ਼ਾਲਮ ਸੂਬੇਦਾਰ, ਵਜੀਦ ਖ਼ਾਂ ਦੇ ਹੁਕਮ ਨਾਲ ਅਕਹਿ ਤਸੀਹੇ ਦੇਣ ਬਾਅਦ ਅੰਤ ਨੂੰ ਜ਼ਿੰਦਾ ਕੰਧਾਂ ਵਿੱਚ ਚਿਣ ਕੇ, 13 ਪੋਹ ਸੰਮਤ 1761 ਨੂੰ ਸ਼ਹੀਦ ਕਰ ਦਿਤਾ ਗਿਆ। ਸ਼ਹੀਦੀ ਸਮੇਂ ਆਪ ਜੀ ਦੀ ਉਮਰ, ਦੇਸੀ ਕਲੰਡਰ ਅਨੁਸਾਰ ਲਗਭਗ 6 ਸਾਲ ਬਣਦੀ ਸੀ।

ਛੋਟੇ ਲਾਡਲੇ ਪੋਤਰਿਆਂ ਦੀ ਸ਼ਹੀਦੀ ਦੀ ਖ਼ਬਰ ਸੁਣਦਿਆਂ ਹੀ ਮਾਤਾ ਗੁਜਰੀ ਜੀ ਵੀ ਆਪਣੇ ਸ਼ਹੀਦ ਪੋਤਰਿਆਂ ਨੂੰ ਆਪਣੀ ਨਿੱਘੀ ਗੋਦ ਵਿੱਚ ਸਮੇਟ ਕੇ, ਸਦੀਵਤਾ ਦੀ ਗੋਦ ਵਿੱਚ ਜਾ ਬਿਰਾਜੇ ਅਤੇ ਦੁਨੀਆਂ ਦੇ ਮਨੁੱਖਤਾ ਦੇ ਇਤਿਹਾਸ ਵਿੱਚ ਇੱਕ ਅਜਿਹਾ 'ਬਾਬ' ਲਿਖ ਗਏ ਜੋ ਜ਼ੁਲਮ ਤੇ ਅਨਿਆਂ ਵਿਰੁੱਧ ਲੜੀ ਗਈ ਸਬਰ ਅਤੇ ਸਿਦਕ ਦੀ ਜੰਗ ਦਾ ਇਕ ਸੁਨਿਹਰੀ ਪੰਨਾ ਹੋ ਨਿਬੜਿਆ। ਇਥੇ ਇਹ ਦਸਣਾ ਅਜ਼ਹਦ ਜ਼ਰੂਰੀ ਹੈ ਕਿ ਮਾਤਾ ਜੀਤੋ ਜੀ (ਬਾਅਦ ਵਿੱਚ ਅਜੀਤ ਕੌਰ ਜੀ) 13 ਅੱਸੂ ਸੰਮਤ 1757 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਜੋਤੀ-ਜੋਤ ਸਮਾ ਗਏ। ਉਸ ਵੇਲੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਦੀ ਉਮਰ ਕੇਵਲ 4 ਸਾਲ ਦੀ ਸੀ ਅਤੇ ਸਭ ਤੋਂ ਛੋਟੇ ਸਾਹਿਬਜ਼ਾਦੇ ਬਾਬਾ ਫ਼ਤਹਿ ਸਿੰਘ ਜੀ ਦੀ ਉਮਰ ਕੇਵਲ 2 ਸਾਲ ਦੀ ਹੀ ਸੀ ਅਤੇ ਦੋਵੇਂ ਸਾਹਿਬਜ਼ਾਦੇ ਹਾਲੇ ਮਾਤਾ ਜੀ ਦਾ ਦੁਧ ਚੁੰਘਦੇ ਸਨ। ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਨੇ ਅਗੰਮਪੁਰ (ਸ੍ਰੀ ਅਨੰਦਪੁਰ) ਵਿਖੇ ਮਾਤਾ ਜੀਤੋ ਜੀ ਦੀਆਂ ਸਾਰੀਆਂ ਅੰਤਮ ਰਸਮਾਂ ਅਤੇ ਸਸਕਾਰ, ਮਾਤਾ ਗੁਜਰੀ ਜੀ ਦੀ ਦੇਖ-ਰੇਖ ਵਿੱਚ ਆਪਣੇ ਹੱਥੀਂ ਕੀਤਾ।

ਸਰਬੰਸ ਦਾਨੀ ਨੂੰ ਆਪਣੇ ਮਹਾਨ ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸੀਸ ਦਾ ਸਸਕਾਰ ਅਤੇ ਮਾਤਾ ਜੀਤੋ ਜੀ ਦਾ ਸਸਕਾਰ ਹੀ, ਸ੍ਰੀ ਅਨੰਦਪੁਰ ਸਾਹਿਬ ਵਿਖੇ ਅਪਣੇ ਹੱਥੀਂ ਕਰਨਾ ਨਸੀਬ ਹੋਇਆ, ਬਾਕੀ ਚਾਰੇ ਪੁੱਤਰਾਂ ਅਤੇ ਮਾਤਾ ਗੁਜਰੀ ਜੀ ਦੇ ਬਲਦੇ ਅੰਗੀਠਿਆਂ ਦੇ ਸੇਕ ਤੋਂ ਗੁਰੂ ਸਾਹਿਬ ਮਹਿਰੂਮ ਰਹੇ। ਗੁਰੂ ਜੀ ਨੇ ਮਾਤਾ ਜੀਤੋ ਜੀ ਦੇ ਜੋਤੀ-ਜੋਤਿ ਸਮਾ ਜਾਣ ਤੋਂ ਬਾਅਦ ਦੋਵੇਂ ਛੋਟੇ ਸਾਹਿਬਜ਼ਾਦਿਆਂ, ਭਾਵ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਜੀ ਦੇ ਪਾਲਣ-ਪੋਸਣ ਅਤੇ ਸਿੱਖੀ ਸਿਦਕ ਦੀ ਤਰਬੀਅਤ ਦੀ ਸਾਰੀ ਜ਼ਿੰਮੇਵਾਰੀ, ਸਾਹਿਬਜ਼ਾਦਿਆਂ ਦੀ ਦਾਦੀ, ਮਾਤਾ ਗੁਜਰੀ ਜੀ ਦੇ ਸਪੁਰਦ ਕਰ ਦਿਤੀ ਸੀ। ਵੱਡੇ ਸਾਹਿਬਜ਼ਾਦਿਆਂ, ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਦਾ ਸ਼ਾਸਤਰ ਗਿਆਨ, ਸਿੱਖੀ ਸਿਦਕ ਦਾ ਬੋਧ, ਸ਼ਸਤਰ ਕਲਾ ਅਤੇ ਯੁੱਧ ਵਿਦਿਆ ਤੇ ਨਿਪੁੰਨ ਘੋੜ-ਸਵਾਰੀ ਦੀ ਸਿਖਲਾਈ, ਦਸਮ ਪਾਤਸ਼ਾਹ ਹਜ਼ੂਰ ਆਪ ਖ਼ੁਦ ਦਿੰਦੇ ਸਨ।

ਗੁਰੂ ਕੇ ਤੀਜੇ ਮਹਿਲ ਮਾਤਾ ਸਾਹਿਬ ਕੌਰ ਜੀ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ 18 ਵੈਸਾਖ ਸੰਮਤ 1757 ਨੂੰ ਅਨੰਦਪੁਰ ਸਾਹਿਬ ਵਿਖੇ ਹੋਇਆ। ਇਤਿਹਾਸ ਗਵਾਹ ਹੈ ਕਿ ਮਾਤਾ ਸਾਹਿਬ ਕੌਰ ਦੀ ਝੋਲੀ ਵਿੱਚ ਦਸਮ ਪਾਤਸ਼ਾਹ ਨੇ ਪੰਥ-ਖ਼ਾਲਸੇ ਨੂੰ ਪਾ ਦਿਤਾ ਅਤੇ ਮਾਤਾ ਸਾਹਿਬ ਕੌਰ ਨੂੰ ਸਿੱਖਾਂ ਦੇ ਗੌਰਵਮਈ ਇਤਿਹਾਸ ਵਿੱਚ ਖ਼ਾਲਸੇ ਦੀ ਮਾਤਾ ਹੋਣ ਦੇ ਲਕਬ ਤੇ ਮਾਣ-ਸਨਮਾਨ ਨਾਲ ਸਤਿਕਾਰਿਆ ਜਾਂਦਾ ਹੈ। ਇਥੇ ਇਹ ਦਸਣਯੋਗ ਹੈ ਕਿ ਗੁਰੂ ਦਸਮ ਪਾਤਸ਼ਾਹ ਹਜ਼ੂਰ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਅਬਚਲ ਨਗਰ ਹਜ਼ੂਰ ਸਾਹਿਬ ਤੋਂ ਮਾਤਾ ਸਾਹਿਬ ਕੌਰ ਨੂੰ ਦਿੱਲੀ ਲਈ ਰਵਾਨਾ ਕਰਨ ਸਮੇਂ, ਉਨ੍ਹਾਂ ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੰਜ ਸ਼ਸਤਰ ਵੀ ਪੂਰੇ ਸਨਮਾਨ ਨਾਲ ਰੱਖਣ ਲਈ ਉਨ੍ਹਾਂ ਦੇ ਸਪੁਰਦ ਕੀਤੇ ਸਨ ਜੋ ਇਸ ਸਮੇਂ ਦਿੱਲੀ ਦੇ ਗੁਰਦਵਾਰਾ ਰਕਾਬਗੰਜ ਸਾਹਿਬ ਵਿੱਚ ਸੁਸ਼ੋਭਿਤ ਹਨ।

ਮਾਤਾ ਸਾਹਿਬ ਕੌਰ ਜੀ, ਮਾਤਾ ਸੁੰਦਰੀ ਜੀ ਤੋਂ ਬਹੁਤ ਸਮਾਂ ਪਹਿਲਾਂ ਹੀ, ਦਿੱਲੀ ਵਿਖੇ ਜੋਤੀ-ਜੋਤਿ ਸਮਾ ਗਏ ਸਨ ਅਤੇ ਆਪ ਜੀ ਦਾ ਅਸਥਾਨ ਸ੍ਰੀ ਗੁਰੂ ਹਰਿ ਕਿਸ਼ਨ ਜੀ ਦੇ ਦੇਹੁਰੇ ਦੇ ਪਾਸ ਹੀ, ਦਿੱਲੀ ਵਿੱਚ ਸੁਸ਼ੋਭਿਤ ਹੈ। ਮਾਤਾ ਸੁੰਦਰੀ ਜੀ ਸੰਮਤ 1804 ਵਿੱਚ ਦਿੱਲੀ ਵਿਖੇ ਹੀ ਜੋਤੀ-ਜੋਤਿ ਸਮਾ ਗਏ ਸਨ। ਮਾਤਾ ਸੁੰਦਰੀ ਜੀ ਦੀ ਹਵੇਲੀ ਤੁਰਕਮਾਨ ਦਰਵਾਜ਼ੇ ਤੋਂ ਬਾਹਰ ਗੁਰਦਵਾਰਾ ਸੀਸ ਗੰਜ ਸਾਹਿਬ ਤੋਂ ਡੇਢ ਮੀਲ ਦੀ ਵਿੱਥ 'ਤੇ ਦਿੱਲੀ ਵਿੱਚ ਸੁਸ਼ੋਭਿਤ ਹੈ। ਛੋਟੇ ਸਾਹਿਬਜ਼ਾਦਿਆਂ ਦੀ ਦਰਦਨਾਕ ਸ਼ਹੀਦੀ ਦੀ ਵੇਦਨਾ ਦਾ ਦਰਦ ਮੇਰੀ ਸੰਵੇਦਨਾ ਵਿੱਚ ਹੋਰ ਗਹਿਰਾ ਉਤਰ ਜਾਂਦਾ ਹੈ ਜਦੋਂ ਇਹ ਖ਼ਿਆਲ ਮੇਰੇ ਤਖ਼ੱਈਅਲ ਵਿੱਚ ਇੱਕ ਅਸਗਾਹ ਪੀੜਾ ਦੀ ਕੁਰਲਾਹਟ ਛੇੜ ਦਿੰਦਾ ਹੈ ਤੇ ਮੈਂ ਅਥਰੂ-ਅਥਰੂ ਹੋ ਉਠਦਾ ਹਾਂ ਕਿ ਜਦੋਂ ਮਾਸੂਮ ਸਾਹਿਬਜ਼ਾਦਿਆਂ ਨੂੰ ਸਰਹੰਦ ਦੀ ਖ਼ੂਨੀ ਦਿਵਾਰ ਵਿੱਚ ਚਿਣਿਆ ਜਾ ਰਿਹਾ ਹੋਵੇਗਾ ਅਤੇ ਲਾੜੀ ਮੌਤ ਨੂੰ ਵਿਆਹੁਣ ਤੋਂ ਪਹਿਲਾਂ ਉਨ੍ਹਾਂ ਮਾਸੂਮ ਜਿੰਦਾਂ ਨੂੰ ਆਪਣੀ ਅੰਮੜੀ ਮਾਤਾ ਜੀਤੋ ਦੀ ਯਾਦ ਜ਼ਰੂਰ ਆਈ ਹੋਵੇਗੀ ਜੋ ਆਪਣੇ ਲਾਡਲੇ ਪੁੱਤਰਾਂ ਨੂੰ ਦੁੱਧ ਚੁੰਘਾਉਂਦੀ ਹੋਈ, ਸਦਾ ਲਈ ਵਿਛੋੜਾ ਦੇ ਗਈ ਸੀ। ਇਸ ਦਰਦਨਾਕ ਦਾਸਤਾਂ ਨੂੰ ਇੱਕ ਸ਼ਾਇਰ ਇੰਝ ਬਿਆਨ ਕਰਦਾ ਹੈ:

"ਜਿਨ ਕਾ ਮੂੰਹ ਸੂੰਘਨੇ ਸੇ, ਦੂਧ ਕੀ ਖ਼ੁਸ਼ਬੂ ਆਤੀ ਥੀ,
ਵੋਹੀ ਮਾਸੂਮ ਮੇਰੀ ਕੌਮ ਕੇ ਰਾਹਬਰ ਨਿਕਲੇ।"

ਤਰਲੋਚਨ ਸਿੰਘ

# ਚਮਕੌਰ ਦੀ ਗੜ੍ਹੀ ਦਾ ਮਹਾਨ ਸ਼ਹੀਦ ਭਾਈ ਸੰਗਤ ਸਿੰਘ





ਸੂਰਜ ਅਸਤ ਹੋਣ ਨਾਲ ਜਦੋਂ ਚਮਕੌਰ ਦੀ ਜੰਗ ਬੰਦ ਹੋਈ ਤਾਂ ਗੜ੍ਹੀ ਵਿਚ ਗਿਣਤੀ ਦੇ 11 ਸਿੰਘ ਰਹਿ ਗਏ ਸਨ ਜਿਨ੍ਹਾਂ ਵਿਚ ਸ਼ਹੀਦ ਪਿਤਾ ਦਾ ਸਪੁੱਤਰ ਅਤੇ ਸ਼ਹੀਦ ਸਪੁੱਤਰਾਂ ਦਾ ਬਾਪ ਜੰਗ ਵਿਚ ਜੂਝਣ ਲਈ ਤਿਆਰ-ਬਰ-ਤਿਆਰ ਸੀ। ਪਰ ਗੜ੍ਹੀ ਵਿਚਲੇ ਸਿੰਘਾਂ ਦੇ ਬੇਨਤੀ ਕਰਨ 'ਤੇ ਗੁਰੂ ਸਾਹਿਬ ਜੀ ਨੇ ਗੜ੍ਹੀ ਛੱਡ ਜਾਣ ਦਾ ਪੰਜਾਂ ਪਿਆਰਿਆਂ ਦਾ ਇਹ ਫੈਸਲਾ ਪ੍ਰਵਾਨ ਕਰ ਲਿਆ, ਕਿਉਂਕਿ ਸਿੰਘ ਇਹ ਸਮਝਦੇ ਸਨ ਕਿ ਜੇਕਰ ਗੁਰੂ ਸਾਹਿਬ ਜੀ ਦੀ ਸਰੀਰਿਕ ਹੋਂਦ ਕਾਇਮ ਰਹੀ ਤਾਂ ਇਹ ਬਿਖੜੇ ਸਮੇਂ ਲਈ ਮੁੜ ਤੋਂ ਸਿੱਖ ਕੌਮ ਸੰਗਠਿਤ ਕਰ ਲੈਣਗੇ। ਇਸ ਲਈ ਸਿੰਘਾਂ ਅਨੁਸਾਰ ਗੁਰੂ ਸਾਹਿਬ ਜੀ ਦੀ ਬੇਵਕਤ ਸ਼ਹਾਦਤ ਕੌਮ ਲਈ ਬਹੁਤ ਦੁਖਦਾਇਕ ਹੋਵੇਗੀ, ਸੋ ਗੜ੍ਹੀ ਵਿਚਲੇ ਸਿੰਘਾਂ ਨੇ ਗੁਰੂ ਸਾਹਿਬ ਜੀ ਨੂੰ 1756 ਬਿਕ੍ਰਮੀ ਦੀ ਵਿਸਾਖੀ 'ਤੇ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਛਕਾਉਣ ਸਮੇਂ ਖਾਲਸੇ ਨੂੰ ਬਖਸ਼ੀ ਵਡਿਆਈ ਤਹਿਤ ਨਿਮਰਤਾ ਸਹਿਤ ਮੁਖਾਤਿਬ ਹੋ ਕੇ ਚਮਕੌਰ ਦੀ ਗੜ੍ਹੀ ਛੱਡ ਜਾਣ ਦੀ ਬੇਨਤੀ ਕੀਤੀ ਤਾਂ ਪੰਥ ਦੇ ਵਾਲੀ ਨੇ ਪੰਜਾਂ ਸਿੰਘਾਂ ਦੀ ਇਸ ਬੇਨਤੀ ਨੂੰ ਪ੍ਰਵਾਨ ਕਰ ਲਿਆ। ਗੁਰੂ ਪਾਤਸ਼ਾਹ ਨੇ ਖਾਲਸਾ ਪੰਥ ਨੂੰ ਐਸੀ ਵਡਿਆਈ ਬਖਸ਼ਿਸ਼ ਕਰ ਕੇ ਇਕ ਅਲੌਕਿਕ ਇਤਿਹਾਸ ਸਿਰਜ ਦਿੱਤਾ ਕਿ ਆਪਣੇ ਬਚਪਨ ਦੇ ਸਾਥੀ ਹਮਸ਼ਕਲ ਅਤੇ ਹਮਉਮਰ ਭਾਈ ਸੰਗਤ ਸਿੰਘ ਜੋ ਹਰ ਵਕਤ ਨਿਮਾਣੇ ਹੋ ਕੇ ਗੁਰੂ-ਘਰ ਦੀ ਸੇਵਾ ਵਿਚ ਰਹਿੰਦੇ ਸਨ, ਨੂੰ ਪਿਆਰੇ ਸਿੱਖ ਹੋਣ ਦਾ ਮਾਣ ਬਖਸ਼ਿਸ਼ ਕਰ ਕੇ ਹਿੱਕ ਨਾਲ ਲਾਇਆ ਅਤੇ ਆਪਣੀ ਜਿਗਾ ਕਲਗੀ, ਭਾਈ ਸੰਗਤ ਸਿੰਘ ਦੇ ਸੀਸ 'ਤੇ ਸਜਾਈ ਅਤੇ ਆਪਣੇ ਸ਼ਸ਼ਤਰ-ਬਸਤਰ ਉਨ੍ਹਾਂ ਨੂੰ ਬਖਸ਼ਿਸ਼ ਕੀਤੇ ਅਤੇ ਥਾਪੜਾ ਦਿੱਤਾ। ਜਿਸਦਾ ਜਿਕਰ ਗੁਰਬਿਲਾਸ ਪਾਤਸ਼ਾਹੀ 10 ਦੇ ਕਰਤਾ ਭਾਈ ਕੁਇਰ ਸਿੰਘ ਨੇ ਇੰਝ ਕੀਤਾ ਹੈ :-

ਜੋਤ ਦਈ ਤਿਹ ਕੋ ਅਪਨੀ ਪੁਨਿ ਦੀ ਕਲਗੀ ਔ ਜਿਗਾ ਸੁਖਦਾਨੀ,

ਸੰਗਤ ਸਿੰਘ ਹੈ ਨਾਮ ਜਿਸੈ ਕਛੁ ਤਾ ਬਪੁ ਹੈ ਕਰਿ ਸ੍ਰੀ ਗੁਰ ਸਾਨੀ।

ਭਾਈ ਸੰਗਤ ਸਿੰਘ ਜੀ, ਤੁਸੀਂ ਮੇਰੇ ਮਗਰੋਂ ਮੇਰੀ ਪੌਸ਼ਾਕ ਵਿਚ ਮੇਰੇ ਮੋਰਚੇ ਵਾਲੇ ਆਸਣ 'ਤੇ ਬੈਠਣਾ ਤੇ ਦਿਨ ਚੜ੍ਹੇ ਜਦੋਂ ਮੁਗ਼ਲ ਫੌਜਾਂ ਗੜ੍ਹੀ 'ਤੇ ਹਮਲਾ ਕਰਨ ਤਾਂ ਵੈਰੀ ਦਾ ਡਟ ਕੇ ਮੁਕਾਬਲਾ ਕਰਨਾ, ਜਿਉਂਦੇ ਜੀਅ ਵੈਰੀ ਦੇ ਹੱਥ ਨਹੀਂ ਲੱਗਣਾ ਅਤੇ ਮੈਦਾਨੇ ਜੰਗ ਵਿਚ ਵੈਰੀ ਨਾਲ ਜੂਝਦਿਆਂ ਹੋਇਆਂ ਸ਼ਹਾਦਤ ਪ੍ਰਾਪਤ ਕਰਨੀ ਹੈ। ਜੰਗ ਬਾਬਤ ਆਪ ਜੀ ਦਾ ਫੈਸਲਾ ਜ਼ਫ਼ਰਨਾਮੇ ਦੇ ਸ਼ੇਅਰ 22 ਵਿਚ ਇਸ ਤਰ੍ਹਾਂ ਹੈ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।

ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ।

ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਹਿਲੂਰ ਦੇ ਰਾਜੇ ਕੋਲੋਂ ਪੰਜ ਮੀਲ ਉੱਤਰ-ਪੱਛਮ ਵੱਲ ਪਿੰਡ ਮਾਖੋਵਾਲ ਦੀ ਜ਼ਮੀਨ ਖਰੀਦੀ ਜੋ ਸਤਲੁਜ ਦਰਿਆ ਦੇ ਕੰਢੇ 'ਤੇ ਸੀ, ਜਿੱਥੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਨਾਮ ਦਾ ਨਗਰ ਵਸਾਇਆ ਸੀ ਅਤੇ ਜਿਸ ਦੀ ਨੀਂਹ ਰੱਖਣ ਦਾ ਸ਼ੁਭ ਕਾਰਜ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਸੰਪੂਰਨ ਕੀਤਾ ਸੀ। ਮਾਖੋਵਾਲ ਦਾ ਨਾਮ ਪਹਿਲਾਂ ਚੱਕ ਨਾਨਕੀ ਅਤੇ ਬਾਅਦ ਵਿਚ ਅਨੰਦਪੁਰ ਸਾਹਿਬ ਪ੍ਰਸਿੱਧ ਹੋਇਆ ਜਿਸ ਦੀ ਨੀਂਹ ਰੱਖਣ ਲਈ ਟੱਕ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਲਗਾਇਆ। ਇਥੇ ਹੀ ਭਾਈ ਰਣੀਆ ਜੀ ਅਤੇ ਬੀਬੀ ਅਮਰੋ ਜੀ ਨੇ ਗੁਰੂ ਸਾਹਿਬ ਦੀ ਸੇਵਾ ਵਿਚ ਆਪਣਾ ਜੀਵਨ ਲਗਾਇਆ। ਇਥੋਂ ਬੀਬੀ ਅਮਰੋ ਜੀ ਅਤੇ ਭਾਈ ਰਣੀਆ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਧਰਮ ਪ੍ਰਚਾਰ ਯਾਤਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਰਹਿਨੁਮਾਈ ਹੇਠ ਅਰੰਭ ਕੀਤੀ, ਜਿਸ ਵਿਚ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ, ਮਾਮਾ ਕ੍ਰਿਪਾਲ ਚੰਦ, ਦੀਵਾਨ ਦੁਰਗਾ ਮੱਲ, ਦੁਰਗਾ ਦਾਸ ਆਦਿ ਮਹਾਂਪੁਰਸ਼ਾਂ ਦੇ ਨਾਲ-ਨਾਲ ਬੀਬੀ ਅਮਰੋ ਜੀ ਅਤੇ ਭਾਈ ਰਣੀਆ ਜੀ ਵੀ ਗੁਰੂ-ਘਰ ਦੇ ਟਹਿਲੀਏ ਸੇਵਾਦਾਰ ਵਜੋਂ ਸ਼ਾਮਲ ਸਨ। ਪ੍ਰਚਾਰ ਵਜੋਂ ਮਾਲਵੇ ਦੇਸ਼ ਦੇ ਬਾਂਗਰ ਇਲਾਕੇ ਮਥਰਾ, ਕੁਰੂਕਸ਼ੇਤਰ, ਆਗਰਾ, ਕਾਨ੍ਹਪੁਰ, ਅਲਾਹਾਬਾਦ ਆਦਿਕ ਅਨੇਕਾਂ ਤੀਰਥਾਂ ਦੀ ਯਾਤਰਾ ਕਰਦੇ ਹੋਏ ਪਟਨੇ ਸ਼ਹਿਰ (ਬਿਹਾਰ) ਵਿਖੇ ਪੁੱਜੇ, ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੇ ਪਰਵਾਰ ਅਤੇ ਗੁਰੂ ਦੀ ਸੰਗਤ ਜਿਸ ਵਿਚ ਭਾਈ ਰਣੀਆ ਜੀ ਅਤੇ ਬੀਬੀ ਅਮਰੋ ਜੀ ਵੀ ਸ਼ਾਮਲ ਸਨ, ਨੂੰ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਸੌਂਪ ਕੇ ਢਾਕੇ-ਅਸਾਮ ਦੇਸ਼ ਦੇ ਦੌਰੇ 'ਤੇ ਚਲੇ ਗਏ ਸਨ। ਪਟਨੇ ਵਿਖੇ ਹੀ ਗੁਰੂ ਸਾਹਿਬ ਦੀਆਂ ਬਖਸ਼ਿਸ਼ਾਂ ਸਦਕਾ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ 23 ਪੋਹ 1723 ਬਿਕ੍ਰਮੀ ਤੋਂ ਚਾਰ ਮਹੀਨੇ ਬਾਅਦ ਬੀਬੀ ਅਮਰੋ ਜੀ ਦੀ ਕੁੱਖੋਂ ਭਈ ਰਣੀਆ ਜੀ ਦੇ ਘਰ ਬਾਬਾ ਸੰਗਤ ਸਿੰਘ ਦਾ ਜਨਮ 28 ਵੈਸਾਖ 1724 ਬਿਕ੍ਰਮੀ ਨੂੰ ਹੋਇਆ। ਮਾਤਾ-ਪਿਤਾ ਨੇ ਜਨਮ ਤੋਂ ਹੀ ਆਪ ਜੀ ਦਾ ਨਾਮ ਸੰਗਤਾ ਰੱਖਿਆ।

ਗਿਆਨੀ ਗੁਰਬਖਸ਼ ਸਿੰਘ ਜੀ ਆਪਣੀ ਪੁਸਤਕ 'ਕਲਗੀ ਭਾਈ ਸੰਗਤ ਸਿੰਘ ਨੂੰ ਹੀ' ਵਿਚ ਲਿਖਦੇ ਹਨ ਕਿ ਬਾਬਾ ਸੰਗਤ ਸਿੰਘ ਦੇ ਵੱਡ-ਵਡੇਰੇ ਪੁਰਾਣੇ ਜ਼ਮਾਨੇ ਦੇ ਜਲੰਧਰ ਸੂਬੇ ਦੇ ਪਿੰਡ ਖੇੜੀ (ਫਗਵਾੜੇ ਦੇ ਲਾਗੇ) ਦੇ ਰਹਿਣ ਵਾਲੇ ਸਨ, ਜਿਨ੍ਹਾਂ ਦੇ ਵੱਡ-ਵਡੇਰੇ ਪਹਿਲਾਂ ਬੰਗੇ ਰਹਿੰਦੇ ਸਨ ਜਿਸ ਕਰਕੇ ਖੇੜੀ ਦੇ ਵਸਨੀਕ ਆਪ ਨੂੰ ਬੰਗੇਸਰ ਦੀ ਅੱਲ ਨਾਲ ਪੁਕਾਰਦੇ ਸਨ।

ਇਤਿਹਾਸ ਨੂੰ ਵਾਚਣ ਉਪਰੰਤ ਪਤਾ ਲੱਗਦਾ ਹੈ ਕਿ, ਖੇੜੀ ਸਪਰੋੜ ਦੀ ਇਕ ਦਿਲਕੰਬਾਊ ਕਹਾਣੀ ਨੂੰ ਬੜੇ ਜਿਗਰੇ ਨਾਲ ਹੀ ਸੁਣਿਆ ਜਾ ਸਕਦਾ ਹੈ। ਲਾਗੇ-ਲਾਗੇ ਦੇ ਪਿੰਡਾਂ ਤੋਂ ਵੀ ਇਸ ਗੱਲ ਦੀ ਗਵਾਹੀ ਮਿਲਦੀ ਹੈ ਕਿ ਖਾਲਸਾ ਪੰਥ ਦੀ ਸਾਜਨਾ ਸਮੇਂ ਅਨੰਦਪੁਰ ਸਾਹਿਬ ਵਿਖੇ ਇਸੇ ਪਿੰਡ ਦੇ ਭਾਈ ਰਣੀਆ ਜੀ, ਭਾਈ ਜੋਧਾ ਜੀ ਜੋ ਹੀਰ ਗੋਤ ਦੇ ਰਾਮਦਾਸੀਏ ਗੁਰਸਿੱਖ ਸਨ ਅਤੇ ਭਾਈ ਭਾਨੂੰ ਜੀ ਦੇ ਸਪੁੱਤਰ ਸਨ, ਦੇ ਪਰਵਾਰਾਂ ਨੇ ਗੁਰੂ ਸਾਹਿਬ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਖਾਲਸਾ ਪੰਥ ਨਾਲ ਆਪਣਾ ਗੂੜ੍ਹਾ ਸਬੰਧ ਜੋੜ ਲਿਆ ਸੀ, ਜਿਸ ਦੇ ਵਿਰੋਧ ਵਿਚ ਆ ਕੇ ਔਰੰਗਜ਼ੇਬ ਹਕੂਮਤ ਨੇ ਇਕ ਖਾਸ ਫਤਵਾ ਜਾਰੀ ਕੀਤਾ ਕਿ ਇਨ੍ਹਾਂ ਦੀ ਜਾਇਦਾਦ ਜਬਤ ਕਰਕੇ ਇਨ੍ਹਾਂ ਨੂੰ ਬਾਗੀ ਕਰਾਰ ਦੇ ਦਿੱਤਾ ਜਾਵੇ ਅਤੇ ਹਕੂਮਤ ਦੇ ਸਪੁਰਦ ਨਾ ਕਰਨ ਦੀ ਸੂਰਤ ਵਿਚ ਪਿੰਡ ਖੇੜੀ ਤਹਿਸ-ਨਹਿਸ ਕਰਨ ਦਾ ਹੁਕਮ ਦਿੱਤਾ ਸੀ। ਇਸ ਤਰ੍ਹਾਂ ਖੇੜੀ ਪਿੰਡ ਜੋ ਜ਼ਾਲਮ ਹਕੂਮਤ ਨੇ ਬੇਰਹਿਮੀ ਦਾ ਸ਼ਿਕਾਰ ਬਣਾ ਕੇ ਉਜਾੜ ਦਿੱਤਾ ਗਿਆ, ਜੋ ਅੱਜ ਵੀ ਥੇਹ ਦੀ ਸ਼ਕਲ ਵਿਚ ਦੇਖਿਆ ਜਾ ਸਕਦਾ ਹੈ। ਬਾਬਾ ਸੰਗਤ ਸਿੰਘ ਜੀ ਦੇ ਖਾਨਦਾਨ ਦੇ ਜੋ ਪਰਿਵਾਰ ਥੇਹ ਜੋ ਪਿੰਡ ਖੇੜੀ ਤੋਂ ਉਜੜ-ਪੁਜੜ ਕੇ ਆਏ ਸਨ ਉਨ੍ਹਾਂ ਵਿਚ ਅੱਜ ਵੀ ਪਿੰਡ ਰੁੜਕਾ ਖੁਰਦ, ਖੋਥੜਾਂ, ਜੰਡਾਲੀ, ਚੱਕ ਗੁਰੂ ਆਦਿਕ ਪਿੰਡਾਂ ਵਿਚ ਬਾਬਾ ਜੀ ਦੇ ਖਾਨਦਾਨ ਨਾਲ ਸਬੰਧਿਤ ਬਹੁਤ ਸਾਰੇ ਗੁਰਸਿੱਖ ਪਰਵਾਰ ਗੁਰੂ-ਪੰਥ ਦੀ ਸੇਵਾ ਵਿਚ ਹਨ। ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੰਗਤ ਵਿਚ ਜੰਡੂ ਸਿੰਘਾ (ਜਲੰਧਰ ਸ਼ਹਿਰ) ਇਲਾਕੇ ਦੇ ਭਾਈ ਬੁੱਧਾ ਜੀ ਅਤੇ ਭਾਈ ਸੁੱਧਾ ਜੀ ਰਾਮਦਾਸੀਏ ਸਿੱਖਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ਼ਰਨ ਵਿਚ ਰਹਿ ਕੇ ਗੁਰੂ ਸਾਹਿਬ ਦੁਆਰਾ ਲੜੀਆਂ ਗਈਆਂ ਚੌਹਾਂ ਜੰਗਾਂ ਵਿਚ ਆਪਣੀ ਬਹਾਦਰੀ ਦੇ ਜੌਹਰ ਦਿਖਾਉਂਦਿਆਂ ਵੈਰੀਆਂ ਨੂੰ ਕਰਾਰੇ ਹੱਥ ਦਿਖਾਏ, ਉਥੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਬਣ ਹਿਰਦੇ ਵਿਚ ਇਤਿਹਾਸ ਸਮੋਈ ਬੈਠੀਆਂ ਰਾਮਦਾਸੀਏ ਸਿੱਖਾਂ ਅਤੇ ਸਿੱਖ ਬੀਬੀਆਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਵੀ ਇਤਿਹਾਸ ਆਪਣੀ ਛਾਤੀ ਵਿਚ ਸਮੋਈ ਬੈਠਾ ਹੈ।

ਭਾਈ ਰਤਨ ਸਿੰਘ ਭੰਗੂ ਲਿਖਦੇ ਹਨ ਕਿ ਵੱਡੇ ਘੱਲੂਘਾਰੇ ਸਮੇਂ ਹੋਰ ਬਿਰਾਦਰੀਆਂ ਦੇ ਨਾਲ-ਨਾਲ ਹਜ਼ਾਰਾਂ ਰਾਮਦਾਸੀਏ ਸਿੰਘਾਂ ਨੇ ਵੀ ਸ਼ਹਾਦਤਾਂ ਪ੍ਰਾਪਤ ਕੀਤੀਆਂ। ਇਸੇ ਤਰ੍ਹਾਂ ਪ੍ਰਿੰ. ਸਤਿਬੀਰ ਸਿੰਘ ਲਿਖਦੇ ਹਨ ਕਿ ਸਿੱਖ ਰਾਜ ਸਥਾਪਤ ਕਰਨ ਵਿਚ ਰਾਮਦਾਸੀਏ ਸਿੰਘਾਂ ਦਾ ਵਿਸ਼ੇਸ਼ ਯੋਗਦਾਨ ਹੈ। ਇਤਿਹਾਸ ਦੇ ਪੱਤਰੇ ਵਾਚਣ ਉਪਰੰਤ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਰਾਮਦਾਸੀਏ ਸਿੱਖਾਂ ਦਾ ਇਤਿਹਾਸ ਕਿਸ ਤਰ੍ਹਾਂ ਕੁਰਬਾਨੀਆਂ ਨਾਲ ਲਬਰੇਜ਼ ਹੋਇਆ ਪਿਆ ਹੈ, ਇਨ੍ਹਾਂ ਵਿੱਚੋਂ ਹੀ ਸਨ ਕੌਮ ਦੇ ਅਮੋਲ ਰਤਨ ਬਾਬਾ ਸੰਗਤ ਸਿੰਘ ਜੀ, ਜਿਨ੍ਹਾਂ ਨੇ ਆਪਣਾ ਜੀਵਨ ਮੁੱਢ ਤੋਂ ਲੈ ਕੇ ਅੰਤ ਤਕ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਰਹਿ ਕੇ ਗੁਜ਼ਾਰਿਆ।

ਛੋਟੀ ਉਮਰ ਵਿਚ ਆਪ ਪਟਨੇ ਸ਼ਹਿਰ ਵਿਚ ਸ੍ਰੀ (ਗੁਰੂ) ਗੋਬਿੰਦ ਰਾਏ ਜੀ ਨਾਲ ਹੱਸ ਖੇਡ ਤੇ ਬਾਲ-ਲੀਲ੍ਹਾ ਦੀਆਂ ਖੇਡਾਂ ਦੇ ਨਾਲ-ਨਾਲ ਹੀ ਗੁਰੂ ਸਾਹਿਬ ਦੀ ਸ਼ਰਨ ਵਿਚ ਰਹਿ ਕੇ ਭਾਈ ਸੰਗਤੇ ਨੇ ਸ਼ਸ਼ਤਰ ਵਿੱਦਿਆ, ਨਿਸ਼ਾਨੇਬਾਜ਼ੀ, ਨੇਜੇਬਾਜ਼ੀ ਅਤੇ ਘੋੜਿਆਂ ਦੀ ਦੌੜ ਵਿਚ ਵਿਸ਼ੇਸ਼ ਮੁਹਾਰਤ ਹਾਸਲ ਕੀਤੀ ਅਤੇ ਫਿਰ ਆਪ ਗੁਰੂ ਸਾਹਿਬ ਜੀ ਨਾਲ ਅਨੰਦਪੁਰ ਸਾਹਿਬ ਆ ਗਏ।

ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਜੀ ਨੇ ਜਾਤ-ਪਾਤ ਅਤੇ ਊਚ-ਨੀਚ ਦੇ ਭੇਦ-ਭਾਵਾਂ ਨੂੰ ਖ਼ਤਮ ਕਰਦਿਆਂ ਹੋਇਆਂ, ਹਜ਼ਾਰਾਂ ਸੰਗਤਾਂ ਸਮੇਤ 1 ਵੈਸਾਖ 1756 ਬਿਕ੍ਰਮੀ ਨੂੰ ਗੁਰੂ ਸਾਹਿਬ ਜੀ ਤੋਂ ਭਾਈ ਸੰਗਤੇ ਨੇ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਸੰਗਤੇ ਤੋਂ ਭਾਈ ਸੰਗਤ ਸਿੰਘ ਬਣੇ, ਜਿਨ੍ਹਾਂ ਵਿਚ ਆਪ ਦੇ ਚਾਚੇ ਭਾਈ ਜੋਧਾ ਜੀ ਅਤੇ ਪਿਤਾ ਭਾਈ ਰਣੀਆ ਜੀ, ਆਪ ਦੇ ਸਾਥੀ ਭਾਈ ਮਦਨ ਸਿੰਘ, ਭਾਈ ਕਾਠਾ, ਭਾਈ ਰਾਮ ਸਿੰਘ ਅਤੇ ਬੀਬੀਆਂ ਵਿਚ ਬੀਬੀ ਦੀਪ ਕੌਰ ਸ਼ਾਮਲ ਸਨ, ਬੀਬੀ ਦੀਪ ਕੌਰ ਉਹ ਬਹਾਦਰ ਸਿੰਘਣੀ ਸੀ ਜਿਸ ਨੇ ਮੁਗ਼ਲਾਂ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਗੁਰੂ ਸਾਹਿਬ ਦੀ ਬਹਾਦਰ ਅਤੇ ਪਿਆਰੀ ਪੁੱਤਰੀ ਹੋਣ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

ਚਮਕੌਰ ਦੀ ਜੰਗ ਤੋਂ ਪਹਿਲਾਂ ਬਾਬਾ ਸੰਗਤ ਸਿੰਘ ਨੇ ਬਸੀ ਕਲਾਂ ਤੋਂ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਪੰਡਤਾਣੀ ਛੁਡਾਉਣ, ਭੰਗਾਣੀ ਦਾ ਯੁੱਧ, ਅਗੰਮਪੁਰੇ ਦੀ ਲੜਾਈ, ਸਰਸਾ ਦੀ ਜੰਗ ਵਿਚ ਵੀ ਸੂਰਬੀਰਤਾ ਦਾ ਸਬੂਤ ਦਿੱਤਾ ਸੀ ਅਤੇ ਫਿਰ ਗੁਰੂ ਸਾਹਿਬ ਜੀ ਦੇ ਆਦੇਸ਼ਾਂ ਅਨੁਸਾਰ ਮਾਲਵੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਸੀ ਜਿਸ ਕਰਕੇ ਗੁਰੂ ਸਾਹਿਬ ਜੀ ਨੂੰ ਬਾਬਾ ਸੰਗਤ ਸਿੰਘ ਦੀ ਵਫਾਦਾਰੀ ਅਤੇ ਸੂਰਬੀਰਤਾ 'ਤੇ ਪੂਰਨ ਵਿਸ਼ਵਾਸ ਸੀ, ਫਲਸਰੂਪ ਭਾਈ ਸੰਗਤ ਸਿੰਘ ਤਿਆਰ-ਬਰ-ਤਿਆਰ ਪੂਰਨ ਖਾਲਸਾ ਸਨ ਜਿਸ ਕਰਕੇ ਗੁਰੂ ਸਾਹਿਬ ਦੀ ਚੋਣ ਰੂਪੀ ਬਖਸ਼ਿਸ਼ ਸੰਗਤ ਸਿੰਘ ਦੀ ਝੋਲੀ ਪਈ। 9 ਪੋਹ 1761 ਬਿਕ੍ਰਮੀ ਦੀ ਸਵੇਰ ਨੂੰ ਜਦੋਂ ਮੁਗ਼ਲ ਫੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾਇਆ ਤਾਂ ਬਾਬਾ ਸੰਗਤ ਸਿੰਘ ਜੀ ਦੁਆਰਾ ਪਹਿਨੀ ਹੋਈ ਗੁਰੂ ਸਾਹਿਬ ਜੀ ਵਾਲੀ ਪੌਸ਼ਾਕ ਅਤੇ ਕਲਗੀ ਨੇ ਬਾਰ-ਬਾਰ ਮੁਗ਼ਲਾਂ ਨੂੰ ਗੁਰੂ ਸਾਹਿਬ ਜੀ ਦਾ ਭੁਲੇਖਾ ਪਾਇਆ। ਬਾਬਾ ਸੰਗਤ ਸਿੰਘ ਨੂੰ ਮੁਗ਼ਲ ਫੌਜਾਂ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮਝ ਕੇ ਤੀਰਾਂ ਦੀ ਬੁਛਾੜ ਕਰਦੀਆਂ ਰਹੀਆਂ। ਉਧਰ ਬਾਬਾ ਜੀ ਨੇ ਡਟ ਕੇ ਮੁਗ਼ਲਾਂ ਦਾ ਮੁਕਾਬਲਾ ਕੀਤਾ ਅਤੇ ਕ੍ਰਿਪਾਨ, ਤੀਰਾਂ ਅਤੇ ਨੇਜ਼ਿਆਂ ਦੀ ਵਰਤੋਂ ਕਰ ਕੇ ਮੁਗ਼ਲਾਂ ਦੇ ਆਹੂ ਲਾਹ ਛੱਡੇ। ਜ਼ਖ਼ਮੀ ਹੋਏ ਵੀ ਬਾਬਾ ਸੰਗਤ ਸਿੰਘ ਅੰਤ ਸਮੇਂ ਤਕ ਗੁਰੂ ਫਤਹਿ ਦੇ ਜੈਕਾਰੇ ਗਜਾਉਂਦੇ ਰਹੇ ਅਤੇ ਗੁਰੂ ਸਾਹਿਬ ਦੁਆਰਾ ਦਿੱਤੇ ਹੁਕਮਾਂ 'ਤੇ ਇੰਨ-ਬਿੰਨ ਪੂਰੇ ਉਤਰੇ। ਜ਼ਾਲਮਾਂ ਵਿਰੁੱਧ ਯੁੱਧ ਲਈ ਗੁਰੂ ਸਾਹਿਬ ਜੀ ਦੇ ਫਲਸਫੇ 'ਤੇ ਚਲਦਿਆਂ ਹੋਇਆਂ ਦੁਸ਼ਮਣਾਂ ਨਾਲ ਚਮਕੌਰ ਦੀ ਅਦੁੱਤੀ ਜੰਗ ਲੜ ਕੇ ਗੁਰੂ-ਆਸ਼ੇ ਨੂੰ ਸਰਅੰਜਾਮ ਦੇ ਕੇ ਅੰਤ 9 ਪੋਹ 1761 ਬਿਕ੍ਰਮੀ ਨੂੰ ਸ਼ਹਾਦਤ ਦਾ ਜਾਮ ਪੀ ਗਏ।

# ਮੁਦਕੀ ਦੀ ਜੰਗ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377



ਮਹਾਰਾਜਾ ਰਣਜੀਤ ਸਿੰਘ ਦਾ ਜਨਮ 2 ਨਵੰਬਰ 1780 ਨੂੰ ਹੋਇਆ। ਸੰਨ 1763-1773 ਤੱਕ ਸਿੱਖ ਸਰਦਾਰਾਂ ਦੀਆਂ ਬਹੁਤ ਸਾਰੀਆਂ ਮਿਸਲਾਂ (ਪ੍ਰਭੂ ਸੱਤਾ ਸੰਪੰਨ ਰਾਜ) ਨੇ ਪੱਛਮ ਵਿੱਚ ਅਟਕ ਤੋਂ ਪੂਰਬ ਵਿੱਚ ਸਹਾਰਨਪੁਰ ਤੱਕ ਉੱਤਰ ਦੇ ਪਹਾੜੀ ਖੇਤਰਾਂ ਤੋਂ ਦੱਖਣ ਵਿੱਚ ਮੁਲਤਾਨ ਤੱਕ ਪੰਜਾਬ ਖੇਤਰ ਉੱਤੇ ਰਾਜ ਕਰਨਾ ਸ਼ੁਰੂ ਕਰ ਦਿੱਤਾ। ਜਿਸ ਵਿੱਚ ਆਹਲੂਵਾਲੀਆ, ਕਨ੍ਹਈਆ, ਨਕਈ, ਰਾਮਗੜ੍ਹੀਆ, ਭੰਗੀ, ਫੈਜਲਪੁਰੀਆ, ਡੱਲੇਵਾਲੀਆ, ਨਿਸ਼ਾਨੀਆਂ, ਫੂਲਕੀਆਂ, ਕਰੋੜ ਸਿੰਘੀਆ, ਸ਼ੁੱਕਰਚੱਕੀਆ ਅਤੇ ਸ਼ਹੀਦ ਸ਼ਾਮਲ ਸਨ। ਰਣਜੀਤ ਸਿੰਘ ਸ਼ੁੱਕਰਚੱਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਦੇ ਪੁੱਤਰ ਸਨ।

ਅਠਾਰਵੀਂ ਸਦੀ ਦੇ ਅੰਤ ਵਿੱਚ ਸਾਰੀਆਂ ਮਹੱਤਵਪੂਰਨ ਮਿਸਲਾਂ, ਸ਼ੁੱਕਰਚੱਕੀਆ ਮਿਸਲ ਨੂੰ ਛੱਡ ਕੇ ਟੁੱਟਣ ਕਿਨਾਰੇ ਸਨ। ਸੰਨ 1799 ਵਿੱਚ ਰਣਜੀਤ ਸਿੰਘ ਲਾਹੌਰ ਦਾ ਗਵਰਨਰ ਬਣਿਆ। ਸੰਨ 1801 ਵਿੱਚ ਉਸਨੇ ਸਿੱਖ ਮਿਸਲਾਂ ਨੂੰ ਇੱਕ ਜੁੱਟ ਕੀਤਾ ਅਤੇ ਪੰਜਾਬ ਦਾ ਮਹਾਰਾਜਾ ਬਣਨ ਲਈ ਸਥਾਨਕ ਰਾਜਾਂ ਨੂੰ ਆਪਣੇ ਅਧੀਨ ਕਰ ਲਿਆ। ਸੰਨ 1805 ਵਿੱਚ ਅੰਮ੍ਰਿਤਸਰ ਅਤੇ ਲਾਹੌਰ ਰਣਜੀਤ ਸਿੰਘ ਅਧੀਨ ਆ ਗਏ। ਉਸਨੇ ਬਹੁਤ ਸਾਰੇ ਅਫ਼ਗਾਨ ਹਮਲਿਆਂ ਦਾ ਟਾਕਰਾ ਕੀਤਾ। ਫਿਰ ਪੇਸ਼ਾਵਰ, ਮੁਲਤਾਨ 'ਤੇ ਕਬਜ਼ਾ ਕਰ ਲਿਆ।

ਪੰਜਾਬ ਦੇ ਸ਼ੇਰ ਦਾ ਖਿਤਾਬ (ਸ਼ੇਰ- ਏ-ਪੰਜਾਬ) ਹਾਸਿਲ ਕੀਤਾ। ਉਸ ਦੇ ਸਿੱਖ ਸਾਮਰਾਜ ਵਿੱਚ ਸਤਲੁਜ ਦਰਿਆ ਦੇ ਉੱਤਰ ਵੱਲ ਅਤੇ ਉੱਤਰ ਪੱਛਮੀ ਹਿਮਾਲਿਆ ਦੇ ਦੱਖਣ ਵੱਲ ਦਾ ਇਲਾਕਾ ਸ਼ਾਮਲ ਸੀ। ਉਸਨੇ ਨੇਪਾਲੀਆਂ ਅਤੇ ਡੋਗਰਿਆਂ ਨਾਲ ਸਬੰਧ ਬਣਾਈ ਰੱਖੇ ਸਨ। ਉਹਨਾਂ ਨੂੰ ਆਪਣੀ ਫ਼ੌਜ ਵਿੱਚ ਵੀ ਭਰਤੀ ਕੀਤਾ।

ਸੰਨ 1807 ਵਿੱਚ ਗਵਰਨਰ ਜਨਰਲ ਲਾਰਡ ਮਿੰਟੋ ਨੇ ਚਾਰਲਸ ਮੈਟਕਾਫ਼ ਨੂੰ ਭਾਰਤ ਉੱਤੇ ਨੈਪੋਲੀਅਨ ਦਾ ਮੁਕਾਬਲਾ ਕਰਨ ਲਈ ਫ਼ੌਜੀ ਗਠਜੋੜ ਬਣਾਉਣ ਲਈ ਮਹਾਰਾਜਾ ਕੋਲ ਲਾਹੌਰ ਭੇਜਿਆ। ਮਹਾਰਾਜਾ ਨੇ ਮੈਟਕਾਫ਼ ਦੇ ਹਮਲਾਵਰ ਅਤੇ ਰੱਖਿਅਕ ਗਠਜੋੜ ਦੇ ਪ੍ਰਸਤਾਵ ਨੂੰ ਇਸ ਸ਼ਰਤ ਤੇ ਸਵੀਕਾਰ ਕਰਨ ਦੀ ਪੇਸ਼ਕਸ਼ ਕੀਤੀ ਕਿ ਅਫ਼ਗਾਨ ਯੁੱਧ ਦੇ ਮਾਮਲੇ ਵਿੱਚ ਬ੍ਰਿਟਿਸ਼ ਨਿਰਪੱਖ ਰਹਿਣ। ਮਹਾਰਾਜਾ ਨੂੰ ਮਾਲਵਾ ਪ੍ਰਦੇਸ਼ਾਂ ਸਮੇਤ ਪੰਜਾਬ ਖੇਤਰ ਦਾ ਪ੍ਰਭੂ ਸੱਤਾ ਮੰਨਣਗੇ, ਪਰ ਗੱਲਬਾਤ ਸਫਲ ਨਾ ਹੋਈ।

1809 ਵਿੱਚ ਨੈਪੋਲੀਅਨ ਦਾ ਖਤਰਾ ਘੱਟ ਗਿਆ, ਬ੍ਰਿਟਿਸ਼ ਹੋਰ ਜਿਆਦਾ ਮਜ਼ਬੂਤ ਹੋ ਗਏ। ਇਸ ਰਾਜਨੀਤੀ ਬਦਲਾਅ ਵਿੱਚ ਮਹਾਰਾਜਾ ਨੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨਾਲ ਅੰਮ੍ਰਿਤਸਰ ਦੀ ਸੰਧੀ 25 ਅਪ੍ਰੈਲ 1809 ਦੀ ਸੰਧੀ ਕਰ ਲਈ। ਇਸ ਨੂੰ ਸੀਸ ਸਤਲੁਜ ਸੰਧੀ ਵੀ ਕਿਹਾ ਜਾਂਦਾ ਹੈ। ਜੋ ਚਾਰਲਸ ਮੈਟਾਕਾਫ਼ ਅਤੇ ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਹੋਈ। ਇਸ ਦੇ ਤਹਿਤ ਮਹਾਰਾਜਾ ਰਣਜੀਤ ਸਿੰਘ ਨੇ ਸਤਲੁਜ ਦਰਿਆ ਨੂੰ ਸੀਮਾ ਰੇਖਾ ਵਜੋਂ ਸਵੀਕਾਰ ਕਰ ਲਿਆ। ਮਹਾਰਾਜਾ ਨੇ ਦਰਿਆ ਸਤਲੁਜ ਦੇ ਦੱਖਣ ਨੂੰ ਪਾਰ ਨਾ ਕਰਨ ਦਾ ਵਾਅਦਾ ਕੀਤਾ। ਜਿਥੇ ਅੰਗਰੇਜ਼ਾਂ ਨੇ ਦਰਿਆ ਸਤਲੁਜ ਦੇ ਉੱਤਰ ਵਿੱਚ ਪਾਰ ਨਾ ਕਰਨ ਦਾ ਵਾਅਦਾ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫ਼ੌਜੀ ਤਾਕਤ ਪੱਛਮ ਵੱਲ ਲਾ ਦਿੱਤੀ। ਜਿਸ ਨਾਲ 1818 ਮੁਲਤਾਨ, 1819 ਵਿੱਚ ਕਸ਼ਮੀਰ ਤੇ 1834 ਵਿੱਚ ਪੇਸ਼ਾਵਰ 'ਤੇ ਕਬਜ਼ਾ ਕੀਤਾ। ਜੂਨ 1839 ਵਿੱਚ ਮਹਾਰਾਜਾ ਦੀ ਮੌਤ ਹੋ ਗਈ। ਪੰਜਾਬ ਵਿੱਚ ਅਰਾਜਕਤਾ ਫੈਲ ਗਈ। ਆਪਸੀ ਖਿੱਚੋਤਾਨ ਵਿੱਚ ਤੇਜ਼ੀ ਨਾਲ ਸਰਕਾਰਾਂ ਬਦਲੀਆਂ। ਮਹਾਰਾਜਾ ਦੇ ਵਾਰਿਸ ਕਮਜ਼ੋਰ ਅਤੇ ਅਸਮਰਥ ਸਾਬਤ ਹੋਏ। ਕਮਜ਼ੋਰ ਪ੍ਰਸ਼ਾਸਨ ਕਾਰਨ ਅੰਗਰੇਜ਼ਾਂ ਨੂੰ ਪੰਜਾਬ 'ਤੇ ਕਬਜ਼ਾ ਕਰਨ ਦਾ ਮੌਕਾ ਮਿਲਣ ਲੱਗਾ। ਮਹਾਰਾਜਾ ਦੀ ਮੌਤ ਤੋਂ ਬਾਅਦ ਉਸ ਦਾ ਵੱਡਾ ਪੁੱਤਰ ਖੜਕ ਸਿੰਘ ਉਤਰਾਧਿਕਾਰੀ ਬਣਿਆ। ਪਰ ਉਹ ਨਿਪੁੰਨ ਨਹੀਂ ਸੀ। ਉਸ ਦੇ ਕਾਰਜਕਾਲ ਵਿੱਚ ਦਰਬਾਰੀ ਧੜੇ ਸਰਗਰਮ ਹੋਣ ਲੱਗੇ। ਕੁਝ ਹੀ ਸਮੇਂ ਵਿੱਚ ਉਸ ਨੂੰ ਰਾਜ ਤੋਂ ਹਟਾ ਦਿੱਤਾ ਗਿਆ। ਉਸ ਦਾ ਪੁੱਤਰ ਪ੍ਰਿੰਸ ਨਵ ਨਿਹਾਲ ਸਿੰਘ ਰਾਜਾ ਬਣਿਆ। ਖੜਕ ਸਿੰਘ ਦੀ ਗੁੱਝੀ ਮੌਤ ਹੋ ਗਈ। ਪ੍ਰਿੰਸ ਨਵ ਨਿਹਾਲ ਸਿੰਘ ਦੀ ਵੀ ਸ਼ੱਕੀ ਹਾਲਾਤਾਂ ਵਿੱਚ ਮੌਤ ਹੋ ਗਈ, ਜਦੋਂ ਉਹ ਆਪਣੇ ਪਿਤਾ ਦੇ ਅੰਤਮ ਸਸਕਾਰ ਤੋਂ ਪਰਤ ਰਿਹਾ ਸੀ। ਜਿਸ ਨਾਲ ਪੰਜਾਬ ਵਿੱਚ ਅਰਾਜਕਤਾ ਫੈਲ ਗਈ। ਮਹਾਰਾਜਾ ਦਾ ਪੁੱਤਰ ਸ਼ੇਰ ਸਿੰਘ ਰਾਜਾ ਬਣਿਆ। ਸ਼ੇਰ ਸਿੰਘ ਦੀ ਸਤੰਬਰ 1843 ਵਿੱਚ ਹਤਿਆ ਹੋ ਗਈ। ਤੁਰੰਤ ਮਹਾਰਾਜਾ ਦੇ ਨਾਬਾਲਗ ਪੁੱਤਰ ਦਲੀਪ ਸਿੰਘ ਨੂੰ ਰਾਣੀ ਜਿੰਦਾ ਦੇ ਨਾਲ ਹੀਰਾ ਸਿੰਘ ਡੋਗਰਾ ਨੂੰ ਵਜ਼ੀਰ ਬਣਾਇਆ। ਸੰਨ 1844 ਵਿੱਚ ਹੀਰਾ ਸਿੰਘ ਡੋਗਰਾ ਦਾ ਕਤਲ ਹੋ ਗਿਆ। ਰਾਣੀ ਜਿੰਦਾ ਦੇ ਭਰਾ ਜਵਾਹਰ ਸਿੰਘ ਨੂੰ ਵਜ਼ੀਰ ਨਿਯੁਕਤ ਕੀਤਾ। ਫ਼ੌਜ ਉਸ ਦੇ ਖ਼ਿਲਾਫ਼ ਹੋ ਗਈ। ਉਸ ਨੂੰ ਲਾਂਭੇ ਕਰ ਦਿੱਤਾ ਤੇ ਬਾਅਦ ਵਿੱਚ ਮੌਤ ਦੇ ਘਾਟ ਉਤਾਰ ਦਿੱਤਾ।

ਮਹਾਰਾਜਾ ਦੇ ਅਕਾਲ ਚਲਾਣੇ ਦੇ ਸਾਢੇ ਕੁ ਛੇ ਸਾਲਾਂ ਬਾਅਦ ਅੰਗਰੇਜ਼ ਪੰਜਾਬ 'ਤੇ ਕਬਜ਼ਾ ਕਰਨ ਲਈ ਲਲਚਾਈਆਂ ਨਜ਼ਰਾਂ ਨਾਲ ਵੇਖ ਰਹੇ ਸਨ। ਉਹਨਾਂ ਦੀ ਨੀਅਤ ਸੀ ਕਿ ਪੰਜਾਬ ਉੱਤੇ ਕਬਜ਼ਾ ਕਰਕੇ ਸਾਰੇ ਹੀ ਹਿੰਦੁਸਤਾਨ 'ਤੇ ਰਾਜ ਕੀਤਾ ਜਾਵੇ। ਸੰਨ 1844 ਵਿੱਚ ਮੇਜਰ ਜਾਰਜ ਬਰੋਡਫੁੱਟ ਨੂੰ ਅੰਮ੍ਰਿਤਸਰ ਤਾਇਨਾਤ ਕੀਤਾ ਹੋਇਆ ਸੀ। ਉਸ ਰਾਹੀਂ ਅੰਗਰੇਜ਼ ਜਾਣ ਗਏ ਸਨ ਕਿ ਲਾਹੌਰ ਦਰਬਾਰ ਦੀ ਧੜੇਬੰਦੀ ਪ੍ਰਗਟ ਹੋ ਰਹੀ ਹੈ। ਆਪਸੀ ਖਿੱਚੋਤਾਨ ਅਤੇ ਹਤਿਆਵਾਂ ਦੀ ਲੜੀ ਵਿੱਚ ਸਾਰੀ ਤਾਕਤ ਫ਼ੌਜ ਦੇ ਹੱਥ ਆ ਗਈ।

ਲਾਲ ਸਿੰਘ ਫ਼ੌਜ 'ਤੇ ਕਬਜ਼ਾ ਕਰ ਖੁਦ ਵਜ਼ੀਰ ਬਣ ਗਿਆ। ਤੇਜ ਸਿੰਘ ਨੂੰ ਖ਼ਾਲਸਾ ਫ਼ੌਜ ਦਾ ਸੈਨਾਪਤੀ ਬਣਾਇਆ। ਉਹਨਾਂ ਮਤਾ ਪਕਾਇਆ ਕਿ ਸਿੱਖ ਫ਼ੌਜਾਂ ਨੂੰ ਅੰਗਰੇਜ਼ਾਂ ਨਾਲ ਲੜਾ ਕੇ ਤਬਾਹ ਕੀਤਾ ਜਾਵੇ। ਲਾਹੌਰ ਦਰਬਾਰ ਅੰਗਰੇਜ਼ਾਂ ਦੇ ਅਧੀਨ ਆ ਜਾਵੇ ਅਤੇ ਅੰਗਰੇਜ਼ਾਂ ਦੀ ਮਦਦ ਨਾਲ ਅਸੀਂ ਮੁਖਤਿਆਰ ਵਜ਼ੀਰ ਹੋਈਏ। ਅੰਗਰੇਜ਼ਾਂ ਨੂੰ ਲਾਹੌਰ ਦਰਬਾਰ ਦੇ ਗੱਦਾਰਾਂ ਦੀ ਮਦਦ ਮਿਲ ਗਈ।



ਅੰਗਰੇਜ਼ਾਂ ਨੇ ਸਿੱਖ ਰਾਜ ਦੀ ਸਰਹੱਦ ਨੇੜੇ ਫ਼ੌਜੀ ਛਾਉਣੀਆਂ ਤੇ ਜੰਗੀ ਫ਼ੌਜੀ ਸਮਾਨ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਪਹਿਲਾਂ 1839 ਵਿੱਚ ਅੰਗਰੇਜ਼ਾਂ ਦੀ ਕੇਵਲ ਇੱਕ ਛਾਉਣੀ ਲੁਧਿਆਣਾ ਸੀ। ਇਸੇ ਸਾਲ ਦੇ ਅਖੀਰ ਵਿੱਚ ਫ਼ਿਰੋਜ਼ਪੁਰ ਦੂਸਰੀ ਛਾਉਣੀ ਪਾਈ ਗਈ। ਫਿਰ ਅੰਬਾਲਾ, ਕਸੌਲੀ, ਸ਼ਿਮਲਾ ਆਦਿ ਛਾਉਣੀਆਂ ਸਥਾਪਤ ਕੀਤੀਆਂ। ਸੰਨ 1839-1845 ਤੱਕ ਅੰਗਰੇਜ਼ਾਂ ਦੀ ਭਾਰੀ ਫ਼ੌਜ ਤੋਪਾਂ ਨਾਲ ਤਾਇਨਾਤ ਹੋ ਗਈ। ਨਾਲ ਹੀ ਮੇਰਠ, ਕਰਨਾਲ ਵਿੱਚ ਵੀ ਫ਼ੌਜੀ ਤਾਕਤ ਵਧਾ ਲਈ। ਇਸ ਤਰਾਂ 1809 ਦੀ ਸੰਧੀ ਦੀ ਉਲੰਘਣਾ ਕਰਕੇ ਸੰਧੀ ਟੁੱਟ ਗਈ।

ਸ਼ਾਹ ਸੁਜਾਹ ਨੂੰ ਤਖ਼ਤ 'ਤੇ ਬਿਠਾ ਕੇ ਵਾਪਸ ਆਉਂਦੀ ਅੰਗਰੇਜ਼ ਫ਼ੌਜ ਸਿੱਖ ਇਲਾਕੇ ਵਿਚੋਂ ਲੰਘੀ। ਸਿੱਖਾਂ ਨੇ ਵਿਰੋਧ ਜਤਾਇਆ ਤਾਂ ਅੰਗਰੇਜ਼ਾਂ ਨੇ ਇਕਰਾਰ ਕੀਤਾ ਕਿ ਮੁੜ ਅੰਗਰੇਜ਼ ਫ਼ੌਜ ਨਹੀਂ ਲੰਘਾਉਂਦੇ ਪਰ ਲਾਲ ਸਿੰਘ ਤੇ ਤੇਜ ਸਿੰਘ ਦੇ ਭੜਕਾਏ ਹੋਏ ਫ਼ੌਜੀ ਪੰਚ ਲੜਾਈ ਦੇ ਹੱਕ ਵਿੱਚ ਸਨ। ਤਦ 17 ਸਤੰਬਰ 1845 ਨੂੰ ਅੰਗਰੇਜ਼ਾਂ ਨਾਲ ਜੰਗ ਕਰਨ ਦਾ ਫੈਸਲਾ ਹੋ ਗਿਆ। ਸਿੱਖ ਖ਼ਾਲਸਾ ਸਲਤਨਤ ਅਤੇ ਈਸਟ ਇੰਡੀਆ ਕੰਪਨੀ ਵਿਚਕਾਰ ਪਹਿਲੀ ਅੰਗਰੇਜ਼ ਸਿੱਖ ਜੰਗ ਮੁਦਕੀ ਵਿਖੇ 18 ਦਸੰਬਰ 1845 ਨੂੰ ਉਤਰ ਪੱਛਮੀ ਭਾਰਤ ਦੇ ਪੰਜਾਬ ਸਤਲੁਜ ਦਰਿਆ ਦੇ ਦੱਖਣੀ ਕੰਢੇ ਉੱਤੇ ਹੋਈ। ਜਿਸ ਵਿੱਚ ਅੰਗਰੇਜ਼ ਫ਼ੌਜ, ਬੰਗਾਲ ਫ਼ੌਜ, ਭਾਰਤੀ ਫ਼ੌਜਾਂ ਵਿਰੁੱਧ ਸਿੱਖ ਖ਼ਾਲਸਾ ਫ਼ੌਜ ਸੀ। ਸਿੱਖ ਫ਼ੌਜ ਦੀ ਮੁੱਖ ਕਮਾਨ ਲਾਲ ਸਿੰਘ ਹੇਠ ਸੀ। ਅੰਗਰੇਜ਼ ਫ਼ੌਜ ਦੀ ਕਮਾਨ ਸਰ ਹਿਊਗ ਰਾਫ਼ ਅਤੇ ਹੈਨਰੀ ਹਾਰਡਿੰਗ ਕੋਲ ਸੀ। ਸਿੱਖ ਫ਼ੌਜ 18500 ਅਤੇ ਤੋਪਾਂ 22 ਸਨ। ਅੰਗਰੇਜ਼ ਫ਼ੌਜ 10000-17000 ਅਤੇ ਤੋਪਾਂ 42 ਸਨ। ਅੰਗਰੇਜ਼ ਫ਼ੌਜ ਦੀਆਂ 216 ਮੌਤਾਂ ਅਤੇ 657 ਜ਼ਖ਼ਮੀ ਸਨ। ਸਿੱਖਾਂ ਦੇ ਜਾਨੀ ਨੁਕਸਾਨ ਦਾ ਪਤਾ ਨਹੀਂ। ਅੰਗਰੇਜ਼ਾਂ ਦੀ ਅੰਕੁਸ਼ ਜਿੱਤ। ਅੰਗਰੇਜ਼ਾਂ ਨੇ 20 ਨਵੰਬਰ, 1845 ਦੇ ਦਿਨ ਅੰਬਾਲਾ ਤੇ ਮੇਰਠ ਛਾਉਣੀਆਂ ਦੀਆਂ ਫ਼ੌਜਾਂ ਨੂੰ ਜੰਗੀ ਤਿਆਰੀ ਕਰਨ ਦਾ ਹੁਕਮ ਦੇ ਦਿੱਤਾ। ਦਸੰਬਰ 10,1845 ਨੂੰ ਇਹ ਫ਼ੌਜਾਂ ਫ਼ਿਰੋਜ਼ਪੁਰ ਵੱਲ ਚੱਲ ਚੁੱਕੀਆਂ ਸਨ। ਜਿਸ ਦੀ ਅਗਵਾਈ ਸਰ ਹੈਨਰੀ ਹਾਰਡਿੰਗ ਨੇ ਕੀਤੀ। ਇਸ ਦੇ ਨਾਲ ਹੀ ਲੁਧਿਆਣਾ ਦਾ ਬਰੀਮੇਡੀਅਰ ਵੀਲਰ ਦੀ ਵੱਡੀ ਫ਼ੌਜ ਫ਼ਿਰੋਜ਼ਪੁਰ ਮੁਦਕੀ ਪਹੁੰਚ ਚੁੱਕੀ ਸੀ। ਅੰਗਰੇਜ਼ ਫ਼ੌਜ ਦੀ ਗਿਣਤੀ 7000 ਸੀ। ਲਾਹੌਰ ਵਿੱਚ ਲਾਲ ਸਿੰਘ ਤੇ ਤੇਜ਼ ਨੇ 24 ਨਵੰਬਰ 1845 ਨੂੰ ਫ਼ੌਜਾਂ ਕੂਚ ਕਰਨ ਦਾ ਹੁਕਮ ਦਿੱਤਾ। ਦਸੰਬਰ 12-13 ਨੂੰ ਸਿੱਖ ਫ਼ੌਜਾਂ ਲਾਹੌਰ ਦਰਬਾਰ ਦੇ ਸਤਲੁਜ ਦਰਿਆ ਦੇ ਦੂਸਰੇ ਪਾਰ ਪਹੁੰਚ ਗਈਆਂ। ਫ਼ੌਜ ਦੀ ਗਿਣਤੀ 18500 ਸੀ ਤੇ ਤੋਪਾਂ 60 ਸਨ। ਅੰਗਰੇਜ਼ ਫ਼ੌਜ 7000 ਸੀ। ਇੱਥੇ ਅੰਗਰੇਜ਼ਾਂ ਦਾ 60 ਲੱਖ ਰੁਪਿਆ ਅਤੇ ਕੁਝ ਜੰਗੀ ਫ਼ੌਜੀ ਸ਼ਮਿਆਨ ਸੀ। ਜੇ ਸਿੱਖ ਫ਼ੌਜ ਉਸ ਵੇਲੇ ਹਮਲਾ ਕਰ ਦੇਂਦੀ ਤਾਂ ਅੰਗਰੇਜ਼ੀ ਫ਼ੌਜ ਨੂੰ ਖਤਮ ਕਰਕ ਫ਼ਿਰੋਜ਼ਪੁਰ ਤੇ ਕਬਜ਼ਾ ਕਰ ਸਕਦੀ ਸੀ। ਲੁੱਟੇ ਹੋਏ ਰੁਪਏ ਅਤੇ ਫ਼ੌਜੀ ਸਮਾਨਾ ਨਾਲ ਅਗਲੀ ਲੜਾਈ ਜਿੱਤੀ ਜਾ ਸਕਦੀ ਸੀ ਪਰ ਲਾਲ ਸਿੰਘ ਨੇ 16 ਦਸੰਬਰ 1845 ਨੂੰ ਫ਼ਿਰੋਜ਼ਪੁਰ ਫ਼ੌਜ ਦੇ ਕਪਤਾਨ ਨਿਕਸਨ ਨਾਲ ਰਾਬਤਾ ਕਾਇਮ ਕੀਤਾ ਕਿ ਮੈਂ ਸਿੱਖ ਫ਼ੌਜ ਨਾਲ ਸਤਲੁਜ ਦਰਿਆ ਪਾਰ ਕੀਤਾ ਹੈ। ਤੁਸੀਂ ਮੇਰੀ ਦੋਸਤੀ ਨੂੰ ਜਾਣਦੇ ਹੋ, ਮੈਨੂੰ ਹੁਣ ਦਸੋ ਕੀ ਕਰਾਂ। ਨਿਕਸਨ ਨੇ ਕਿਹਾ ਕਿ ਫ਼ਿਰੋਜ਼ਪੁਰ ਤੇ ਹਮਲਾ ਨਹੀਂ ਕਰਨਾ। ਜਿੰਨੀ ਦੇਰ ਰੁਕ ਸਕਦੇ ਹੋ ਰੁਕੋ ਫਿਰ ਗਵਰਨਰ ਜਨਰਲ ਵੱਲ ਕੂਚ ਕਰੋ। ਲਾਲ ਸਿੰਘ ਨੇ ਨਿਕਸਨ ਨੂੰ ਕਿਹਾ ਕਿ ਤੁਸੀਂ ਨਿਸ਼ਚਿੰਤ ਰਹੋ। ਲਾਲ ਸਿੰਘ ਨੇ ਸਿੱਖ ਫ਼ੌਜ ਨੂੰ ਗੁੰਮਰਾਹ ਕਰਕੇ ਕੁਰਾਹੇ ਪਾਇਆ। ਉਸ ਨੇ ਨਿਕਸਨ ਦੀ ਤਜਵੀਜ਼ ਮੁਤਾਬਿਕ ਖ਼ਾਲਸਾ ਫ਼ੌਜ ਨੂੰ ਤਿੰਨ ਹਿੱਸਿਆ ਵਿੱਚ ਵੰਡ ਦਿੱਤਾ। ਇੱਕ ਹਿੱਸਾ ਫ਼ਿਰੋਜ਼ਪੁਰ ਰਹਿਣ ਦਿੱਤਾ। ਇੱਕ ਅੱਗੇ ਫੇਰੂ ਸ਼ਹਿਰ ਪਹੁੰਚਾਇਆ। ਇੱਕ ਮੁਦਕੀ ਵੱਲ ਤੋਰਿਆ। ਖ਼ਾਲਸਾ ਫ਼ੌਜ ਨੂੰ ਇਹ ਕਹਿ ਕੇ ਉਲਝਾਇਆ ਕਿ ਅਸੀਂ ਛੋਟੇ ਕਪਤਾਨ ਨਾਲ ਨਹੀਂ ਲੜਨਾ ਇਹ ਸਾਡੇ ਵਿਰਸੇ ਦੀ ਸ਼ਾਨ ਦੇ ਖ਼ਿਲਾਫ਼ ਹੈ। ਚਲੋ ਸਿੱਧਾਂ ਗਵਰਨਰ ਜਨਰਲ ਨਾਲ ਲੜ ਕੇ ਬਹਾਦਰੀ ਦੇ ਜੌਹਰ ਵਿਖਾਈਏ।

17 ਦਸੰਬਰ ਦੀ ਰਾਤ ਲਾਲ ਸਿੰਘ 5000 ਪੈਦਲ ਫ਼ੌਜ 8000 ਘੋੜ ਸਵਾਰ ਫ਼ੌਜ 30 ਕੁ ਤੋਪਾਂ ਨਾਲ ਮੁਦਕੀ ਵੱਲ ਤੁਰ ਪਿਆ। ਅੰਗਰੇਜ਼ਾਂ ਨਾਲ ਬਣਾਈ ਯੋਜਨਾ ਮੁਤਾਬਿਕ ਲਾਲ ਸਿੰਘ ਨੇ ਮੁਦਕੀ ਵੱਲ ਹਮਲਾ ਕਰਵਾਇਆ। 18 ਦਸੰਬਰ 1845 ਦੇ ਦਿਨ ਮੁਦਕੀ ਦੀ ਜੰਗ ਹੋਈ। ਦਿਨ ਢੱਲ ਚੁੱਕਾ ਸੀ। ਅੰਗਰੇਜ਼ਾਂ ਕੋਲ ਵੀ ਸਿੱਖਾਂ ਜਿੰਨੀ ਹੀ ਫ਼ੌਜ ਸੀ। ਉਹਨਾਂ ਕੋਲ 50 ਤੋਪਾਂ ਸਨ। ਖ਼ਾਲਸਾ ਫ਼ੌਜ ਨੇ ਅੰਗਰੇਜ਼ੀ ਫ਼ੌਜ 'ਤੇ ਅਜਿਹਾ ਹਮਲਾ ਕੀਤਾ ਕਿ ਉਹ ਪਿਛਾਂਹ ਹੱਟ ਕੇ ਲੁਕਦੀ ਫਿਰੀ। ਲਾਲ ਸਿੰਘ ਸਿੱਖਾਂ ਨੂੰ ਜਿੱਤ ਵੱਲ ਵੱਧਦਾ ਵੇਖ ਕੇ ਘਬਰਾ ਗਿਆ। ਉਸ ਨੇ ਤਾਂ ਖ਼ਾਲਸਾ ਫ਼ੌਜ ਨੂੰ ਹਰਾਉਣਾ ਸੀ। ਉਸ ਦੀਆਂ ਬਾਕੀ ਫ਼ੌਜਾਂ ਵੀ ਮੈਦਾਨ ਵਿਚੋਂ ਖਿਸਕ ਗਈਆਂ।

ਸਿੱਖ ਜਰਨੈਲ ਨੱਸ ਗਏ, ਪਰ ਖ਼ਾਲਸਾ ਫ਼ੌਜ ਬੜੀ ਦ੍ਰਿੜਤਾ ਨਾਲ ਲੜੀ, ਉਹਨਾਂ ਆਪਣੇ ਜੀਵਨ ਦੀ ਬਾਜੀ ਲਗਾ ਸਭ ਕੁਝ ਦਾਅ 'ਤੇ ਲਾ ਦਿੱਤਾ ਸੀ। ਅੰਗਰੇਜ਼ ਫ਼ੌਜ ਗਿਣਤੀ ਵਿੱਚ ਜਿਆਦਾ ਸੀ। ਅੰਗਰੇਜ਼ ਤੋਪਾਂ ਦੀ ਭਾਰੀ ਮਾਰ ਦਾ ਸਾਹਮਣਾ ਖ਼ਾਲਸਾ ਫ਼ੌਜ ਨੂੰ ਕਰਨਾ ਪਿਆ। ਫਿਰ ਵੀ ਸਿੱਖ ਖ਼ਾਲਸਾ ਫ਼ੌਜ ਦੇ ਸਾਹਮਣੇ ਅੰਗਰੇਜ਼ਾਂ ਦੇ ਛੱਕੇ ਛੁੱਟ ਗਏ। ਅੰਗਰੇਜ਼ਾਂ ਨੂੰ ਇੱਕ ਵਾਰ ਤਾਂ ਆਪਣੀ ਹਾਰ ਜਾਪਣ ਲੱਗੀ ਪਰ ਅੰਗਰੇਜ਼ਾਂ ਕੋਲ ਫ਼ੌਜ ਦੀ ਅਗਵਾਈ ਇੱਕ ਤਜਰਬੇਕਾਰ ਅਤੇ ਦਲੇਰ ਹਾਰਡਿੰਗ ਕੋਲ ਸੀ। ਸਿੱਖ ਫ਼ੌਜ ਆਗੂਆਂ ਤੋਂ ਬਗੈਰ ਲੜ ਰਹੀ ਸੀ। ਰਾਤ ਪੈ ਗਈ, ਵੈਰੀ ਦਲ ਦਾ ਜੋਰ ਪੈ ਗਿਆ। ਸਿੱਖ ਫ਼ੌਜਾਂ ਹੋਲੀ ਹੋਲੀ ਮੌਕਾ ਵੇਖਦੀ ਲੜਦੀ ਲੜਦੀ ਪਿੱਛੇ ਹੱਟਦੀ ਗਈ। ਅੰਗਰੇਜ਼ਾਂ ਸਮੇਤ ਸਭ ਹੀ ਇਤਿਹਾਸਕਾਰਾਂ ਦੀ ਇੱਕੋ ਰਾਇ ਹੈ ਕਿ ਜੇਕਰ ਲਾਲ ਸਿੰਘ ਲਾਹੌਰ ਦਰਬਾਰ ਦਾ ਵਫ਼ਾਦਾਰ ਹੁੰਦਾ ਤਾਂ ਜੰਗ ਦੇ ਮੈਦਾਨ ਵਿਚੋਂ ਨਾ ਖਿਸਕਦਾ ਤਾਂ ਸਿੱਖ ਅੰਗਰੇਜ਼ ਫ਼ੌਜ ਨੂੰ ਮਾਤ ਦੇ ਸਕਦੇ ਸਨ। ਸਿੱਖ ਮੁਦਕੀ ਦੀ ਜੰਗ ਜਿੱਤ ਕੇ ਨਾ ਹਾਰਦੇ ਪਰ ਫਿਰ ਵੀ ਭਿਆਨਕ ਮੁਕਾਬਲਾ ਸੀ। ਅੰਗਰੇਜ਼ਾਂ ਦੀ ਇਹ ਜੰਗ ਬਾਕੀ ਜੰਗਾਂ ਵਾਂਗ ਪ੍ਰਭਾਵਸ਼ਾਲੀ ਨਹੀਂ ਸੀ।

ਅਗਲੀ ਸਵੇਰ ਖ਼ਾਲਸਾ ਸਿੱਖ ਫ਼ੌਜ ਦੀਆਂ 17 ਤੋਪਾਂ ਅੰਗਰੇਜ਼ਾਂ ਦੇ ਹੱਥ ਆ ਗਈਆਂ। ਜੰਗ ਤੋਂ ਬਾਅਦ ਕੁਝ ਅੰਗਰੇਜ਼ ਫ਼ੌਜੀ ਰਾਹ ਭੁੱਲ ਕੇ ਸਿੱਖ ਛਾਉਣੀ ਵਿੱਚ ਚਲੇ ਗਏ। ਸਿੱਖ ਸਰਦਾਰਾਂ ਨੇ ਬਾਇੱਜ਼ਤ ਉਹਨਾਂ ਨੂੰ ਰਾਹ ਖਰਚ ਲਈ ਪੈਸੇ ਦੇ ਕੇ ਅੰਗਰੇਜ਼ ਛਾਉਣੀਆਂ ਵਿੱਚ ਪਹੁੰਚਾ ਦਿੱਤਾ। ਪਹਿਲੀ ਸਿੱਖ ਅੰਗਰੇਜ਼ ਜੰਗ ਮੁਦਕੀ ਵਿੱਚ ਹਿੱਸਾ ਲੈਣ ਵਾਲੇ ਬ੍ਰਿਟਿਸ਼ ਅਤੇ ਭਾਰਤੀ ਸਿਪਾਹੀਆਂ ਨੂੰ ਸਤਲੁਜ ਮੁਹਿੰਮ 1845-1846 ਦਾ ਮੈਡਲ ਮਿਲਿਆ।



# 'ਪਵਿੱਤਰ ਰਿਸ਼ਤਾ'

ਪ੍ਰਤਾਪ 'ਪਾਰਸ' ਗੁਰਦਾਸਪੁਰੀ

'ਐਕਸਕਿਊਜ਼ਮੀ ਸਰ, ਪਲੀਜ਼ ਵੰਨ ਮਿੰਟ, ਪਲੀਜ਼ ਹੈਲਪ ਅੱਸ।' ਸ਼ਮੀਰਾ ਨੇ ਲਾਚਾਰ ਜਿਹੀਆਂ ਨਜ਼ਰਾਂ ਨਾਲ ਟ੍ਰੇਨੀ ਡਾਕਟਰ ਦੀ ਯੂਨੀਫਾਰਮ ਵਿੱਚ ਹੱਥ ਵਿੱਚ ਕਿਤਾਬਾਂ ਫੜੀ ਕੋਲੋਂ ਲੰਘਦੇ ਹੋਏ ਵਿਕਾਸ ਨੂੰ ਕਿਹਾ। 'ਹਾਂਜੀ-ਹਾਂਜੀ... ਬੋਲੋ ਕੀ ਹੈਲਪ ਚਾਹੀਦੀ ਹੈ?' ਵਿਕਾਸ ਨੇ ਬੜੀ ਹਲੀਮੀ ਨਾਲ ਪੁੱਛਿਆ।

'ਸਰ ਮੈਂ ਤੇ ਇਹ ਮੇਰੇ ਮੰਮੀ ਜੀ ਹਨ। ਅਸੀਂ ਜੇ. ਐਂਡ ਕੇ. ਤੋਂ ਆਏ ਹਾਂ, ਮੈਂ ਇਸੇ ਹੀ ਸਰਕਾਰੀ ਮੈਡੀਕਲ ਯੂਨੀਵਰਸਿਟੀ ਵਿੱਚ ਅੱਜ ਹੀ ਐੱਮ.ਬੀ.ਬੀ.ਐੱਸ. ਕੋਰਸ ਵਿੱਚ ਦਾਖ਼ਲਾ ਲਿਆ ਹੈ, ਕੌਂਸਲਿੰਗ ਲੇਟ ਖ਼ਤਮ ਹੋਣ ਕਰਕੇ ਸਾਨੂੰ ਹਨੇਰਾ ਹੋ ਗਿਆ। ਅਸੀਂ ਇਸ ਸ਼ਹਿਰ ਵਿੱਚ ਪਹਿਲੀ ਵਾਰ ਹੀ ਆਏ ਹਾਂ। ਰਾਤ ਪੈਣ ਕਰਕੇ ਸਾਨੂੰ ਕੁਝ ਪਤਾ ਨਹੀਂ ਲੱਗ ਰਿਹਾ ਕਿ ਅਸੀਂ ਕਿੱਥੇ ਜਾਈਏ? ਕੀ ਇੱਥੇ ਕੋਈ ਔਰਤਾਂ ਦੇ ਰਹਿਣ ਲਈ ਹੋਟਲ ਤੋਂ ਇਲਾਵਾ ਕੋਈ ਮਹਿਫ਼ੂਜ਼ ਜਗ੍ਹਾ ਮਿਲ ਸਕਦੀ ਹੈ?'

ਸ਼ਮੀਰਾ ਨੇ ਆਪਣੀ ਮੁਸ਼ਕਿਲ ਦੱਸਦਿਆਂ ਵਿਕਾਸ ਕੋਲੋਂ ਮਦਦ ਲੈਣ ਲਈ ਤਰਲਾ ਜਿਹਾ ਕੀਤਾ।

ਵਿਕਾਸ ਨੇ ਥੋੜ੍ਹਾ ਜਿਹਾ ਸੋਚ ਕੇ ਸ਼ਮੀਰਾ ਦੀ ਮਾਂ ਦੀਆਂ ਅੱਖਾਂ ਵਿੱਚ ਇਕ ਖੌਫ਼ ਜਿਹਾ ਵੇਖ ਕੇ ਕਿਹਾ, 'ਦੇਖੋ ਮੈਂ ਵੀ ਇਸੇ ਮੈਡੀਕਲ ਯੂਨੀਵਰਸਿਟੀ ਵਿੱਚ ਐੱਮ.ਬੀ.ਬੀ.ਐੱਸ. ਕੋਰਸ ਦੇ ਦੂਜੇ ਸਾਲ ਦਾ ਵਿਦਿਆਰਥੀ ਹਾਂ ਅਤੇ ਯੂਨੀਵਰਸਿਟੀ ਦੇ ਸਾਹਮਣੇ ਵਾਲੀ ਗਲੀ ਵਿੱਚ ਹੀ ਪੀ.ਜੀ. ਵਿੱਚ ਰਹਿੰਦਾ ਹਾਂ, ਜੇ ਚਾਹੋ ਤਾਂ ਅੱਜ ਦੀ ਰਾਤ ਤੁਸੀਂ ਮੇਰੇ ਕਮਰੇ ਦੇ ਸਾਹਮਣੇ ਵਾਲੇ ਕਮਰੇ ਵਿੱਚ ਰਹਿ ਸਕਦੇ ਹੋ ਕਿਉਂਕਿ ਮੇਰਾ ਦੋਸਤ ਜੋ ਉਸ ਕਮਰੇ ਵਿੱਚ ਰਹਿੰਦਾ ਹੈ ਉਹ ਕੁਝ ਦਿਨਾਂ ਲਈ ਆਪਣੇ ਪਿੰਡ ਗਿਆ ਹੋਇਆ ਹੈ। ਉਸਦੀ ਚਾਬੀ ਮੇਰੇ ਕੋਲ ਹੀ ਹੈ ਪਰ ਇਸ ਬਾਰੇ ਮੈਂ ਪਹਿਲਾਂ ਆਪਣੀ ਪੀ.ਜੀ. ਵਾਲੀ ਆਂਟੀ ਨੂੰ ਦੱਸਾਂਗਾ, ਅਗਰ ਉਸ ਨੇ ਹਾਂ ਕਰ ਦਿੱਤੀ ਤਾਂ ਫਿਰ ਹੀ ਫਾਈਨਲ ਹੋਵੇਗਾ।'

ਵਿਕਾਸ ਨੇ ਉਨ੍ਹਾਂ ਅੱਗੇ ਅਸਲੀਅਤ ਬਿਆਨ ਕੀਤੀ।

ਸ਼ਮੀਰਾ ਅਤੇ ਉਸ ਦੀ ਮਾਂ ਨੇ ਉਸ ਲੜਕੇ ਦਾ ਧੰਨਵਾਦ ਕਰਦਿਆਂ ਬਿਨਾਂ ਕਿਸੇ ਸੋਚ-ਵਿਚਾਰ ਦੇ ਆਪਣੇ ਸਮਾਨ ਵਾਲੇ ਬੈਗ ਉਸ ਦੇ ਨਾਲ ਜਾਣ ਲਈ ਚੁੱਕ ਲਏ। ਵਿਕਾਸ ਨੇ ਪਹਿਲਾਂ ਕਹੇ ਅਨੁਸਾਰ ਆਪਣੀ ਪੀ.ਜੀ. ਵਾਲੀ ਆਂਟੀ ਨੂੰ ਸ਼ਮੀਰਾ ਅਤੇ ਉਸ ਦੀ ਮਾਂ ਦੀ ਬੇਵਸੀ ਦੱਸੀ, ਜਿਸ ਦੇ ਹਾਂ ਕਰਨ 'ਤੇ ਵਿਕਾਸ ਨੇ ਆਪਣੇ ਦੋਸਤ ਦਾ ਕਮਰਾ ਉਨ੍ਹਾਂ ਲਈ ਖੋਲ੍ਹ ਦਿੱਤਾ। ਥੋੜ੍ਹੇ ਸਮੇਂ ਵਿੱਚ ਹੀ ਸ਼ਮੀਰਾ ਅਤੇ ਉਸ ਦੀ ਮੰਮੀ ਦੇ ਰਾਤ ਦੇ ਖਾਣੇ ਦਾ ਪ੍ਰਬੰਧ ਵੀ ਕਰ ਦਿੱਤਾ। ਦਿਨ ਚੜ੍ਹੇ ਤੋਂ ਸ਼ਮੀਰਾ ਅਤੇ ਉਸ ਦੀ ਮਾਂ ਨੇ ਵਿਕਾਸ ਨੂੰ ਸ਼ਮੀਰਾ ਲਈ ਵੀ ਕੋਈ ਇਹੋ ਜਿਹਾ ਵਧੀਆ ਪੀ.ਜੀ. ਵੇਖਣ ਨੂੰ ਕਿਹਾ ਕਿਉਂਕਿ ਸਰਕਾਰੀ ਰਿਹਾਇਸ਼ ਦੇ ਤੌਰ 'ਤੇ ਟ੍ਰੇਨੀਆਂ ਲਈ ਮਿਲਦੇ ਹੋਸਟਲ ਬਾਰੇ ਸ਼ਮੀਰਾ ਦੀਆਂ ਸਹੇਲੀਆਂ ਨੇ ਉਸ ਨੂੰ ਪਹਿਲਾਂ ਹੀ ਦੱਸਿਆ ਹੋਇਆ ਸੀ ਕਿ ਸਰਕਾਰੀ ਹੋਸਟਲਾਂ ਦੇ ਵਿੱਚ ਰਹਿਣ ਦੇ ਪ੍ਰਬੰਧ ਅਤੇ ਖਾਣੇ ਏਨੇ ਵਧੀਆ ਨਹੀਂ ਹਨ। ਵਿਕਾਸ ਨੇ ਸ਼ਮੀਰਾ ਅਤੇ ਉਸ ਦੀ ਮਾਂ ਨੂੰ ਨਾਲ ਲੈ ਕੇ ਜਲਦੀ ਹੀ ਆਪਣੇ ਨੇੜੇ ਇੱਕ ਵਧੀਆ ਪੀ.ਜੀ. ਲੱਭ ਦਿੱਤਾ।

ਸ਼ਮੀਰਾ ਦੀ ਮਾਂ, ਸ਼ਮੀਰਾ ਦੀ ਰਿਹਾਇਸ਼ ਦੀ ਚਿੰਤਾ ਤੋਂ ਮੁਕਤ ਹੋ ਕੇ ਜਾਣ ਲੱਗਿਆਂ ਇੱਕ ਵਾਰ ਫੇਰ ਵਿਕਾਸ ਦਾ ਧੰਨਵਾਦ ਕਰਦਿਆਂ ਬੋਲੀ, 'ਪੁੱਤਰ ਪਤਾ ਨਹੀਂ ਤੂੰ ਮੈਨੂੰ ਕਿਉਂ ਆਪਣਾ-ਆਪਣਾ ਜਿਹਾ ਲੱਗਾ ਏਂ, ਰੱਬ ਤੇਰੀਆਂ ਲੰਮੀਆਂ ਉਮਰਾਂ ਕਰੇ ਤੂੰ ਖ਼ੂਬ ਤਰੱਕੀਆਂ ਕਰੇਂ, ਕਿਸੇ ਧਰਮੀ ਮਾਪਿਆਂ ਦਿਆ ਜਾਇਆ।' ਸ਼ਮੀਰਾ ਦੀ ਮਾਂ ਏਨੇ ਸ਼ਬਦ ਕਹਿ ਕੇ ਵਾਪਸੀ ਲਈ ਬੱਸੇ ਬੈਠ ਗਈ। ਰਸਤੇ ਵਿੱਚ ਆਉਂਦਿਆਂ ਸ਼ਮੀਰਾ ਦੀ ਮਾਂ ਵਿਕਾਸ ਨੂੰ ਲੈ ਕੇ ਪਤਾ ਨਹੀਂ ਕੀ ਕੁਝ ਬੁਣਦੀ ਤੇ ਢਾਹੁੰਦੀ ਆਈ। ਫਿਰ ਮਨਬਚਨੀ ਕਰਦੀ ਬੋਲੀ ਰੱਬ ਕਰੇ ਮੇਰੀ ਧੀ ਨੂੰ ਵਿਕਾਸ ਵਰਗੇ ਨੇਕ ਇਨਸਾਨ ਦਾ ਸਾਥ ਉਮਰਾਂ ਤੱਕ ਮਿਲਦਾ ਰਹੇ।

ਸਮਾਂ ਅਗਾਂਹ ਨੂੰ ਤੁਰ ਪਿਆ। ਸ਼ਮੀਰਾ ਤੇ ਵਿਕਾਸ ਯੂਨੀਵਰਸਿਟੀ ਆਉਂਦੇ ਜਾਂਦਿਆਂ ਅਕਸਰ ਹੀ ਮਿਲਦੇ ਇੱਕ ਦੂਜੇ ਅਤੇ ਘਰ ਦਿਆਂ ਦਾ ਹਾਲ ਪੁੱਛਦੇ, ਖ਼ਾਸ ਕਰ ਕੇ ਵਿਕਾਸ ਸ਼ਮੀਰਾ ਦੀ ਮਾਂ ਦਾ ਹਾਲ ਪੁੱਛਣਾ ਕਦੇ ਨਾ ਭੁੱਲਦਾ। ਹੌਲੀ-ਹੌਲੀ ਸਮਾਂ ਬੀਤਦਾ ਗਿਆ ਤੇ ਵਿਕਾਸ ਦਾ ਕੋਰਸ ਮੁਕੰਮਲ ਹੋ ਗਿਆ। ਅੱਜ ਵਿਕਾਸ ਨੇ ਆਪਣੇ ਘਰ ਵਾਪਸ ਜਾਣਾ ਸੀ। ਸ਼ਮੀਰਾ ਦੇ ਬੇਸ਼ੱਕ ਹੁਣ ਤਕ ਹੋਰ ਕਈ ਮੁੰਡੇ-ਕੁੜੀਆਂ ਦੋਸਤ ਬਣ ਚੁੱਕੇ ਸਨ ਪਰ ਸ਼ਮੀਰਾ ਨੂੰ ਇੰਝ ਲੱਗ ਰਿਹਾ ਸੀ ਜਿਵੇਂ ਉਹ ਅੱਜ ਵਿਕਾਸ ਦੇ ਜਾਣ ਨਾਲ ਇਸ ਸ਼ਹਿਰ ਵਿੱਚ ਇੱਕਲੀ ਰਹਿ ਜਾਵੇਗੀ।

'ਵਿਕਾਸ ਸਰ, ਮੈਂ ਤੁਹਾਨੂੰ ਸਦਾ ਮਿਸ ਕਰਦੀ ਰਹਾਂਗੀ, ਪਲੀਜ਼ ਮੇਰਾ ਫੋਨ ਨੰਬਰ ਕਦੇ ਡਿਲੀਟ ਨਾ ਕਰਿਓ ਤੇ ਮੈਂ ਜਦੋਂ ਵੀ ਤੁਹਾਨੂੰ ਫੋਨ ਕਰਾਂ, ਪਲੀਜ਼ ਜ਼ਰੂਰ ਅਟੈਂਡ ਵੀ ਕਰ ਲਿਓ, ਮੇਰੀ ਜ਼ਿੰਦਗੀ ਵਿੱਚ ਤੁਹਾਡਾ ਸਦਾ ਇੱਕ ਵਿਸ਼ੇਸ਼ ਸਥਾਨ ਰਹੇਗਾ।' ਸ਼ਮੀਰਾ ਨੇ ਝਕਦਿਆਂ-ਝਕਦਿਆਂ ਆਪਣੇ ਦਿਲ ਦੀ ਗੱਲ ਵਿਕਾਸ ਨੂੰ ਕਹਿ ਦਿੱਤੀ।

'ਅਰੇ ਸ਼ੋਅਰ, ਸ਼ਮੀਰਾ ਆਪ ਜੇਹ ਕੈਸੀ ਬਾਤੇਂ ਕਰ ਰਹੀ ਹੋ। ਓ.ਕੇ. ਬਾਏ. ਟੇਕ ਕੇਅਰ, ਸੀ ਯੂ ਨੈਕਸ ਟਾਈਮ।' ਵਿਕਾਸ ਸ਼ਮੀਰਾ ਨੂੰ ਇਹ ਸ਼ਬਦ ਕਹਿ ਕੇ ਉਸ ਨੂੰ ਲੈਣ ਆਏ ਆਪਣੇ ਦੋਸਤ ਦੀ ਗੱਡੀ ਵਿੱਚ ਬਹਿ ਗਿਆ। ਸਮਾਂ ਆਪਣੀ ਰਫ਼ਤਾਰ ਨਾਲ ਤੁਰਿਆ ਗਿਆ। ਕੁਝ ਸਮੇਂ ਬਾਅਦ ਸ਼ਮੀਰਾ ਦਾ ਵਿਕਾਸ ਨੂੰ ਫੋਨ ਆਉਣੋਂ ਘੱਟਦਾ-ਘੱਟਦਾ ਬੰਦ ਹੀ ਹੋ ਗਿਆ।

ਵਿਕਾਸ ਨੇ ਵੀ ਸੋਚਿਆ ਕਿ ਕਈ ਵਾਰ ਕੁਝ ਲੋਕ ਜੀਵਨ ਵਿੱਚ ਥੋੜ੍ਹੇ ਸਮੇਂ ਲਈ ਆਉਂਦੇ ਨੇ ਤੇ ਚਲੇ ਜਾਂਦੇ ਨੇ। ਇਹ ਦੁਨੀਆ ਦਾ ਆਮ ਜਿਹਾ ਵਰਤਾਰਾ ਹੈ। ਇਸ ਵਿੱਚ ਕੋਈ ਬਹੁਤੀ ਵੱਡੀ ਗੱਲ ਨਾ ਸਮਝ ਕੇ ਉਹ ਵੀ ਸਰਕਾਰੀ ਨੌਕਰੀ ਮਿਲਣ ਕਰ ਕੇ ਬਿਜ਼ੀ ਹੋ ਗਿਆ। ਕਰੀਬ ਸਾਲ ਕੁ ਬਾਅਦ ਵਿਕਾਸ ਦੇ ਫੋਨ 'ਤੇ ਕਿਸੇ ਅਨਨੌਨ ਨੰਬਰ ਤੋਂ ਫ਼ੋਨ ਆਇਆ, ਕੰਬਦੀ ਜਿਹੀ ਆਵਾਜ਼ ਵਿੱਚ।

'ਵਿਕਾਸ ਸਰ, ਸਰ, ਮੈਂ ਸ਼ਮੀਰਾ, ਸਰ, ਸਰ।'

'ਹਾਂ-ਹਾਂ ਸ਼ਮੀਰਾ ਕੀ ਗੱਲ? ਤੂੰ ਏਨੀ ਘਬਰਾਈ ਹੋਈ ਕਿਉਂ ਬੋਲ ਰਹੀ ਏਂ?'

ਵਿਕਾਸ ਨੇ ਕਾਫ਼ੀ ਸਮੇਂ ਬਾਅਦ ਸ਼ਮੀਰਾ ਦੇ ਇਸ ਤਰ੍ਹਾਂ ਆਏ ਫੋਨ 'ਤੇ ਹੈਰਾਨੀ ਜਿਹੀ ਜ਼ਾਹਿਰ ਕਰਦਿਆਂ ਪੁੱਛਿਆ?

'ਵਿਕਾਸ ਸਰ ਮੈਂ ਇਸ ਜਹਾਨ ਤੋਂ ਸਦਾ ਲਈ ਜਾ ਰਹੀ ਹਾਂ, ਮੈਂ ਜਾਣ ਤੋਂ ਪਹਿਲਾਂ ਸਿਰਫ਼ ਤੁਹਾਡੇ ਨਾਲ ਹੀ ਗੱਲ ਕਰਨੀ ਚਾਹੁੰਦੀ ਸੀ ਕਿਉਂਕਿ ਮੇਰਾ ਇਸ ਦੁਨੀਆ ਵਿੱਚ ਤੁਹਾਡੇ ਤੋਂ ਇਲਾਵਾ ਹੋਰ ਕੋਈ ਨਹੀਂ ਰਿਹਾ। ਮੈਂ ਚਾਹੁੰਦੀ ਸੀ ਕਿ ਮੈਂ ਤੁਹਾਨੂੰ ਦੱਸ ਜਾਵਾਂ ਕਿ ਮੈਂ ਅੱਜ ਮੌਤ ਨੂੰ ਗਲੇ ਲਗਾ ਰਹੀ ਹਾਂ। ਤੁਸੀਂ ਮੈਨੂੰ ਮਾਫ਼ ਕਰ ਦਿਓ ਕਿਉਂਕਿ ਮੈਂ ਕਾਫ਼ੀ ਦੇਰ ਤੋਂ ਤੁਹਾਨੂੰ ਫੋਨ ਵੀ ਨਹੀਂ ਕੀਤਾ। ਤੁਸੀਂ ਮੇਰੇ ਬਾਰੇ ਇਹੋ ਹੀ ਸੋਚਦੇ ਹੋਵੋਗੇ ਕਿ ਲੋਕ ਮਤਲਬ ਨਿਕਲਣ ਤੋਂ ਬਾਅਦ ਅਕਸਰ ਭੁੱਲ ਹੀ ਜਾਂਦੇ ਨੇ, ਸਰ ਮੈਂ ਭੁੱਲੀ ਤਾਂ ਨਹੀਂ ਸੀ ਪਰ ਭਟਕ ਜ਼ਰੂਰ ਗਈ ਸੀ।' ਸ਼ਮੀਰਾ ਜਾਂਦੀ ਵਾਰੀ ਆਪਣਾ ਸਾਰਾ ਦੁੱਖ ਵਿਕਾਸ ਨੂੰ ਦੱਸਣਾ ਚਾਹ ਰਹੀ ਸੀ।

'ਅਰੇ ਸ਼ਮੀਰਾ ਹੂਆ ਕਿਆ ਹੈ, ਯੇਹ ਤੋ ਬਤਾਅ?' ਵਿਕਾਸ ਨੇ ਹੋਰ ਚਿੰਤਾ ਜ਼ਾਹਿਰ ਕਰਦਿਆਂ ਕਿਹਾ।

'ਸਰ, ਵਿਕਾਸ ਸਰ ਮੇਰੇ ਸਾਥ, ਮੇਰਾ ਰੇਪ ਹੂਆ ਹੈ, ਇਸ ਲੀਏ ਮੈਂ ਅਬ ਜੀਨਾ ਨਹੀਂ ਚਾਹਤੀ।' ਸ਼ਮੀਰਾ ਫੋਨ 'ਤੇ ਹੀ ਭੁੱਬਾਂ ਮਾਰ-ਮਾਰ ਕੇ ਰੋਣ ਲੱਗ ਪਈ।

'ਤੁਮ ਇਸ ਵਕਤ ਕਹਾਂ ਹੋ?' ਵਿਕਾਸ ਨੇ ਉੱਚੀ ਆਵਾਜ਼ ਵਿੱਚ ਸ਼ਮੀਰਾ ਨੂੰ ਪੁੱਛਿਆ।

'ਸਰ ਮੈਂ ਇਸ ਵਕਤ ਆਪਣੀ ਯੂਨੀਵਰਸਿਟੀ ਕੇ ਸਾਥ ਸੇ ਗੁਜ਼ਰਤੇ ਰੇਲਵੇ ਟ੍ਰੈਕ ਪਰ ਹੂੰ ਔਰ ਗਾੜੀ ਕਾ ਹੀ ਇੰਤਜ਼ਾਰ ਕਰ ਰਹੀ ਹੂੰ।' ਆਖਦਿਆਂ ਸ਼ਮੀਰਾ ਦਾ ਫਿਰ ਗਲਾ ਭਰ ਆਇਆ।

'ਦੇਖ ਸ਼ਮੀਰਾ ਅਗਰ ਤੂੰ ਮੇਰੀ ਦਿਲ ਸੇ ਰਸਪੈੱਕਟ ਕਰਤੀ ਹੋ ਤੋ ਮੇਰਾ ਇੰਤਜ਼ਾਰ ਕਰ, ਮੈਂ ਸ਼ਾਮ ਤੱਕ ਤੇਰੇ ਪਾਸ ਪਹੁੰਚ ਜਾਊਂਗਾ, ਮੇਰੇ ਸਾਥ ਵਾਅਦਾ ਕਰ ਕੇ ਤੂੰ ਖ਼ੁਦਕੁਸ਼ੀ ਨਹੀਂ ਕਰੇਗੀ, ਹਮ ਤੇਰੇ ਸਾਥ ਮਿਲ ਕਰ ਇਸ ਜ਼ੁਲਮ ਦੇ ਖ਼ਿਲਾਫ਼ ਜੰਗ ਲੜੇਂਗੇ, ਚਲੋ ਅਬ ਘਰ ਵਾਪਸ ਚਲੋ, ਤੁਜੇ ਮੇਰੀ ਕਸਮ ਹੈ, ਮੈਂ ਅਭੀ ਤੇਰੇ ਪਾਸ ਆਨੇ ਕੇ ਲੀਏ ਨਿਕਲ ਰਹਾ ਹੂੰ।' ਵਿਕਾਸ ਨੇ ਸ਼ਮੀਰਾ ਨੂੰ ਹੌਸਲਾ ਦਿੰਦੇ ਹੋਏ ਕਿਹਾ।

ਸ਼ਾਮ ਢਲਦਿਆਂ ਵਿਕਾਸ ਸ਼ਮੀਰਾ ਦੇ ਕੋਲ ਸੀ।

'ਵਿਕਾਸ ਸਰ, ਤੁਹਾਡੇ ਜਾਣ ਤੋਂ ਬਾਅਦ ਮੇਰੀ ਦੋਸਤੀ ਮੇਰੇ ਕਲਾਸਮੇਟ ਅਭਿਨਵ ਨਾਲ ਹੋ ਗਈ। ਉਹ ਵੇਖਣ ਨੂੰ ਇੱਕ ਵਧੀਆ ਇਨਸਾਨ ਲੱਗਦਾ ਸੀ ਪਰ ਇਹ ਉਸ ਨੇ ਮੈਨੂੰ ਫਸਾਉਣ ਲਈ ਆਪਣੇ ਚਿਹਰੇ 'ਤੇ ਇੱਕ ਮਖੌਟਾ ਪਹਿਨਿਆ ਹੋਇਆ ਸੀ। ਵਿਕਾਸ ਸਰ ਉਸ ਨੇ ਮੈਨੂੰ ਬਹਾਨੇ ਨਾਲ ਇੱਕ ਹੋਟਲ ਵਿੱਚ ਬੁਲਾਇਆ ਅਤੇ ਫੇਰ ਮੇਰੇ ਨਾਲ ਉਸ ਨੇ ਜਬਰਦਸਤੀ...।' ਸ਼ਮੀਰਾ ਨੇ ਵਿਕਾਸ ਨੂੰ ਆਪਣਾ ਸਾਰਾ ਦਰਦ ਬਿਆਨ ਕਰ ਦਿੱਤਾ। ਵਿਕਾਸ ਨੇ ਸ਼ਮੀਰਾ ਨੂੰ ਹੌਸਲਾ ਦਿੱਤਾ ਅਤੇ ਉਸ ਕਮੀਨੇ ਸ਼ਖ਼ਸ ਖ਼ਿਲਾਫ਼ ਡੱਟ ਕੇ ਲੜਾਈ ਲੜਨ ਲਈ ਪੂਰੀ ਤਰ੍ਹਾਂ ਪਰਪੇਅਰ ਅਤੇ ਗਾਈਡ ਕਰ ਕੇ ਉਸ ਨੂੰ ਨਾਲ ਲੈ ਕੇ ਸਬੰਧਤ ਥਾਣੇ ਵਿੱਚ ਐੱਫ.ਆਈ.ਆਰ. ਦਰਜ ਕਰਵਾ ਦਿੱਤੀ।

ਸ਼ਮੀਰਾ ਦਾ ਮੈਡੀਕਲ ਹੋਇਆ ਜਿਸ ਵਿੱਚ ਜਬਰ-ਜਨਾਹ ਹੋਣ ਦੀ ਪੁਸ਼ਟੀ ਹੋ ਗਈ। ਵਿਕਾਸ ਨੇ ਆਪਣੇ ਕੁਝ ਪੁਰਾਣੇ ਸਾਥੀ ਡਾਕਟਰਾਂ ਅਤੇ ਨਵੇਂ ਸਟੂਡੈਂਟਸ ਨੂੰ ਨਾਲ ਲੈ ਕੇ ਪ੍ਰਸ਼ਾਸ਼ਨ 'ਤੇ ਦਬਾਅ ਬਣਾ ਕੇ ਦੋਸ਼ੀ ਦੀ ਗ੍ਰਿਫ਼ਤਾਰੀ ਵੀ ਜਲਦੀ ਹੀ ਕਰਵਾ ਦਿੱਤੀ। ਚੱਲਦੇ ਮੁਕੱਦਮੇ ਦੌਰਾਨ ਸ਼ਮੀਰਾ ਅਤੇ ਵਿਕਾਸ ਨੂੰ ਸਮਝੌਤੇ ਲਈ ਆਏ ਦਿਨ ਕਈ ਔਫਰਾਂ ਆਉਂਦੀਆਂ ਰਹੀਆਂ। ਜਦੋਂ ਉਹ ਨਾ ਮੰਨੇ ਤਾਂ ਫਿਰ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਆਈਆਂ ਪਰ ਵਿਕਾਸ ਦੇ ਸਹਾਰੇ ਕਰਕੇ ਸ਼ਮੀਰਾ ਟੱਸ ਤੋਂ ਮੱਸ ਨਾ ਹੋਈ। ਵਿਕਾਸ ਅਤੇ ਸ਼ਮੀਰਾ ਨੇ ਆਖ਼ਰ ਦੋਸ਼ੀ ਨੂੰ ਸਜ਼ਾ ਕਰਵਾ ਕੇ ਹੀ ਦਮ ਲਿਆ। ਜਿਸ ਦੇ ਚਰਚੇ ਅਖ਼ਬਾਰਾਂ ਵਿੱਚ ਵੀ ਬਹੁਤ ਪੜ੍ਹੇ-ਸੁਣੇ ਗਏ।

ਅੱਜ ਸ਼ਮੀਰਾ ਉਸੇ ਹੀ ਥਾਂ 'ਤੇ ਖੜ੍ਹੀ ਜਿੱਥੇ ਕਦੇ ਵਿਕਾਸ ਨੂੰ ਪਹਿਲੀ ਵਾਰ ਮਿਲੀ ਸੀ ਪਰ ਅੱਜ ਉਸ ਨੂੰ ਵਿਕਾਸ ਦਾ ਉਸ ਕੋਲੋਂ ਦੂਰ ਜਾਣਾ ਉਸ ਦੀ ਜਾਨ ਜਾਣ ਵਾਂਗ ਲੱਗ ਰਿਹਾ ਸੀ। ਉਹ ਵਿਕਾਸ ਨੂੰ ਆਪਣੇ ਤੋਂ ਦੂਰ ਨਹੀਂ ਜਾਣ ਦੇਣਾ ਚਾਹੁੰਦੀ ਸੀ ਪਰ ਉਹ ਉਸ ਨੂੰ ਕੁਝ ਕਹਿ ਵੀ ਨਹੀਂ ਸਕਦੀ ਸੀ ਕਿਉਂਕਿ ਉਹ ਆਪਣੇ ਆਪ ਵਿੱਚ ਹੀਣ ਭਾਵਨਾ ਮਹਿਸੂਸ ਕਰ ਰਹੀ ਸੀ।

'ਸ਼ਮੀਰਾ ਕੋਰਸ ਤਾਂ ਤੇਰਾ ਹੁਣ ਖ਼ਤਮ ਹੋ ਚੁੱਕਾ ਹੈ। ਹੁਣ ਤੇਰਾ ਇਸ ਸ਼ਹਿਰ ਵਿੱਚ ਰਹਿਣਾ ਠੀਕ ਨਹੀਂ ਹੈ। ਤੇਰੀ ਜਾਨ ਨੂੰ ਖ਼ਤਰਾ ਵੀ ਹੋ ਸਕਦਾ ਹੈ ਕਿਉਂਕਿ ਅਸੀਂ ਦੋਸ਼ੀ ਨੂੰ ਤਾਂ ਜੇਲ੍ਹ ਅੰਦਰ ਕਰਵਾ ਦਿੱਤਾ ਹੈ ਪਰ ਉਹ ਆਪਣੇ ਸਾਥੀਆਂ ਕੋਲੋਂ ਕੁਝ ਵੀ ਕਰਵਾ ਸਕਦਾ ਹੈ।' ਵਿਕਾਸ ਨੇ ਸ਼ਮੀਰਾ ਨੂੰ ਆਉਣ ਵਾਲੇ ਖ਼ਤਰੇ ਤੋਂ ਸਾਵਧਾਨ ਕੀਤਾ।

'ਪਰ, ਸਰ ਮੈਂ ਹੁਣ ਜਾਵਾਂਗੀ ਵੀ ਕਿੱਥੇ? ਕਿਉਂਕਿ ਮੇਰੀ ਮੰਮੀ ਦੀ ਵੀ ਡੈਥ ਹੋ ਚੁੱਕੀ ਹੈ, ਜਿਸ ਬਾਰੇ ਮੈਂ ਤੁਹਾਡੇ ਨਾਲ ਗੱਲ ਨਹੀਂ ਕੀਤੀ ਸੀ। ਜੋ ਮੇਰੀ ਬਹੁਤ ਭਾਰੀ ਗ਼ਲਤੀ ਸੀ ਕਿਉਂਕਿ ਮੈਂ ਉਸ ਵਕਤ ਕਿਸੇ ਹੋਰ ਹੀ ਦੁਨੀਆ ਵਿੱਚ ਵੱਸ ਰਹੀ ਸੀ।' ਸ਼ਮੀਰਾ ਦੀਆਂ ਸ਼ਰਮਿੰਦਗੀ ਨਾਲ ਅੱਖਾਂ ਨੀਵੀਆਂ ਹੋ ਗਈਆਂ।

ਆਂਟੀ ਜੀ ਦਾ ਤੇਰਾ ਇਸ ਤਰ੍ਹਾਂ ਸਾਥ ਛੱਡ ਕੇ ਜਾਣ ਦਾ ਮੈਨੂੰ ਬਹੁਤ ਦੁੱਖ ਲੱਗਾ ਹੈ ਪਰ ਇਹ ਉਸ ਭਗਵਾਨ ਦਾ ਹੁਕਮ ਹੁੰਦਾ ਹੈ। ਇਸ ਨੂੰ ਕੋਈ ਵੀ ਨਹੀਂ ਟਾਲ ਸਕਦਾ, ਬਾਕੀ ਸ਼ਮੀਰਾ ਤੂੰ ਹੁਣ ਮੇਰੇ ਨਾਲ ਮੇਰੇ ਘਰ ਜਾਵੇਂਗੀ ਤੇ ਉੱਥੇ ਹੀ ਰਹੇਂਗੀ ਕਿਉਂਕਿ ਪਹਿਲਾਂ ਮੈਂ ਇੱਕ ਭੈਣ ਦਾ ਭਰਾ ਸੀ। ਹੁਣ ਮੈਂ ਦੋ ਭੈਣਾਂ ਦਾ ਭਰਾ ਬਣ ਕੇ ਆਪਣੇ ਆਪ ਨੂੰ ਹੋਰ ਵੱਡਾ ਮਹਿਸੂਸ ਕਰਾਂਗਾ।' ਵਿਕਾਸ ਨੇ ਆਪਣਾ ਫ਼ਰਜ਼ ਨਿਭਾਉਂਦਿਆਂ ਇੱਕ ਮੂੰਹ ਬੋਲੇ ਰਿਸ਼ਤੇ ਦੀ ਬੁਨਿਆਦ ਰੱਖ ਦਿੱਤੀ। ਸ਼ਮੀਰਾ ਦੀਆਂ ਅੱਖਾਂ ਵਿੱਚੋਂ ਵਹਿੰਦੇ ਹੰਝੂਆਂ ਨੇ ਚਿਰਾਂ ਤੋਂ ਬਣੇ ਕੱਚੇ ਰਿਸ਼ਤਿਆਂ ਦੇ ਸਾਰੇ ਮਹਿਲ ਢਾਹ ਦਿੱਤੇ ਅਤੇ ਉਸ ਦੀਆਂ ਅੱਖਾਂ ਵਿੱਚੋਂ ਵਿਕਾਸ ਦੇ ਹੱਥਾਂ 'ਤੇ ਡਿੱਗੇ ਕੁਝ ਹੰਝੂਆਂ ਦੇ ਤੁਪਕਿਆਂ ਨੇ ਇਕ ਪਾਕੀਜ਼ਗੀ ਭਰੇ ਪਵਿੱਤਰ ਰਿਸ਼ਤੇ ਦੀ ਤਸਵੀਰ ਬਣਾ ਦਿੱਤੀ।

ਯਾਦਾਂ ਦੇ ਸਾਗਰ ਵਿੱਚ ਗੋਤੇ ਖਾਦਿਆਂ ਸ਼ਮੀਰਾ ਨੂੰ ਪਤਾ ਹੀ ਨਾ ਲੱਗਾ ਕਦੋਂ ਘਰਦੇ ਸਾਰੇ ਜੀਅ ਤਿਆਰ ਹੋ ਕੇ ਬਾਹਰ ਖੜ੍ਹੇ ਉਸ ਨੂੰ ਉਡੀਕ ਰਹੇ ਸਨ। ਉਹ ਓਦੋਂ ਇੱਕ ਦਮ ਤ੍ਰਬਕ ਕੇ ਉੱਠੀ ਜਦੋਂ ਵਿਕਾਸ ਦੇ ਵੱਡੇ ਬੇਟੇ ਬਬਲੂ ਨੇ ਕੋਲ ਆ ਕੇ ਕਿਹਾ, 'ਭੂਆ ਜੀ, ਕੀ ਕਰ ਰਹੇ ਹੋ? ਆਓ ਚੱਲੀਏ ਹੁਣ, ਬਾਹਰ

ਮੰਮਾ ਤੇ ਸ਼ੈਂਪੀ ਗੱਡੀ ਵਿੱਚ ਬੈਠੇ ਤੁਹਾਡੀ ਹੀ ਉਡੀਕ ਕਰ ਰਹੇ ਨੇ, ਅਸੀਂ ਕਾਫ਼ੀ ਲੇਟ ਹੋ ਗਏ ਹਾਂ। ਅਸੀਂ ਸ਼ੈਂਪੀ ਨੂੰ ਛੱਡ ਕੇ ਵਾਪਸ ਵੀ ਮੁੜਨਾ ਏ।'

ਸ਼ਮੀਰਾ ਵਕਤੋਂ ਪਹਿਲਾਂ ਭਰੇ ਪਰਿਵਾਰ ਨੂੰ ਸਦਾ ਲਈ ਛੱਡ ਕੇ ਤੁਰ ਗਏ ਆਪਣੇ ਮੂੰਹ ਬੋਲੇ ਵੀਰ ਵਿਕਾਸ ਦੀ ਛੋਟੀ ਬੇਟੀ ਸ਼ੈਂਪੀ ਨੂੰ ਪਰਿਵਾਰ ਸਮੇਤ ਅੱਜ ਉਸੇ ਮੈਡੀਕਲ ਯੂਨੀਵਰਸਿਟੀ ਵਿੱਚ ਐੱਮ.ਬੀ.ਬੀ.ਐੱਸ. ਦਾ ਕੋਰਸ ਕਰਨ ਲਈ ਛੱਡਣ ਜਾਣ ਲੱਗਿਆਂ ਉਸ ਯੂਨੀਵਰਸਿਟੀ ਨਾਲ ਜੁੜੀਆਂ ਆਪਣੇ ਅਤੇ ਵਿਕਾਸ ਦੀਆਂ ਯਾਦਾਂ ਵਿੱਚ ਵਹਿੰਦਿਆਂ ਰੁਮਾਲ ਨਾਲ ਆਪਣੀਆਂ ਅੱਖਾਂ ਪੂੰਝਦੀ ਗੱਡੀ ਵਿੱਚ ਬਹਿੰਦਿਆਂ, ਹਾਉਕਾ ਭਰਦਿਆਂ ਬੋਲੀ, 'ਵੀਰਾ ਕਿੰਨਾ ਚੰਗਾ ਲੱਗਦਾ ਜੇ ਅੱਜ ਤੂੰ ਵੀ ਸਾਰੇ ਪਰਿਵਾਰ ਨਾਲ ਹੁੰਦਾ।'

---

ਮਿੰਨੀ ਕਹਾਣੀ

## ਪੱਗ ਤੇ ਇੱਜ਼ਤ

ਭੋਲਾ ਸਿੰਘ ਸ਼ਮੀਰੀਆ

ਮੇਰੇ ਮਿੱਤਰ ਦਾ ਵੱਡਾ ਭਰਾ ਗੋਗੂ ਮੱਝਾਂ ਦਾ ਵਪਾਰੀ ਸੀ। ਮੱਝਾਂ ਦੀ ਖਰੀਦੋ-ਫਰੋਖਤ ਸਮੇਂ ਉਹ ਗੱਪ-ਸ਼ੱਪ ਮਾਰਨ ਦਾ ਆਦੀ ਹੋ ਚੁੱਕਾ ਸੀ। ਲੋਕ ਉਸ ਦੀ ਪਿੱਠ ਪਿੱਛੇ ਉਸਨੂੰ ਠੱਗ ਕਹਿੰਦੇ। ਕਿਸੇ ਤੋਕੜ ਮੱਝ (ਜੋ ਜ਼ਿਆਦਾ ਚਿਰ ਦੀ ਸੂਈ ਹੋਵੇ) ਦੇ ਮਗਰ ਕਟਰੂ ਲਾ ਕੇ ਉਹ ਤੋਕੜ ਮੱਝ ਨੂੰ ਸੱਜਰ ਸੂਈ ਮੱਝ ਬਣਾ ਕੇ ਵੇਚ ਦਿੰਦਾ ਸੀ। ਅਸਲ ਵਿੱਚ ਠੱਗੀ ਮਾਰਨਾ ਉਸ ਦੇ ਖ਼ੂਨ ਵਿੱਚ ਰਚ ਚੁੱਕਾ ਸੀ। ਰਾਜਸਥਾਨ ਦੇ ਨੂਨਕਰਨਸਰ ਦੇ ਕੋਲ ਉਨ੍ਹਾਂ ਦੀ ਦੋ ਮੁਰੱਬੇ ਜ਼ਮੀਨ ਪਈ ਸੀ ਜੋ ਉਨ੍ਹਾਂ ਦੇ ਦਾਦਿਆਂ-ਪੜਦਾਦਿਆਂ ਦੀ ਜ਼ਮੀਨ ਸੀ ਤੇ ਹੁਣ ਉਹ ਜ਼ਮੀਨ ਉਨ੍ਹਾਂ ਦਾ ਵਿਰਾਸਤੀ ਹੱਕ ਬਣ ਚੁੱਕੀ ਸੀ। ਇਨ੍ਹਾਂ ਦੇ ਪਰਿਵਾਰ ਨੇ ਉਹ ਜ਼ਮੀਨ ਵੇਚ ਕੇ ਇਧਰ ਪੰਜਾਬ ਵਿੱਚ ਜ਼ਮੀਨ ਖਰੀਦਣ ਦਾ ਫ਼ੈਸਲਾ ਕਰ ਲਿਆ ਸੀ। ਨੂਨਕਰਨਸਰ ਵਾਲੀ ਜ਼ਮੀਨ ਨੂੰ ਹਿੱਸੇ ਠੇਕੇ 'ਤੇ ਦੇਣ ਦਾ ਕੰਮ ਮੇਰੇ ਮਿੱਤਰ ਦੇ ਪਿਤਾ ਜੀ ਹੀ ਕਰਿਆ ਕਰਦੇ ਸਨ। ਇੱਕ ਦਿਨ ਮੇਰਾ ਮਿੱਤਰ ਸੁਲੱਖਣ ਮੈਨੂੰ ਕਹਿਣ ਲੱਗਿਆ, "ਯਾਰ ਭੋਲਾ ਸਿਆਂ! ਅਸੀਂ ਨੂਨਕਰਨਸਰ ਵਾਲੀ ਜ਼ਮੀਨ ਵੇਚਣੀ ਐ। ਬਾਪੂ ਜੀ ਤੋਂ ਹੁਣ ਤੁਰਿਆ ਫਿਰਿਆ ਨੀ ਜਾਂਦਾ। ਤੂੰ ਤੇ ਸਾਡਾ ਗੋਗੂ ਨੂਨਕਰਨਸਰ ਜਾ ਕੇ ਜ਼ਮੀਨ ਦੇਖ ਕੇ ਆਉ। ਘੱਟੋ-ਘੱਟ ਸਾਨੂੰ ਐਂ ਤਾਂ ਪਤਾ ਲੱਗ ਜੂ ਬਈ ਸਾਡੀ ਜ਼ਮੀਨ ਹੈ ਕਿੱਥੇ ਕੁ। ਅਸੀਂ ਤਾਂ ਉਹ ਜ਼ਮੀਨ ਦੇਖੀ ਵੀ ਨੀ, ਬੱਸ ਬਾਪੂ ਨੂੰ ਈ ਪਤੈ ਜ਼ਮੀਨ ਹੈ ਕਿੱਥੇ ਕੁ।" ਮੈਂ ਨਾਲ ਜਾਣ ਨੂੰ 'ਹਾਂ' ਕਰ ਦਿੱਤੀ। ਗੋਗੂ ਦੇ ਬਾਪੂ ਜੀ ਨੇ ਮੰਜੇ 'ਤੇ ਪਏ ਨੇ ਹੀ ਸਾਨੂੰ ਜ਼ਮੀਨ ਦੀ ਸਾਰੀ ਸਥਿਤੀ ਸਮਝਾ ਦਿੱਤੀ। ਨੂਨਕਰਨਸਰ ਸਟੇਸ਼ਨ ਤੋਂ ਉਤਰ ਕੇ ਅੱਠ-ਦਸ ਕਿਲੋਮੀਟਰ ਦੀ ਦੂਰੀ 'ਤੇ ਸੀ ਉਨ੍ਹਾਂ ਦੀ ਜ਼ਮੀਨ। ਜਦੋਂ ਅਸੀਂ ਬਾਪੂ ਜੀ ਦੀ ਦੱਸੀ ਹੋਈ ਸਥਿਤੀ ਮੁਤਾਬਿਕ ਉਸ ਚੱਕ ਵਿੱਚ ਪਹੁੰਚੇ ਤਾਂ ਅਸੀਂ ਰਸਤਾ ਥੋੜ੍ਹਾ ਜਿਹਾ ਭਟਕ ਗਏ। ਸਾਨੂੰ ਕਿਹਾ ਤਾਂ ਇਹ ਗਿਆ ਸੀ ਕਿ ਤੁਸੀਂ ਪਿੰਡ ਦੀ ਫਿਰਨੀ ਤੋਂ ਸੱਜੇ ਹੱਥ ਮੁੜਨਾ ਹੈ। ਪਰ ਅਸੀਂ ਭੁਲੇਖੇ ਨਾਲ ਉਲਟ ਦਿਸ਼ਾ ਵੱਲ ਮੁੜ ਗਏ। ਸਬੱਬ ਨਾਲ ਜੋ ਸਥਿਤੀ ਤੇ ਹੁਲੀਆ ਬਾਪੂ ਨੇ ਜ਼ਮੀਨ ਦਾ ਸਮਝਾਇਆ ਸੀ। ਅੱਗੇ ਜਾ ਕੇ ਬਿਲਕੁਲ ਉਸੇ ਹੁਲੀਏ ਦੀ ਜ਼ਮੀਨ ਦੀ ਇੱਕ ਨੁੱਕਰ ਵਿੱਚ ਜਾ ਖੜ੍ਹੇ। ਉਸ ਜ਼ਮੀਨ ਵਿੱਚ ਵੀ ਸਬੱਬ ਨਾਲ ਜੰਡ ਤੇ ਬੇਰੀ ਇਕੱਠੇ ਇੱਕ ਖੂੰਜੇ ਵਿੱਚ ਖੜ੍ਹੇ ਸਨ। ਅਸੀਂ ਉਸ ਜ਼ਮੀਨ ਨੂੰ ਆਪਣੀ ਸਮਝ ਕੇ ਬੇਰੀ ਹੇਠ ਬੈਠ ਗਏ। ਇਤਫ਼ਾਕਵੱਸ, ਇਹ ਜ਼ਮੀਨ ਵੀ ਕਿਸੇ ਸਰਦਾਰ ਦੀ ਸੀ। ਸਾਡੇ ਵਾਂਗੂੰ ਇਹ ਜ਼ਮੀਨ ਵੀ ਵਿਕਾਊ ਸੀ। ਉਸ ਏਰੀਏ ਦੇ ਸਾਰੇ ਦਲਾਲਾਂ ਨੂੰ ਪਤਾ ਸੀ ਕਿ ਇਹ ਜ਼ਮੀਨ ਵਿਕਾਊ ਹੈ। ਅਸੀਂ ਅਜੇ ਬੈਠ ਹੀ ਰਹੇ ਸੀ ਕਿ ਇੱਕ ਦਲਾਲ ਜ਼ਮੀਨ ਲੈਣ ਵਾਲੇ ਗਾਹਕਾਂ ਨੂੰ ਲੈ ਕੇ ਆ ਗਿਆ। ਉਨ੍ਹਾਂ ਨੇ ਸਾਨੂੰ ਪੁੱਛਿਆ ਕਿ ਇਹ ਜ਼ਮੀਨ ਤੁਹਾਡੀ ਹੈ? ਅਸੀਂ 'ਹਾਂ' ਵਿੱਚ ਸਿਰ ਹਿਲਾਇਆ। ਅਸਲ ਵਿੱਚ ਅਸੀਂ ਵੀ ਉਸ ਜ਼ਮੀਨ ਨੂੰ ਆਪਣੀ ਸਮਝ ਬੈਠੇ ਸਾਂ ਜਦੋਂਕਿ ਇਹ ਜ਼ਮੀਨ ਕਿਸੇ ਹੋਰ ਸਰਦਾਰ ਦੀ ਸੀ।

"ਸਰਦਾਰ ਜੀ, ਜ਼ਮੀਨ ਵਿਕਾਊ ਹੈ?"

"ਹਾਂ" ਗੋਗੂ ਨੇ ਥੋੜ੍ਹਾ ਜਿਹਾ ਸਿਰ ਹਿਲਾਇਆ।

"ਦੱਸੋ ਫਿਰ ਕੀ ਮੰਗਦੇ ਹੋ?" ਭਾਨੂੰ ਪ੍ਰਤਾਪ ਦਲਾਲ ਨੇ ਪੁੱਛਿਆ।

ਗੋਗੂ ਨੇ ਬਿਨਾਂ ਸਲਾਹ ਕੀਤਿਆਂ ਹੀ ਇੱਕ ਮਰੱਬੇ ਦਾ ਪੰਜ ਲੱਖ ਮੰਗ ਲਿਆ। ਅਖੀਰ ਗੱਲ ਚਾਰ ਲੱਖ ਪ੍ਰਤੀ ਮਰੱਬਾ ਦੇ ਹਿਸਾਬ ਨਾਲ ਮੁੱਕ ਗਈ। ਭਾਨੂੰ ਪ੍ਰਤਾਪ ਨੇ ਦਸ ਹਜ਼ਾਰ ਰੁਪਏ ਦੀ ਗੁੱਟੀ ਸਾਈ ਦੇ ਤੌਰ 'ਤੇ ਗੋਗੂ ਨੂੰ ਫੜਾ ਦਿੱਤੀ ਅਤੇ ਪਰਸੋਂ ਬਿਆਨਾ ਲਿਖਣ ਦਾ ਇਕਰਾਰ ਵੀ ਹੋ ਗਿਆ। ਅਸਲ ਵਿੱਚ ਭਾਨੂੰ ਪ੍ਰਤਾਪ ਵੀ ਸਾਨੂੰ ਉਸ ਜ਼ਮੀਨ ਦਾ ਅਸਲ ਹੱਕਦਾਰ ਸਮਝ ਬੈਠਾ ਸੀ। ਅਸੀਂ ਦਸ ਹਜ਼ਾਰ ਫੜ ਕੇ ਨੂਨਕਰਨਸਰ ਤੋਂ ਗੱਡੀ ਰਾਹੀਂ ਪਿੰਡ ਆ ਗਏ। ਜਦੋਂ ਗੋਗੂ ਨੇ ਬਾਪੂ ਨੂੰ ਸਾਰੀ ਗੱਲ ਸਮਝਾਈ ਤਾਂ ਸਾਨੂੰ ਪਤਾ ਲੱਗਿਆ ਕਿ ਉਹ ਜ਼ਮੀਨ ਉਨ੍ਹਾਂ ਦੀ ਨਹੀਂ ਸੀ। ਉਹ ਤਾਂ ਕਿਸੇ ਹੋਰ ਸਰਦਾਰ ਦੀ ਸੀ। ਗੋਗੂ ਖ਼ੁਸ਼ ਹੋਇਆ ਕਿ ਦਸ ਹਜ਼ਾਰ ਦੀ ਟੋਪੀ ਮਾਰ ਲਈ ਹੈ। ਗੋਗੂ ਉਂਝ ਵੀ ਇਸ ਤਰ੍ਹਾਂ ਦੀਆਂ ਠੱਗੀਆਂ ਠੋਰੀਆਂ ਦਾ ਆਦੀ ਸੀ। ਉਸ ਨੂੰ ਖ਼ੁਸ਼ ਦੇਖ ਕੇ ਮੈਨੂੰ ਝਟਕਾ ਜਿਹਾ ਲੱਗਿਆ। ਚਾਹ ਪਾਣੀ ਪੀਣ ਤੋਂ ਬਾਅਦ ਮੈਂ ਗੋਗੂ ਨੂੰ ਪਾਸੇ ਲਿਜਾ ਕੇ ਕਿਹਾ, "ਗੋਗੂ! ਦੇਖ ਤੇਰੇ ਵੀ ਪੱਗ ਬੰਨ੍ਹੀ ਐ ਤੇ ਮੇਰੇ ਵੀ ਪੱਗ ਬੰਨ੍ਹੀ ਐ। ਆਪਣੀ ਇਸ ਤਰ੍ਹਾਂ ਦੀ ਠੱਗੀ ਨਾਲ ਆਪਣਾ ਸਮੁੱਚਾ ਸਰਦਾਰ ਭਾਈਚਾਰਾ ਬਦਨਾਮ ਹੋਵੇਗਾ। ਗੱਲ ਦਸ ਹਜ਼ਾਰ ਦੀ ਨੀ... ਗੱਲ ਪੱਗ ਦੀ ਬਦਨਾਮੀ ਦੀ ਐ।

(ਬਾਕੀ ਸਫ਼ਾ 27 'ਤੇ)

# ਮੇਰੀ ਕਲਮ

## ਬੜੇ ਹੀ ਖ਼ੂਬਸੂਰਤ ਹਰ ਨਗਰ ਵਿੱਚ



ਬੜੇ ਹੀ ਖ਼ੂਬਸੂਰਤ ਹਰ ਨਗਰ ਵਿੱਚ ਘਰ ਵੀ ਹੁੰਦੇ ਨੇ
ਅਤੀ ਸੁੰਦਰ ਤੇ ਵੇਖਣਯੋਗ ਕੁਝ ਖੰਡਰ ਵੀ ਹੁੰਦੇ ਨੇ
ਅਜਬ ਨੇ ਸ਼ੌਕ ਲੋਕਾਂ ਦੇ ਕਿ ਸ਼ੀਸ਼ੇ ਦੇ ਘਰਾਂ ਅੰਦਰ
ਸਜਾਵਟ ਵਾਸਤੇ ਰੱਖੇ ਉਨ੍ਹਾਂ ਪੱਥਰ ਵੀ ਹੁੰਦੇ ਨੇ
ਘੜੀ ਵੱਲ ਵੇਖਦਾ ਉਹ ਤੇਜ਼ ਤੁਰਦਾ ਸੋਚਦਾ ਅਕਸਰ
ਕਈ ਥਿਰ ਹੋ ਗਏ ਪਲ ਆਦਮੀ ਅੰਦਰ ਵੀ ਹੁੰਦੇ ਨੇ
ਅਸਾਨੂੰ ਵੀ ਪਤਾ ਹੈ ਕਿ ਸਮੁੰਦਰ 'ਚੋਂ ਮਿਲਣ ਮੋਤੀ
ਕਈ ਪ੍ਰਕਾਰ ਦੇ ਪਰ ਮਨ 'ਚ ਬੈਠੇ ਡਰ ਵੀ ਹੁੰਦੇ ਨੇ
ਮੇਰੇ ਨੈਣਾਂ 'ਚ ਉਸਨੇ ਵੇਖਿਆ ਤੇ ਆਖਿਆ ਮੈਨੂੰ
ਸਵਾਲਾਂ ਵਿੱਚ ਕਈ ਵਾਰੀ ਪਏ ਉੱਤਰ ਵੀ ਹੁੰਦੇ ਨੇ
ਲਿਖੇ ਜਾਂਦੇ ਨੇ ਜੋ ਆਕਾਸ਼ 'ਤੇ ਹੀ ਰਾਤ ਅੱਧੀ ਨੂੰ
ਹਿਜਰ ਦੀ ਪੀੜ ਦਾ ਅਨੁਵਾਦ ਉਹ ਅੱਖਰ ਵੀ ਹੁੰਦੇ ਨੇ
ਉਡਾਰੀ ਲਾ ਗਈ ਉਹ ਵੀ ਉਤਾਰੀ ਅਰਸ਼ ਤੋਂ ਜਿਹੜੀ
'ਅਮਰ' ਸੀ ਭੁੱਲ ਬੈਠਾ ਕਿ ਪਰੀ ਦੇ ਪਰ ਵੀ ਹੁੰਦੇ ਨੇ

-ਅਮਰਦੀਪ ਸੰਧਾਵਾਲੀਆ

## .ਗ਼ਜ਼ਲ

ਬਲਵਿੰਦਰ ਬਾਲਮ

ਜੀਣਾ ਮਰਨਾ ਤੇਰੇ ਨਾਲ ਜਦ ਫਿਰ ਕਿਉਂ ਜਾਵਾਂ ਹੋਰ ਕਿਤੇ।
ਅਪਣੀ ਰਹਿਮਤ ਦਾ ਸਰਮਾਇਆ ਮੈਂ ਕਿਉਂ ਪਾਵਾਂ ਹੋਰ ਕਿਤੇ।
ਓਧਰ ਵੱਖਰੇ ਯਾਰਾਨੇ ਤੇ ਏਧਰ ਵੱਖਰੇ ਅ.ਫ਼ਸਾਨੇ,
ਇੰਝ ਨਈਂ ਹੋਣਾ ਲੋਕਾਂ ਨੂੰ ਫਿਰ ਮੈਂ ਸਮਝਾਵਾਂ ਹੋਰ ਕਿਤੇ।
ਤੇਰੇ ਰੁੱਖ ਦੀ ਛਾਵੇਂ ਬਹਿ ਇੱਕ ਸਕੂਨ ਨਜ਼ਾਰਾ ਪਾਇਆ,
ਐਪਰ ਮਤਲਬ ਪਿੱਛੋਂ ਫਿਰ ਕਿਉਂ ਆਵਾਂ ਜਾਵਾਂ ਹੋਰ ਕਿਤੇ।
ਚਿੰਤਾ ਵਾਲੀ ਚਾਰ ਦੀਵਾਰੀ ਮਸਤਕ ਵਾਲੀ ਬੁਗਨੀ ਵਿੱਚ,
ਅਪਣੀ ਮਸਤੀ ਦੇ ਵਿੱਚ ਅਪਣੀ ਮੌਜ ਲੁਟਾਵਾਂ ਹੋਰ ਕਿਤੇ।
ਉਸ ਦੇ ਚਿਹਰੇ ਦੀ ਮੁਸਕਾਨ 'ਚ ਇੱਕ ਬਣਾਉਟੀਪਣ ਝਲਕੇ,
ਤਕਦਾ ਏਧਰ ਵਾਲੇ ਪਾਸੇ ਚੋਰ ਨਿਗ੍ਹਾਵਾਂ ਹੋਰ ਕਿਤੇ।
ਤੇਰੇ ਨੈਣਾਂ ਵਿੱਚ ਗੁ.ਫ਼ਾਵਾਂ ਦਾ ਸਿਰਨਾਵਾਂ ਲਭਦਾ ਨਈਂ,
ਇਸ ਮੰਜ਼ਿਲ ਦੀਆਂ ਛੁਪੀਆਂ ਹੋਈਆਂ ਲਗਦਾ ਰਾਵ੍ਹਾਂ ਹੋਰ ਕਿਤੇ।
ਇਸ ਗੁੱਡੀ ਨੇ ਅੰਬਰ ਦੇ ਵਿੱਚ ਮੁਮਕਿਨ ਹੈ ਕਿ ਚੜ੍ਹਣਾ ਨਈਂ,
ਕਿਉਂਕਿ ਇਸ ਦੀਆਂ ਅਗਰ ਤਣਾਵਾਂ ਮਗਰ ਤਣਾਵਾਂ ਹੋਰ ਕਿਤੇ।
ਇੱਕ ਕਮਾਨ 'ਚ ਦੋ-ਦੋ ਤੀਰ ਚਲਾਵਣ ਦੀ ਸਮਰੱਥਾ ਹੈ,
ਇੱਕ ਚੜ੍ਹਾਵਾਂ ਏਧਰ ਪਾਸੇ ਇੱਕ ਚੜ੍ਹਾਵਾਂ ਹੋਰ ਕਿਤੇ।
ਸਮਝਣ ਵਾਲੇ ਸਮਝਣਗੇ ਸਮਝਣ ਵਾਲੀ ਗੱਲ ਸਮਝਣ ਜੇ,
ਗੱਲ ਸੁਣਾਵਾਂ .ਗ਼ੈਰਾਂ ਨੂੰ ਤੇ ਪਾਠ ਪੜ੍ਹਾਵਾਂ ਹੋਰ ਕਿਤੇ।
ਮਜਬੂਰੀ ਵੀ ਇੱਛਾਵਾਂ ਨੂੰ ਫਾਂਸੀ ਤੇ ਲਟਕਾ ਦਿੰਦੀ ਹੈ,
ਅੱਟੀ-ਸੱਟੀ ਹੋਰ ਕਿਤੇ ਹੈ ਐਪਰ ਲਾਵਾਂ ਹੋਰ ਕਿਤੇ।
ਇਹ ਤਾਂ ਹਰਗਿ.ਜ਼ ਹੋ ਨਈਂ ਸਕਦਾ .ਗ਼ਜ਼ਲ ਤਿਰੀ ਨੂੰ ਵਿੱਚ ਤਰੰਨੁਮ,
ਮਹਿ.ਫ਼ਲ ਬਾਲਮ ਤੇਰੀ ਹੋਵੇ ਐਪਰ ਗਾਵਾਂ ਹੋਰ ਕਿਤੇ।

## ਇਹ ਜੋ ਚੰਨ ਦੀ ਚਾਨਣੀ ਹੈ



ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਪੜ੍ਹੀਏ ਤਾਂ ਤੇਰਾ ਖਤ ਹੈ, ਸੁਣੀਏ ਤਾਂ ਤੇਰੀ ਸੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਜੋ ਤੂੰ ਉਮਰ ਭਰ ਜਗਾਏ, ਤੇ ਦਰੀਂ ਘਰੀਂ ਟਿਕਾਏ
ਤੇਰੇ ਚਿਹਰੇ ਉੱਤੇ ਅੱਜ ਵੀ , ਓਹਨਾਂ ਦੀਵਿਆਂ ਦੀ ਲੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਤੇਰੇ ਲ.ਫ਼ਜ ਨੇ ਲਹੂ ਵਿੱਚ, ਤੇਰਾ ਰਾਗ ਹੈ ਰਗਾਂ ਵਿੱਚ
ਐ ਗਜ਼ਲ ਵਸੇਂ ਤੂੰ ਸਾਹੀਂ, ਤੇਰੇ ਤੋਂ ਕੀ ਲੁਕੋ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਜੋ ਵੀ ਬਾਤ ਤੂੰ ਕਹੀ ਹੈ, ਸੱਜਰੀ ਹਵਾ ਜਿਹੀ ਹੈ
ਇਹ ਬਹਾਰ ਦਾ ਸੁਨੇਹਾ, ਤੇ ਸਵੇਰਿਆਂ ਦੀ ਸੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਇਹ ਚੰਨ ਦੀ ਚਾਨਣੀ ਵੀ, ਧੁੱਪ ਦਾ ਹੀ ਤਰਜ਼ਮਾ ਹੈ
ਤੇ ਇਹ ਧੁੱਪ ਵੀ ਓੜਕਾਂ ਨੂੰ, ਕਿਸੇ ਬਲ ਰਹੇ ਦੀ ਲੋਅ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ
ਨ.ਫ਼ਰਤ ਦੇ ਤੀਰ ਚਲਦੇ, ਐਪਰ ਨਾ ਮੈਨੂੰ ਖਲਦੇ
ਮੇਰੀ ਆਤਮਾ ਦੁਆਲੇ, ਤੇਰੇ ਪਿਆਰ ਦੀ ਸੰਜੋ ਹੈ
ਇਹ ਜੋ ਚੰਨ ਦੀ ਚਾਨਣੀ ਹੈ, ਇਹ ਜੋ ਤਾਰਿਆਂ ਦੀ ਲੋਅ ਹੈ

-ਸੁਰਜੀਤ ਪਾਤਰ

## .ਗ਼ਜ਼ਲ

ਪ੍ਰੋ. ਨਵ ਸੰਗੀਤ ਸਿੰਘ

ਸੁਖਾਵੇਂ ਵਕਤ ਵਿੱਚ ਜੇ ਵਿਚਰਿਆ ਹੁੰਦਾ।
ਅਸਾਡਾ ਆਲ੍ਹਣਾ ਨਾ ਬਿਖਰਿਆ ਹੁੰਦਾ।
ਨਜ਼ਾਰਾ ਹੋਰ ਹੀ ਹੁੰਦਾ ਲੜਾਈ ਦਾ,
ਜ਼ਰ੍ਹਾ-ਬਖ਼ਤਰ ਜੇ ਪਾ ਕੇ ਨਿੱਤਰਿਆ ਹੁੰਦਾ।
ਤਾਂ ਚਿਹਰਾ ਸਾਰਿਆਂ ਨੂੰ ਦਿਲਕਸ਼ੀਂ ਲੱਗਦਾ,
ਕਿਸੇ ਲੇਖਕ ਨੇ ਜੇਕਰ ਚਿੱਤਰਿਆ ਹੁੰਦਾ।
ਨਿਭਾਇਆ ਹੋਂਵਦਾ ਮਿਲਣੇ ਦਾ ਵਾਅਦਾ ਤਾਂ,
ਮਿਰਾ ਦਿਲਬਰ ਨਾ ਐਵੇਂ ਬਿ.ਫ਼ਰਿਆ ਹੁੰਦਾ।
ਜੇ ਤੀਲ੍ਹੇ ਸਾਂਭ ਕੇ ਰੱਖਦੇ ਉਹ ਝਾੜੂ ਦੇ,
ਕਦੇ ਵੀ ਇਸ ਤਰ੍ਹਾਂ ਨਾ ਖਿੱਲਰਿਆ ਹੁੰਦਾ।
ਜੇ ਰੱਖਦਾ ਨਾਲ 'ਨਵ ਸੰਗੀਤ' ਦੇ ਯਾਰੀ,
ਕਦਾਚਿਤ ਇਸ ਕਦਰ ਨਾ ਨਿੱਘਰਿਆ ਹੁੰਦਾ।

## .ਗ਼ਜ਼ਲ

ਰੋਜ਼ੀ ਸਿੰਘ

ਇਮਤਿਹਾਂ ਮੰਨਿਆ ਆਸਾਨ ਵੀ ਏ,
ਮਗਰ ਮੁੱਠੀ 'ਚ ਮੇਰੀ ਜਾਨ ਵੀ ਏ।
ਜੇ ਪੈਰਾਂ ਹੇਠ ਸੜਦੀ ਧਰਤ ਹੈ ਤਾਂ,
ਸਿਰ ਦੇ ਉੱਤੇ ਖੁੱਲ੍ਹਾ ਆਸਮਾਨ ਵੀ ਏ।
ਮੇਰੇ ਸੀਨੇ 'ਚ ਮਹਿਜ਼ ਦਿਲ ਨਹੀਂ ਏ,
ਇਸ ਵਿੱਚ ਸੂਲੀ ਵੀ ਤੇ ਜਾਨ ਵੀ ਏ।
ਮੈਂ ਇੱਕ ਡਾਕੀਆ ਝੋਲੇ 'ਚ ਜਿਸਦੇ,
ਭਰੇ ਹੋਏ ਹੰਝੂ ਤੇ ਮੁਸਕਾਨ ਵੀ ਏ।
ਸਿਰ.ਫ਼ ਇੱਕ ਤੀਰ ਹੀ ਮੁੱਕੇ ਨੇ ਮੇਰੇ,
ਬਾਕੀ ਤਰਕਸ਼ ਅਤੇ ਕਮਾਨ ਵੀ ਏ।
ਚੁ.ਫ਼ੇਰੇ ਰਸਮਾਂ ਦੇ ਪਹਿਰੇ ਹੀ ਨੇ ਬਸ,
ਪਰ੍ਹੇ ਵਲਗਣ ਤੋਂ ਇੱਕ ਜਹਾਨ ਵੀ ਏ।
ਪਤਾ ਨਈਂ ਲੋਕ ਗੂੰਗੇ ਹੋ ਗਏ ਕਿਉਂ,
ਜਦੋਂਕਿ ਮੂੰਹ ਵਿੱਚ ਇੱਕ ਜ਼ੁਬਾਨ ਵੀ ਏ।



## ਛੱਲਾ

ਬਲਤੇਜ ਸੰਧੂ

ਵੇ ਛੱਲਿਆ ਅੱਜ ਕੱਲ੍ਹ ਕਿੱਥੇ ਕੱਤ ਹੁੰਦੀ ਏ ਪੂਣੀ
ਨਾ ਕੋਈ ਫੱਟੀਆਂ ਉੱਤੇ ਲਿਖਦਾ ਏਕਾ ਦੂਇਆ ਦੂਣੀ
ਨਾ ਪਿੱਪਲੀਂ ਪੀਘਾਂ ਰਹੀਆਂ ਨਾ ਕੋਈ ਤੁਰੇ ਕਹਾਣੀ
ਵਾਰੋ ਵਾਰੀ ਤੁਰ ਗਏ ਪਰਲੇ ਦੇਸ਼ ਵੇ ਹਾਣੀ॥
ਵੇ ਛੱਲਿਆ ਹਾਰਾਂ
ਕੈਸੀਆਂ ਮਾਰ ਗਏ ਵੇ ਸੱਜਣ ਮਾਰਾਂ
ਨਾ ਖੂਹ ਰਹੇ ਵੇ ਛੱਲਿਆ ਨਾ ਘੜਾ ਢਾਕ 'ਤੇ ਧਰੇ ਸੁਆਣੀ
ਨਾ ਵੇ ਨਾ ਛੇੜ ਨਾ ਕੋਈ ਚੰਦਰੀ ਛੱਲਿਆ ਪੀੜ ਪੁਰਾਣੀ
ਨਾ ਕੋਈ ਰਿਹਾ ਏਥੇ ਦੁੱਖਾਂ ਦਾ ਦਰਦੀ ਨਾ ਕੋਈ ਸੁਣੇ ਦਰਦ ਕਹਾਣੀ॥
ਵੇ ਛੱਲਿਆ ਕਰ ਨਾ ਮਰਜ਼ੀ
ਏਥੇ ਦੁਨੀਆ ਪਿਆਰ ਪੈਸੇ ਨੂੰ ਕਰਦੀ
ਸੁਣ ਵੇ ਛੱਲਿਆ ਇਹ ਦੁਨੀਆ ਬਣ ਗਈ ਖ਼ੁਦਗਰਜ਼ਾਂ ਦੀ ਮੰਡੀ
ਝੂਠੀ ਠਾਠ ਬਾਠ ਰਹਿ ਗਈ ਨ.ਫ਼ਰਤਾਂ ਜਾਂਦੇ ਝੋਲ਼ੀਆਂ ਭਰ ਭਰ ਵੰਡੀ,
ਵੇ ਛੱਲਿਆ ਤੌਬਾ ਇਹ ਕਹਾਣੀ ਪਤਝੜ ਆਈ ਲੱਗਦੀ ਏਂ ਮਰਜਾਣੀ
ਲੋਕੀਂ ਮਤਲਬਖੋਰੇ ਵੇ ਸੰਧੂਆ ਪਾਈ ਬੈਠੇ ਪਾਣੀ ਵਿੱਚ ਮਧਾਣੀ
ਵੇ ਛੱਲਿਆ ਨਾ ਤੇਰੇ ਨਾ ਮੇਰੇ ਚਾਚੇ ਤਾਏ
ਏਥੇ ਸਾਥ ਵੀ ਛੱਡ ਜਾਂਦੇ ਨੇ ਕੁੱਖੋਂ ਜਾਏ।

* * *

## ਭਰਪੂਰ ਜਵਾਨੀ ਖੇਤਾਂ ਦੀ




ਭਰਪੂਰ ਜਵਾਨੀ ਖੇਤਾਂ ਦੀ ਭਰਪੂਰ ਜਵਾਨੀ ਹੋ !
ਖੇਤ ਜੁ ਗੋਡੇ ਬੀਜੇ ਵਾਹੇ, ਭਰ ਸਰਵਰ ਨੇ ਪਾਣੀ ਲਾਏ
ਇਕ ਟਿਕ ਕੋਹ 'ਤੇ ਝਾਂਜਰ ਛਣਕੀ, ਬੈਲ ਜੁ ਲੀਤੇ ਜੋਅ !
ਭਰਪੂਰ ਜਵਾਨੀ ਹੋ !
ਗਿੱਟੇ ਗਿੱਟੇ ਖੇਤ ਹੋਏ, ਗੋਡੇ ਗੋਡੇ ਖੇਤ ਹੋਏ
ਮੋਤੀਆਂ ਵਰਗਾ ਪਿਆ ਜੁ ਦਾਣਾ, ਸਿੱਟੇ ਗਏ ਖਲੋ !
ਭਰਪੂਰ ਜਵਾਨੀ ਹੋ !
ਲੰਬੜਾਂ ਦੇ ਵਿੱਚ ਵਾਹਰ ਪਈ, ਹੋ ਕਾਵਾਂ ਦੀ ਭਰਮਾਰ ਪਈ
ਭਰੀਆਂ ਬੰਨ੍ਹ ਬੰਨ੍ਹ ਕੇ ਮੈਂ ਹਾਰੀ, ਬੋਹਲ ਤਾਂ ਲੈ ਗਏ ਖੋਹ ।
ਭਰਪੂਰ ਜਵਾਨੀ ਹੋ ।
ਕੱਚਾ ਕੋਠਾ ਲਿੰਬ ਕੇ ਰੱਖਿਆ ਝਾੜ ਪੋਚ ਕੇ ਝੰਮ ਕੇ ਰੱਖਿਆ
ਸਖ ਮਸੱਖਣਾ ਕੋਠਾ ਮੇਰਾ ਮੂੰਹ ਵੱਲ ਝਾਕੇ ਵੋ !
ਭਰਪੂਰ ਜਵਾਨੀ ਹੋ ।
ਹਾੜ੍ਹੀ ਬੀਜੀ ਸੌਣੀ ਬੀਜੀ, ਦੂਣੀ ਬੀਜੀ ਚੌਣੀ ਬੀਜੀ
ਸੜਦਾ ਬਲਦਾ ਹਾੜ ਗਿਆ ਤੇ ਠੰਢਾ ਕੱਕਰ ਪੋਹ !
ਭਰਪੂਰ ਜਵਾਨੀ ਹੋ !
ਖੇਤਾਂ ਦੀ ਭਰਪੂਰ ਜਵਾਨੀ, ਮੇਰੀ ਭੁੱਖ ਦੀ ਕਰੇ ਕਹਾਣੀ
ਮੇਰੀ ਭੁੱਖ ਦੇ ਗੀਤ ਸੁਣਾਵੇ, ਪਵੇ ਕਲੇਜੇ ਖੋਹ ।
ਭਰਪੂਰ ਜਵਾਨੀ ਹੋ !
ਧੁੰਦ ਗੁਬਾਰਾਂ ਅੰਬਰ ਚੜ੍ਹੀਆਂ, ਮੈ ਖੇਤਾਂ ਦੀ ਵੱਟ 'ਤੇ ਖੜੀਆਂ
ਸੂਰਜ ਡੁੱਬਾ ਚੰਦ ਨਾ ਚੜ੍ਹਿਆ, ਨਾ ਤਾਰੇ ਦੀ ਲੋਅ ।
ਭਰਪੂਰ ਜਵਾਨੀ ਹੋ !
ਰੁੱਤਾਂ ਆਈਆਂ ਰੁੱਤਾਂ ਗਈਆਂ ਏਸ ਵੱਟ ਤੇ ਤੁਰਦੀ ਰਹੀਆਂ
ਧੂੜ ਪਈ ਮੇਰੇ ਪੱਬਾਂ ਉਤੇ ਰਾਹ ਨਾ ਦਿਸਿਆ ਕੋਅ।
ਭਰਪੂਰ ਜਵਾਨੀ ਹੋ ।
ਗੋਹੇ ਨਾ ਧੁਖਦੇ ਕਣਕ ਨਾ ਗੁੱਝਦੀ ਇਹ ਨਹੀਂ, ਖੇਡ ਅਸਾਥੋਂ ਪੁੱਗਦੀ
ਨਾ ਚੰਨ ਪਕਾਵੇ ਰੋਟੀਆਂ ਨਾ ਤਾਰਾ ਕਰੇ ਰਸੋ
ਭਰਪੂਰ ਜਵਾਨੀ ਹੋ !
ਭਰਪੂਰ ਜਵਾਨੀ ਖੇਤਾਂ ਦੀ ਭਰਪੂਰ ਜਵਾਨੀ ਹੋ !

-ਅੰਮ੍ਰਿਤਾ ਪ੍ਰੀਤਮ

# ਵਿਨੇਸ਼ ਫ਼ੋਗਾਟ ਦੀ ਵਾਪਸੀ

## ਕੁਸ਼ਤੀ ਮੈਟ 'ਤੇ ਮੁੜ ਆਉਣ ਦਾ ਲਿਆ ਫ਼ੈਸਲਾ

### 2028 ਲਾਸ ਏਂਜਲਸ ਉਲੰਪਿਕਸ ਵੱਲ ਨਜ਼ਰਾਂ





ਭਾਰਤੀ ਕੁਸ਼ਤੀ ਜਗਤ ਵਿੱਚ ਇੱਕ ਵੱਡੀ ਖੁਸ਼ਖਬਰੀ ਆਈ ਹੈ। ਉਲੰਪੀਅਨ ਅਤੇ ਕਾਂਗਰਸ ਵਿਧਾਇਕ ਵਿਨੇਸ਼ ਫ਼ੋਗਾਟ ਨੇ ਆਪਣੇ ਸੰਨਿਆਸ ਦੇ ਫ਼ੈਸਲੇ ਨੂੰ ਵਾਪਸ ਲੈ ਲਿਆ ਹੈ ਅਤੇ ਕੁਸ਼ਤੀ ਮੈਟ 'ਤੇ ਵਾਪਸ ਆਉਣ ਦੀ ਘੋਸ਼ਣਾ ਕੀਤੀ ਹੈ। ਉਹ 2028 ਵਿੱਚ ਹੋਣ ਵਾਲੇ ਲਾਸ ਏਂਜਲਸ ਉਲੰਪਿਕਸ ਵਿੱਚ ਹਿੱਸਾ ਲੈਣ ਲਈ ਤਿਆਰੀ ਕਰ ਰਹੀ ਹੈ। ਇਹ ਘੋਸ਼ਣਾ ਉਸ ਨੇ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਅਕਾਊਂਟ 'ਤੇ ਇੱਕ ਭਾਵਨਾਤਮਕ ਪੋਸਟ ਵਿੱਚ ਕੀਤੀ ਹੈ। ਵਿਨੇਸ਼ ਦੀ ਇਸ ਵਾਪਸੀ ਨੇ ਨਾ ਸਿਰਫ਼ ਖੇਡ ਜਗਤ ਨੂੰ ਉਤਸ਼ਾਹਿਤ ਕੀਤਾ ਹੈ ਬਲਕਿ ਔਰਤਾਂ ਲਈ ਇੱਕ ਨਵੀਂ ਪ੍ਰੇਰਨਾ ਵੀ ਬਣੀ ਹੈ, ਖਾਸ ਕਰਕੇ ਉਹਨਾਂ ਲਈ ਜੋ ਮਾਂ ਬਣਨ ਤੋਂ ਬਾਅਦ ਵੀ ਆਪਣੇ ਸੁਪਨੇ ਪੂਰੇ ਕਰਨਾ ਚਾਹੁੰਦੀਆਂ ਹਨ।

ਵਿਨੇਸ਼ ਫ਼ੋਗਾਟ, ਜੋ ਤਿੰਨ ਵਾਰ ਉਲੰਪਿਕ ਵਿੱਚ ਹਿੱਸਾ ਲੈ ਚੁੱਕੀ ਹੈ, ਨੇ ਪਿਛਲੇ ਸਾਲ ਪੈਰਿਸ ਉਲੰਪਿਕਸ ਤੋਂ ਬਾਅਦ ਕੁਸ਼ਤੀ ਤੋਂ ਸੰਨਿਆਸ ਲੈ ਲਿਆ ਸੀ। ਉਸ ਵੇਲੇ ਉਸ ਨੂੰ ਫ਼ਾਈਨਲ ਵਿੱਚ 100 ਗ੍ਰਾਮ ਵੱਧ ਭਾਰ ਕਾਰਨ ਅਯੋਗ ਕਰਾਰ ਦਿੱਤਾ ਗਿਆ ਸੀ, ਜਿਸ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਪਰ ਹੁਣ, ਇੱਕ ਸਾਲ ਤੋਂ ਵੱਧ ਸਮੇਂ ਬਾਅਦ, ਉਸ ਨੇ ਖੇਡਣ ਦਾ ਫ਼ੈਸਲਾ ਲੈਂਦਿਆਂ ਕਿਹਾ ਹੈ ਕਿ ਉਹ ਅਜੇ ਵੀ ਮੈਟ 'ਤੇ ਆਪਣੀ ਹੋਂਦ ਮਹਿਸੂਸ ਕਰਦੀ ਹੈ। ਉਸਦਾ ਕਹਿਣਾ ਹੈ ਕਿ ਅਨੁਸ਼ਾਸਨ, ਰੁਟੀਨ ਅਤੇ ਜਨੂੰਨ ਅਜੇ ਵੀ ਮੇਰੇ ਅੰਦਰ ਰਹਿੰਦੇ ਹਨ। ਭਾਵੇਂ ਮੈਂ ਕਿੰਨੀ ਵੀ ਦੂਰ ਯਾਤਰਾ ਕੀਤੀ ਹੋਵੇ, ਮੇਰਾ ਇੱਕ ਹਿੱਸਾ ਹਮੇਸ਼ਾ ਮੈਟ 'ਤੇ ਰਿਹਾ ਹੈ।

ਫ਼ੋਗਾਟ ਦੇ ਇਹ ਸ਼ਬਦ ਨਾ ਸਿਰਫ਼ ਉਸ ਦੇ ਨਿੱਜੀ ਸੰਘਰਸ਼ ਨੂੰ ਦਰਸਾਉਂਦੇ ਹਨ ਬਲਕਿ ਉਹਨਾਂ ਸਾਰੇ ਖਿਡਾਰੀਆਂ ਲਈ ਪ੍ਰੇਰਨਾ ਹਨ ਜੋ ਹਾਰ ਤੋਂ ਬਾਅਦ ਵਾਪਸ ਉੱਠਣਾ ਚਾਹੁੰਦੇ ਹਨ।

ਉਸ ਨੇ ਇਹ ਵੀ ਕਿਹਾ ਕਿ ਸਾਲਾਂ ਤੱਕ ਉਸ ਨੇ ਉਮੀਦਾਂ, ਦਬਾਅ ਅਤੇ ਸੰਘਰਸ਼ਾਂ ਵਿੱਚ ਆਪਣੇ ਆਪ ਨੂੰ ਇੱਕ ਪਲ ਵੀ ਨਹੀਂ ਦਿੱਤਾ। ਪੈਰਿਸ ਤੋਂ ਬਾਅਦ ਦੇ ਅਰਾਮ ਨੇ ਉਸ ਨੂੰ ਆਪਣੀ ਯਾਤਰਾ 'ਤੇ ਵਿਚਾਰ ਕਰਨ ਦਾ ਮੌਕਾ ਦਿੱਤਾ। ਉਸ ਨੇ ਆਪਣੇ ਉਤਰਾਅ-ਚੜ੍ਹਾਅ, ਦੁੱਖ, ਕੁਰਬਾਨੀਆਂ ਅਤੇ ਅਣਗੌਲੇ ਸੰਘਰਸ਼ਾਂ ਬਾਰੇ ਸੋਚਿਆ ਅਤੇ ਅਹਿਸਾਸ ਕੀਤਾ ਕਿ ਉਸ ਅੰਦਰ ਵਾਲੀ ਅੱਗ ਅਜੇ ਵੀ ਜਲ ਰਹੀ ਹੈ। ਇਹ ਅਹਿਸਾਸ ਉਸ ਨੂੰ ਮੁੜ ਮੁਕਾਬਲੇ ਵਿੱਚ ਲਿਆਉਣ ਲਈ ਕਾਫ਼ੀ ਸੀ। ਵਿਨੇਸ਼ ਨੇ ਘੋਸ਼ਣਾ ਕੀਤੀ ਕਿ ਉਹ ਪੂਰੇ ਵਿਸ਼ਵਾਸ ਨਾਲ ਲਾਸ ਏਂਜਲਸ 2028 ਵੱਲ ਵਧ ਰਹੀ ਹੈ। ਇਸ ਵਾਰ ਉਸ ਨਾਲ ਉਸ ਦਾ ਛੋਟਾ ਪੁੱਤਰ ਵੀ ਹੋਵੇਗਾ, ਜਿਸ ਨੂੰ ਉਹ ਆਪਣੀ ਸਭ ਤੋਂ ਵੱਡੀ ਪ੍ਰੇਰਨਾ ਮੰਨਦੀ ਹੈ।

ਵਿਨੇਸ਼ ਦੀ ਵਾਪਸੀ ਵਿੱਚ ਉਸ ਦੀ ਰਾਜਨੀਤਿਕ ਜਿੱਤ ਵੀ ਇੱਕ ਕਾਰਨ ਹੈ। ਪੈਰਿਸ ਤੋਂ ਬਾਅਦ ਉਹ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਈ ਸੀ ਅਤੇ ਜੂਲਾਨਾ ਤੋਂ ਵਿਧਾਨ ਸਭਾ ਚੋਣ ਜਿੱਤੀ। ਉਸ ਨੂੰ 65,080 ਵੋਟਾਂ ਮਿਲੀਆਂ ਅਤੇ ਉਹ ਭਾਜਪਾ ਉਮੀਦਵਾਰ ਨੂੰ 6,015 ਵੋਟਾਂ ਨਾਲ ਹਰਾਇਆ। ਇਸ ਜਿੱਤ ਨੇ ਉਸ ਨੂੰ ਵਿਸ਼ਵਾਸ ਦਿੱਤਾ ਕਿ ਉਹ ਕਿਸੇ ਵੀ ਖੇਤਰ ਵਿੱਚ ਸਫ਼ਲ ਹੋ ਸਕਦੀ ਹੈ। ਪਰ ਰਾਜਨੀਤੀ ਨੇ ਉਸ ਅੰਦਰਲੀ ਪਹਿਲਵਾਨ ਨੂੰ ਨਹੀਂ ਰੋਕਿਆ ਬਲਕਿ ਹੋਰ ਮਜ਼ਬੂਤ ਕੀਤਾ ਹੈ।ਇਸ ਵਾਰ ਉਸ ਦਾ ਟੀਚਾ ਗੋਲਡ ਮੈਡਲ ਹੈ। ਪੈਰਿਸ ਵਿੱਚ ਉਸ ਨੇ ਫ਼ਾਈਨਲ ਤੱਕ ਪਹੁੰਚ ਕੇ ਇਤਿਹਾਸ ਰਚਿਆ ਸੀ ਪਰ ਅਯੋਗਤਾ ਨੇ ਉਸ ਨੂੰ ਰੋਕ ਦਿੱਤਾ। ਹੁਣ ਉਹ ਉਸ ਗਲਤੀ ਤੋਂ ਸਿੱਖ ਕੇ ਅੱਗੇ ਵਧੇਗੀ। ਉਸ ਨੇ ਪੈਰਿਸ ਵਿੱਚ ਜਾਪਾਨੀ ਖਿਡਾਰਨ ਯੂਈ ਸੂਜ਼ੂਕੀ ਨੂੰ ਹਰਾਇਆ ਸੀ, ਜੋ ਉਲੰਪਿਕ ਇਤਿਹਾਸ ਵਿੱਚ ਯਾਦਗਾਰ ਹੈ।

ਕਦੋਂ ਵਾਪਸ ਆਵੇਗੀ ਮੈਟ 'ਤੇ?




ਵਿਨੇਸ਼ ਨੇ ਆਪਣੀ ਵਾਪਸੀ ਦੀ ਘੋਸ਼ਣਾ ਤਾਂ ਕਰ ਦਿੱਤੀ ਹੈ ਪਰ ਅਜੇ ਤੱਕ ਉਸ ਨੇ ਕਿਸੇ ਖਾਸ ਮੁਕਾਬਲੇ ਜਾਂ ਤਾਰੀਖ ਦਾ ਜ਼ਿਕਰ ਨਹੀਂ ਕੀਤਾ। ਉਸ ਨੇ ਕਿਹਾ ਹੈ ਕਿ ਉਹ ਆਪਣੇ ਆਪ ਨੂੰ ਤਿਆਰ ਕਰ ਰਹੀ ਹੈ ਅਤੇ ਜਲਦੀ ਹੀ ਅਭਿਆਸ ਸ਼ੁਰੂ ਕਰੇਗੀ। ਖੇਡ ਮਾਹਿਰਾਂ ਦਾ ਮੰਨਣਾ ਹੈ ਕਿ ਉਹ 2026 ਵਿੱਚ ਹੋਣ ਵਾਲੇ ਏਸ਼ੀਅਨ ਗੇਮਜ਼ ਜਾਂ ਵਰਲਡ ਚੈਂਪੀਅਨਸ਼ਿਪ ਵਿੱਚ ਵਾਪਸੀ ਕਰ ਸਕਦੀ ਹੈ ਤਾਂ ਜੋ 2028 ਉਲੰਪਿਕਸ ਲਈ ਤਿਆਰੀ ਕੀਤੀ ਜਾ ਸਕੇ।

ਵਿਨੇਸ਼ ਦੀ ਉਮਰ ਹੁਣ 31 ਸਾਲ ਹੈ ਅਤੇ ਉਹ ਜਾਣਦੀ ਹੈ ਕਿ ਸਮਾਂ ਘੱਟ ਹੈ ਪਰ ਉਸ ਦਾ ਜਨੂੰਨ ਵੱਡਾ ਹੈ। ਉਸ ਨੇ ਪਹਿਲਾਂ ਵੀ ਸੱਟਾਂ ਅਤੇ ਮੁਸੀਬਤਾਂ ਤੋਂ ਵਾਪਸ ਆ ਕੇ ਵਿਖਾਇਆ ਹੈ ਕਿ ਉਹ ਕਿਸੇ ਵੀ ਚੁਣੌਤੀ ਤੋਂ ਨਹੀਂ ਡਰਦੀ। ਉਲੰਪਿਕਸ ਲਈ ਕੁਆਲੀਫ਼ਾਈ ਕਰਨ ਲਈ ਉਸ ਨੂੰ ਨੈਸ਼ਨਲ ਅਤੇ ਅੰਤਰਰਾਸ਼ਟਰੀ ਮੁਕਾਬਲੇ ਜਿੱਤਣੇ ਪੈਣਗੇ। ਉਸ ਦੀ ਕੈਟੇਗਰੀ 50 ਕਿਲੋ ਫ਼੍ਰੀਸਟਾਈਲ ਵਿੱਚ ਰਹੇਗੀ ਜਾਂ ਬਦਲੇਗੀ, ਇਹ ਅਜੇ ਨਹੀਂ ਪਤਾ ਪਰ ਉਹ ਤਿਆਰ ਹੈ। ਭਾਰਤੀ ਖੇਡ ਜਗਤ ਵਿੱਚ ਵਿਨੇਸ਼ ਵਰਗੇ ਖਿਡਾਰੀ ਦੀ ਵਾਪਸੀ ਨਾਲ ਉਮੀਦ ਵਧੀ ਹੈ ਕਿ 2028 ਵਿੱਚ ਭਾਰਤ ਵੱਧ ਮੈਡਲ ਜਿੱਤ ਸਕੇਗਾ। ਉਹ ਉਹਨਾਂ ਚੰਦ ਭਾਰਤੀ ਖਿਡਾਰੀਆਂ ਵਿੱਚ ਸ਼ਾਮਲ ਹੋ ਗਈ ਹੈ ਜੋ ਬੱਚਾ ਪੈਦਾ ਕਰਨ ਤੋਂ ਬਾਅਦ ਵਾਪਸ ਆ ਕੇ ਸਫ਼ਲ ਹੋਏ ਹਨ, ਜਿਵੇਂ ਮੈਰੀ ਕੌਮ ਜਾਂ ਸਾਨੀਆ ਮਿਰਜ਼ਾ।

ਭਾਰਤੀ ਕੁਸ਼ਤੀ ਮਹਾਸੰਘ (ਡਬਲਿਊਐੱਫ਼ਆਈ) ਨੇ ਵੀ ਉਸ ਦੀ ਵਾਪਸੀ 'ਤੇ ਖੁਸ਼ੀ ਪ੍ਰਗਟ ਕੀਤੀ ਹੈ। ਮਹਾਸੰਘ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਵਿਨੇਸ਼ ਵਰਗੇ ਖਿਡਾਰੀ ਦੀ ਵਾਪਸੀ ਨਾਲ ਭਾਰਤੀ ਕੁਸ਼ਤੀ ਨੂੰ ਨਵੀਂ ਊਰਜਾ ਮਿਲੇਗੀ। ਉਹਨਾਂ ਨੇ ਵਾਅਦਾ ਕੀਤਾ ਕਿ ਵਿਨੇਸ਼ ਨੂੰ ਸਾਰੀ ਸਹਾਇਤਾ ਦਿੱਤੀ ਜਾਵੇਗੀ, ਜਿਸ ਵਿੱਚ ਅਭਿਆਸ ਕੈਂਪ ਅਤੇ ਅੰਤਰਰਾਸ਼ਟਰੀ ਮੁਕਾਬਲੇ ਸ਼ਾਮਲ ਹਨ। ਪਰ ਵਿਨੇਸ਼ ਨੂੰ ਆਪਣੀ ਰਾਜਨੀਤਿਕ ਜ਼ਿੰਮੇਵਾਰੀਆਂ ਨਾਲ ਵੀ ਨਿਭਾਉਣਾ ਪਵੇਗਾ ,ਕਿਉਂਕਿ ਉਹ ਜੂਲਾਨਾ ਵਿਧਾਨ ਸਭਾ ਤੋਂ ਵਿਧਾਇਕ ਹੈ। ਇਹ ਵੇਖਣਾ ਦਿਲਚਸਪ ਹੋਵੇਗਾ ਕਿ ਉਹ ਕਿਵੇਂ ਇਹਨਾਂ ਦੋਹਾਂ ਨੂੰ ਸੰਤੁਲਿਤ ਕਰਦੀ ਹੈ।

ਵਿਨੇਸ਼ ਦੀ ਪਿੱਠਭੂਮੀ ਅਤੇ ਸੰਘਰਸ਼

ਵਿਨੇਸ਼ ਫ਼ੋਗਾਟ ਦੀ ਜ਼ਿੰਦਗੀ ਸੰਘਰਸ਼ਾਂ ਨਾਲ ਭਰੀ ਹੋਈ ਹੈ। ਉਹ ਹਰਿਆਣਾ ਦੇ ਇੱਕ ਪਿੰਡ ਵਿੱਚ ਪੈਦਾ ਹੋਈ ਅਤੇ ਉਸ ਦੇ ਪਰਿਵਾਰ ਵਿੱਚ ਕੁਸ਼ਤੀ ਦੀ ਪਰੰਪਰਾ ਹੈ। ਉਸ ਦੀਆਂ ਭੈਣਾਂ ਗੀਤਾ ਅਤੇ ਬਬੀਤਾ ਵੀ ਨਾਮੀ ਪਹਿਲਵਾਨ ਹਨ। ਵਿਨੇਸ਼ ਨੇ 2014 ਅਤੇ 2018 ਕਾਮਨਵੈਲਥ ਗੇਮਜ਼ ਵਿੱਚ ਗੋਲਡ ਮੈਡਲ ਜਿੱਤੇ ਅਤੇ ਏਸ਼ੀਅਨ ਗੇਮਜ਼ ਵਿੱਚ ਵੀ ਸਫ਼ਲ ਰਹੀ। ਉਹ ਤਿੰਨ ਵਾਰ ਉਲੰਪਿਕ ਵਿੱਚ ਹਿਸਾ ਲੈ ਚੁੱਕੀ ਹੈ - 2016 ਰੀਓ, 2020 ਟੋਕੀਓ ਅਤੇ 2024 ਪੈਰਿਸ।

ਪਰ ਉਸ ਦੀ ਜ਼ਿੰਦਗੀ ਸਿਰਫ਼ ਖੇਡ ਨਹੀਂ ਹੈ। ਜਨਵਰੀ 2023 ਵਿੱਚ ਉਸ ਨੇ ਸਾਥੀ ਪਹਿਲਵਾਨਾਂ ਸਾਕਸ਼ੀ ਮਲਿਕ ਅਤੇ ਬਜਰੰਗ ਪੂਨੀਆ ਨਾਲ ਮਿਲ ਕੇ ਭਾਰਤੀ ਕੁਸ਼ਤੀ ਮਹਾਸੰਘ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਪ੍ਰਦਰਸ਼ਨ ਕੀਤਾ ਸੀ। ਉਹਨਾਂ ਨੇ ਯੌਨ ਸ਼ੋਸ਼ਣ ਦੇ ਆਰੋਪ ਲਾਏ ਅਤੇ ਜੰਤਰ ਮੰਤਰ 'ਤੇ ਹਫ਼ਤਿਆਂ ਤੱਕ ਧਰਨਾ ਦਿੱਤਾ। ਉਹ ਖੁੱਲ੍ਹੇ ਅਸਮਾਨ ਹੇਠ ਸੌਂਦੇ, ਮੌਸਮ ਦੀ ਮਾਰ ਝੱਲਦੇ ਅਤੇ ਅਭਿਆਸ ਵੀ ਕਰਦੇ ਰਹੇ ਤੇ ਸੰਘਰਸ਼ ਵੀ। ਮਈ 2023 ਵਿੱਚ ਉਹਨਾਂ ਨੇ ਨਵੀਂ ਸੰਸਦ ਵੱਲ ਮਾਰਚ ਕੀਤਾ ਪਰ ਪੁਲਿਸ ਨੇ ਉਹਨਾਂ ਨੂੰ ਘਸੀਟ ਕੇ ਰੋਕਿਆ। ਉਹਨਾਂ ਨੇ ਆਪਣੇ ਮੈਡਲ ਗੰਗਾ ਵਿੱਚ ਸੁੱਟਣ ਦੀ ਧਮਕੀ ਵੀ ਦਿੱਤੀ। ਇਹ ਪ੍ਰਦਰਸ਼ਨ ਭਾਰਤੀ ਖੇਡ ਜਗਤ ਦੇ ਇਤਿਹਾਸ ਵਿੱਚ ਯਾਦਗਾਰ ਹੈ ਅਤੇ ਇਸ ਨੇ ਔਰਤ ਖਿਡਾਰੀਆਂ ਦੇ ਅਧਿਕਾਰਾਂ ਲਈ ਨਵਾਂ ਅਧਿਆਏ ਲਿਖਿਆ।

ਪੈਰਿਸ ਉਲੰਪਿਕਸ ਵਿੱਚ ਵਿਨੇਸ਼ ਨੇ ਇਤਿਹਾਸ ਰਚਿਆ ਜਦੋਂ ਉਹ ਫ਼ਾਈਨਲ ਵਿੱਚ ਪਹੁੰਚੀ। ਉਸ ਨੇ ਚਾਰ ਵਾਰ ਵਰਲਡ ਚੈਂਪੀਅਨ ਯੂਈ ਸੂਜ਼ੂਕੀ ਨੂੰ ਹਰਾਇਆ ਪਰ ਆਖਰੀ ਦਿਨ 100 ਗ੍ਰਾਮ ਵੱਧ ਭਾਰ ਕਾਰਨ ਅਯੋਗ ਹੋ ਗਈ। ਉਸ ਨੇ ਰਾਤ ਭਰ ਵਜਨ ਘਟਾਉਣ ਦੀ ਕੋਸ਼ਿਸ਼ ਕੀਤੀ ਪਰ ਨਹੀਂ ਕਾਮਯਾਬ ਹੋਈ। ਯੂਨਾਈਟਿਡ ਵਰਲਡ ਰੈਸਲਿੰਗ ਦੇ ਨਿਯਮਾਂ ਮੁਤਾਬਕ ਉਸ ਦੇ ਸਾਰੇ ਮੈਚ ਰੱਦ ਕਰ ਦਿੱਤੇ ਗਏ। ਉਸ ਨੇ ਕੋਰਟ ਆਫ਼ ਆਰਬਿਟ੍ਰੇਸ਼ਨ ਫ਼ਾਰ ਸਪੋਰਟ ਵਿੱਚ ਅਪੀਲ ਕੀਤੀ ਪਰ ਨਿਰਾਸ਼ਾ ਹੱਥ ਲੱਗੀ। ਇਸ ਤੋਂ ਬਾਅਦ ਉਸ ਨੇ ਸੰਨਿਆਸ ਲੈ ਲਿਆ ਅਤੇ ਰਾਜਨੀਤੀ ਵਿੱਚ ਆ ਗਈ।

ਰਾਜਨੀਤਿਕ ਸਫ਼ਰ ਅਤੇ ਜਿੱਤ

ਸੰਨਿਆਸ ਤੋਂ ਬਾਅਦ ਵਿਨੇਸ਼ ਨੇ ਕਾਂਗਰਸ ਪਾਰਟੀ ਜੌਇਨ ਕੀਤੀ ਅਤੇ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਜੂਲਾਨਾ ਤੋਂ ਖੜ੍ਹੀ ਹੋਈ। ਉਸ ਨੇ ਭਾਜਪਾ ਉਮੀਦਵਾਰ ਕੈਪਟਨ ਯੋਗੇਸ਼ ਬੈਰਾਗੀ ਨੂੰ ਹਰਾਇਆ ਅਤੇ ਵਿਧਾਇਕ ਬਣੀ। ਇਹ ਜਿੱਤ ਉਸ ਦੇ ਸੰਘਰਸ਼ ਦਾ ਨਤੀਜਾ ਸੀ ਅਤੇ ਇਸ ਨੇ ਵਿਖਾਇਆ ਕਿ ਉਹ ਰਾਜਨੀਤੀ ਵਿੱਚ ਵੀ ਸਫ਼ਲ ਹੋ ਸਕਦੀ ਹੈ। ਵਿਧਾਇਕ ਵਜੋਂ ਉਹ ਔਰਤਾਂ ਅਤੇ ਖਿਡਾਰੀਆਂ ਦੇ ਮੁੱਦੇ ਉਠਾਉਂਦੀ ਰਹਿੰਦੀ ਹੈ। ਪਰ ਰਾਜਨੀਤੀ ਨੇ ਉਸ ਨੂੰ ਖੇਡ ਤੋਂ ਦੂਰ ਨਹੀਂ ਕੀਤਾ ਬਲਕਿ ਹੋਰ ਮਜ਼ਬੂਤ ਬਣਾਇਆ।

ਮਾਂ ਬਣਨ ਅਤੇ ਨਵੀਂ ਪ੍ਰੇਰਨਾ

ਜੁਲਾਈ 2025 ਵਿੱਚ ਵਿਨੇਸ਼ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ, ਜਿਸ ਨੂੰ ਉਹਨਾਂ ਨੇ ਕ੍ਰਿਧਵ ਨਾਮ ਦਿੱਤਾ ਹੈ। ਇਹ ਖੁਸ਼ੀ ਉਸ ਦੀ ਜ਼ਿੰਦਗੀ ਵਿੱਚ ਨਵਾਂ ਅਧਿਆਏ ਲਿਆਈ ਹੈ। ਉਸ ਨੇ ਕਿਹਾ ਕਿ ਉਸ ਦਾ ਪੁੱਤਰ ਉਸ ਦਾ ਛੋਟਾ ਚੀਅਰਲੀਡਰ ਹੈ ਅਤੇ ਲਾਸ ਏਂਜਲਸ ਦੇ ਰਸਤੇ 'ਤੇ ਉਸ ਨਾਲ ਹੈ। ਮਾਂ ਬਣਨ ਤੋਂ ਬਾਅਦ ਵਾਪਸੀ ਕਰਨ ਵਾਲੀ ਵਿਨੇਸ਼ ਨੇ ਵਿਖਾਇਆ ਕਿ ਔਰਤਾਂ ਆਪਣੇ ਕੈਰੀਅਰ ਅਤੇ ਪਰਿਵਾਰ ਨੂੰ ਸੰਤੁਲਿਤ ਕਰ ਸਕਦੀਆਂ ਹਨ। ਇਹ ਭਾਰਤੀ ਔਰਤਾਂ ਲਈ ਇੱਕ ਵੱਡੀ ਪ੍ਰੇਰਨਾ ਹੈ ਜੋ ਅਕਸਰ ਮਾਂ ਬਣਨ ਤੋਂ ਬਾਅਦ ਆਪਣੇ ਸੁਪਨੇ ਛੱਡ ਦਿੰਦੀਆਂ ਹਨ।

ਭਾਰਤੀ ਕੁਸ਼ਤੀ 'ਤੇ ਪ੍ਰਭਾਵ ਅਤੇ ਭਵਿੱਖ

ਵਿਨੇਸ਼ ਦੀ ਵਾਪਸੀ ਨਾਲ ਭਾਰਤੀ ਕੁਸ਼ਤੀ ਨੂੰ ਨਵੀਂ ਊਰਜਾ ਮਿਲੇਗੀ। ਭਾਰਤ ਵਿੱਚ ਕੁਸ਼ਤੀ ਇੱਕ ਪ੍ਰਸਿੱਧ ਖੇਡ ਹੈ ਅਤੇ ਫ਼ੋਗਾਟ ਪਰਿਵਾਰ ਨੇ ਇਸ ਨੂੰ ਨਵੀਂ ਉਚਾਈ ਦਿੱਤੀ ਹੈ। ਵਿਨੇਸ਼ ਦੀ ਵਾਪਸੀ ਨਾਲ ਨੌਜਵਾਨ ਪਹਿਲਵਾਨਾਂ ਨੂੰ ਪ੍ਰੇਰਨਾ ਮਿਲੇਗੀ ਅਤੇ ਔਰਤਾਂ ਦੀ ਭਾਗੀਦਾਰੀ ਵਧੇਗੀ। ਖੇਡ ਮੰਤਰਾਲੇ ਨੇ ਵੀ ਉਸ ਨੂੰ ਸਹਾਇਤਾ ਦੇਣ ਦਾ ਵਾਅਦਾ ਕੀਤਾ ਹੈ।

## ਇੱਕੋ ਮੰਚ 'ਤੇ ਨਜ਼ਰ ਆਏ ਮੈਸੀ ਅਤੇ ਸਚਿਨ

ਮੁੰਬਈ/ਏ.ਟੀ.ਨਿਊਜ਼: ਇੱਥੋਂ ਦੇ ਇਤਿਹਾਸਕ ਵਾਨਖੇੜੇ ਸਟੇਡੀਅਮ ਵਿੱਚ ਖੇਡ ਜਗਤ ਦੇ ਦੋ ਮਹਾਨ ਖਿਡਾਰੀਆਂ ਅਰਜਨਟੀਨਾ ਦੇ ਸਟਾਰ ਫੁੱਟਬਾਲਰ ਲਿਓਨਲ ਮੈਸੀ ਅਤੇ ਸਾਬਕਾ ਕ੍ਰਿਕਟਰ ਸਚਿਨ ਤੇਂਦੁਲਕਰ ਨੇ ਸਾਂਝੇ ਮੰਚ 'ਤੇ ਆ ਕੇ ਇਤਿਹਾਸ ਸਿਰਜ ਦਿੱਤਾ। ਮੈਸੀ ਆਪਣੇ 'ਗੋਟ ਇੰਡੀਆ ਟੂਰ' ਤਹਿਤ ਇੱਥੇ ਪੁੱਜਿਆ ਸੀ। ਇਸ ਮੌਕੇ ਸਟੇਡੀਅਮ 'ਮੈਸੀ-ਮੈਸੀ' ਦੇ ਨਾਅਰਿਆਂ ਨਾਲ ਗੂੰਜ ਉੱਠਿਆ। ਸਚਿਨ ਨੇ ਇਸ ਨੂੰ ਮੁੰਬਈ ਅਤੇ ਭਾਰਤ ਲਈ 'ਸੁਨਹਿਰੀ ਪਲ' ਕਰਾਰ ਦਿੱਤਾ। ਉਸ ਨੇ ਕਿਹਾ ਕਿ 2011 ਦੇ ਕ੍ਰਿਕਟ ਵਿਸ਼ਵ ਕੱਪ ਦੀ ਜਿੱਤ ਤੋਂ ਬਾਅਦ ਅਜਿਹਾ ਮਾਹੌਲ ਦੇਖਣ ਨੂੰ ਮਿਲਿਆ ਹੈ। ਉਸ ਨੇ ਮੈਸੀ ਦੀ ਨਿਮਰਤਾ ਅਤੇ ਸਮਰਪਣ ਦੀ ਰੱਜ ਕੇ ਤਾਰੀਫ਼ ਕੀਤੀ। ਇਸ ਯਾਦਗਾਰੀ ਮੌਕੇ ਸਚਿਨ ਨੇ ਮੈਸੀ ਨੂੰ ਆਪਣੀ ਦਸਤਖ਼ਤ ਕੀਤੀ ਹੋਈ 10 ਨੰਬਰ ਵਾਲੀ ਭਾਰਤੀ ਜਰਸੀ ਭੇਟ ਕੀਤੀ, ਮੈਸੀ ਨੇ ਸਚਿਨ ਨੂੰ ਫੁਟਬਾਲ ਤੋਹਫ਼ੇ ਵਜੋਂ ਦਿੱਤਾ। ਮੈਸੀ ਨਾਲ ਉਸ ਦੇ ਸਾਥੀ ਲੂਈ ਸੁਆਰੇਜ਼




(ਬਾਕੀ ਸਫ਼ਾ 27 'ਤੇ)

# ਪੰਜਾਬੀ ਸੰਗੀਤ ’ਚ ਲਗਾਤਾਰ ਵਧ ਰਿਹੈ ਹਿੱਪ-ਹੌਪ ਅਤੇ ਰੈਪ ਦਾ ਰੁਝਾਨ

**ਹਰਜੀਤ ਸਿੰਘ ਗਿੱਲ**



ਹਿੱਪ-ਹੌਪ ਸੰਗੀਤ ਨੂੰ ਕੇਵਲ ਸੰਗੀਤ ਹੀ ਨਹੀਂ, ਸਗੋਂ ਕਲਚਰਲ ਲਹਿਰ ਦਾ ਨਾਂ ਦਿੱਤਾ ਹੈ, ਜੋ 1970 ਦੇ ਦਹਾਕੇ ’ਚ ਨਿਊਯਾਰਕ ਦੇ ਬਰੌਂਕਸ ਇਲਾਕੇ ’ਚ ਅਫਰੀਕਨ-ਅਮਰੀਕਨ ਤੇ ਲਾਤੀਨੀ ਨੌਜਵਾਨਾਂ ਵੱਲੋਂ ਸ਼ੁਰੂ ਹੋਈ ਸੀ। ਹਿੱਪ-ਹੌਪ ਵਿੱਚ ਸੰਗੀਤ, ਨਾਚ ਕਲਾ ਤੇ ਜੀਵਨਸ਼ੈਲੀ ਸਭ ਕੁਝ ਸ਼ਾਮਿਲ ਹੁੰਦਾ ਹੈ। ਨੌਜਵਾਨ ਹਿੱਪ-ਹੌਪ/ ਰੈਪ ਰਾਹੀਂ ਆਪਣੀ ਜ਼ਿੰਦਗੀ, ਜਜ਼ਬਾਤ ਤੇ ਤਜਰਬੇ ਤਾਕਤਵਰ ਢੰਗ ਨਾਲ ਪ੍ਰਗਟ ਕਰਦੇ ਹਨ। ਇਸ ਰਾਹੀਂ ਉਹ ਉਨ੍ਹਾਂ ਗੱਲਾਂ ਨੂੰ ਕਹਿ ਸਕਦੇ ਹਨ, ਜੋ ਕਈ ਵਾਰ ਖੁੱਲ੍ਹ ਕੇ ਸਮਾਜ ’ਚ ਨਹੀਂ ਕਹੀਆਂ ਜਾਂਦੀਆਂ।

ਹਿੱਪ-ਹੌਪ ਨੌਜਵਾਨਾਂ ਲਈ ਆਵਾਜ਼,ਮੰਚ ਅਤੇ ਵਿਅਕਤੀਗਤ ਆਜ਼ਾਦੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਹਿੱਪ-ਹੌਪ ਨੌਜਵਾਨਾਂ ਨੂੰ ਆਪਣੀ ਪਛਾਣ ਬਣਾਉਣ ਦਾ ਮੌਕਾ ਦਿੰਦਾ ਹੈ। ਇਸ ਰਾਹੀਂ ਮੈਂ ਕੌਣ ਹਾਂ ? ਮੇਰੀ ਹਸਤੀ ਕਿ ਹੈ ? ਮੇਰੀ ਕਦਰ ਕੀ ਹੈ ? ਮੇਰੀ ਕਹਾਣੀ ਦੂਸਰਿਆਂ ਨੂੰ ਕਿਉਂ ਸੁਣਨੀ ਚਾਹੀਦੀ ਹੈ ? ਵਰਗੇ ਅਨੇਕਾਂ ਸਵਾਲ ਖੜ੍ਹੇ ਹੁੰਦੇ ਹਨ। ਇਸ ਮਿਉਜ਼ਿਕ ਨਾਲ ਨੌਜਵਾਨ ਆਪਣੇ ਘਰ ਦੀਆਂ ਮੁਸ਼ਕਲਾਂ, ਸਮਾਜਿਕ ਤਣਾਅ ਜਿਸ ਵਿੱਚੋ ਉਹ ਨਿਕਲ ਰਹੇ ਹੁੰਦੇ ਹਨ ਤੇ ਆਪਣੇ ਭਵਿੱਖ ਦੀ ਟੈਂਸ਼ਨ ਅਤੇ ਚਿੰਤਾਵਾਂ, ਪੜ੍ਹਾਈ, ਰੁਜ਼ਗਾਰ ਨੌਕਰੀ ਤੇ ਆਪਣੇ ਸਮਾਜਿਕ ਰੁਤਬੇ ਲਈ ਸਖਤ ਸ਼ਬਦਾਂ ਦੀ ਚੋਣ ਨਾਲ ਆਪਣਾ ਗੁੱਸਾ ਗਿਲਾ ਜ਼ਾਹਿਰ ਕਰਦਾ ਹੈ। ਨੌਜਵਾਨ ਜੋ ਵੀ ਕੁਝ ਵੀ ਮਹਿਸੂਸ ਕਰਦੇ ਹਾ, ਲਫ਼ਜ਼ਾਂ ਰਾਹੀਂ ਕਹਿੰਦੇ ਹਨ, ਆਪਣਾ ਦਰਦ ਬਿਆਨ ਕਰਦੇ ਹਨ। ਸਮਾਜਿਕ ਅਨਿਆਂ, ਭੇਦ-ਭਾਵ ਵਿਰੁੱਧ, ਪਰਿਵਾਰਕ ਅਤੇ ਸਮਾਜਿਕ ਦਬਾਅ ਅਤੇ ਮੌਕੇ ਨਾ ਮਿਲਣ ਦੀ ਕਸਕ ਬਿਆਨਦੇ ਹਨ। ਹਿੱਪ-ਹੌਪ ਸੰਗੀਤ ਨੇ ਨੌਜਵਾਨਾਂ ਨੂੰ ਸਿਸਟਮ ਦੀਆਂ ਕਮੀਆਂ,ਭਾਵ ਭ੍ਰਿਸ਼ਟਾਚਾਰ, ਭੇਦਭਾਵ, ਨਾਬਰਾਬਰੀ ਦੇ ਖ਼ਿਲਾਫ਼ ਬੋਲਣ ਦੀ ਆਜ਼ਾਦੀ ਤੇ ਤਾਕਤ ਦਿੱਤੀ ਹੈ। ਨੌਜਵਾਨ ਰੈਪ ਅਤੇ ਹਿੱਪ-ਹੌਪ ਸੰਗੀਤ ਵਿਚ ਆਪਣੀ ਨਿੱਜੀ ਪੀੜ ਵੀ ਬਿਆਨ ਕਰਦੇ ਹਨ ਜਿਸ ਵਿਚ ਵਫ਼ਾਦਾਰੀ ਦਾ ਪ੍ਰਗਟਾਵਾ, ਪਿਆਰ ਟੁੱਟ ਜਾਣ ਦਾ ਜ਼ਿਕਰ, ਨਿਭਾਏ ਗਏ ਪਿਆਰ ਤੇ ਦੋਸਤੀ ਦੇ ਟੁੱਟੇ ਰਿਸ਼ਤਿਆਂ ਨੂੰ ਵੀ ਬਿਆਨ ਕਰਦੇ ਹਨ।

ਹਿੱਪ-ਹੌਪ ਰਾਹੀਂ ਨੌਜਵਾਨ ਆਪਣਾ ਵਿਸ਼ਵਾਸ, ਸਟਾਇਲ, ਕੱਪੜੇ, ਪਹਿਰਾਵਾ, ਬੋਲ-ਚਾਲ ਸਵੈਗ, ਐਟੀਚਿਊਟ, ਰਵੱਈਆ ਅਤੇ ਸ਼ਖ਼ਸੀਅਤ ਵੀ ਬਿਆਨਦੇ ਹਨ। ਹਿੱਪ-ਹੌਪ ਦਾ ਜਨਮ ਲਗਭਗ 1973 ਦੇ ਆਸ-ਪਾਸ ਹੋਇਆ ਮੰਨਿਆ ਜਾਂਦਾ ਹੈ। ਇਨ੍ਹਾਂ ਸਮਿਆਂ ਵਿਚ ਨਿਊਯਾਰਕ ਦਾ ਬਰੌਂਕਸ ਇਲਾਕਾ ਇਕ ਗ਼ਰੀਬ, ਅਨਿਆਂ ਦਾ ਸ਼ਿਕਾਰ, ਤਬਾਹਸ਼ੁਦਾ ਤੇ ਅਪਰਾਧ ਵਾਲਾ ਇਲਾਕਾ ਹੁੰਦਾ ਸੀ।

ਸੁਆਲ ਉੱਠਦਾ ਹੈ ਕਿ ਕੀ ਬਲੈਕ ਨੌਜਵਾਨ ਇਸ ਨਾਲ ਗੁਮਰਾਹ ਵੀ ਹੋਇਆ ? ਆਪਣੇ ਹੱਕੀ ਮੰਗਾਂ ਦੇ ਮਿਸ਼ਨ ਤੋਂ ਭਟਕਿਆ ਤੇ ਕਰਾਈਮ ਵੱਲ ਵੀ ਧੱਕਿਆ ਗਿਆ। ਇਹ ਸੱਚ ਹੈ ਕਿ ਹਿੱਪ-ਹੌਪ/ਰੈਪ ਨੇ ਬਲੈਕ ਨੌਜਵਾਨਾਂ ਨੂੰ ਤਾਕਤ ਵੀ ਦਿੱਤੀ ਤੇ ਕਈ ਵਾਰ ਕੁਝ ਹਿੱਸਿਆਂ ਨੂੰ ਗੁਮਰਾਹ ਵੀ ਕੀਤਾ। ਹੱਕ ਦੀ ਲੜਾਈ ਨੂੰ ਰਾਜਨੀਤਕ ਪੱਧਰ ੀ ’ਤੇ ਵਿਰੋਧ ਜਿਤਾਉਣ, ਰਾਜਨੀਤਕ ਸੰਘਰਸ਼ ਨੂੰ ਸੜਕਾਂ ਜਥੇਬੰਦਕ ਰੋਸ ਵਿਖਾਵਿਆਂ ਤੇ ਕੂਟਨੀਤਕ ਦਬਾਅ ਬਣਾਉਣ ਤੋਂ ਭਟਕ ਕੇ ਇਸ ਸਮੂਹ ਦੇ ਕੁਝ ਹਿੱਸੇ ਹਿੱਪ-ਹੋਪ ਦੇ ਗੈਂਗਸਟਰ ਕਲਚਰ ਤੋਂ ਪ੍ਰਭਾਵਿਤ ਹੋਏ। ਖ਼ਾਸ ਕਰਕੇ ਉਹ ਜਿਨ੍ਹਾਂ ਦਾ ਮਾਹੌਲ ਪਹਿਲਾਂ ਹੀ ਤਣਾਅ ਵਾਲਾ ਸੀ। ਗੈਂਗਸਟਾ ਰੈਪ ਨੇ ਗੈਂਗ ਕਲਚਰ ਨੂੰ ਗਲੈਮਰਾਈਜ਼ ਕੀਤਾ। ਨਸ਼ਿਆਂ ਨੂੰ, ਪੈਸੇ ਨੂੰ, ਹਥਿਆਰਾਂ ਨੂੰ ਝੂਠੀ ਸ਼ਾਨ ਵਾਂਗ ਵਿਖਾਇਆ ਗਿਆ। ਇਸ ਨਾਲ ਕੁਝ ਨੌਜਵਾਨਾਂ ਨੇ ਕਰਾਈਮ ਨੂੰ ਪਛਾਣ ਸਮਝ ਲਿਆ, ਹਿੰਸਾ ਨੂੰ ਤਾਕਤ ਮੰਨ ਲਿਆ ਅਤੇ ਗ਼ਲਤ ਰਾਹਾਂ ਨੂੰ ਅਸਲ ਜ਼ਿੰਦਗੀ ਕਹਿਣ ਲੱਗੇ। ਕੁਝ ਲੋਕ ਇਹ ਵੀ ਸਵਾਲ ਕਰਦੇ ਹਨ ਕਿ ਕੀ ਤਾਕਤਵਰ ਲੋਕਾਂ ਦੀ ਗੁੱਝੀ ਚਾਲ ਨਾਲ ਬਲੈਕ ਨੌਜਵਾਨ ਹਿੱਪ-ਹੋਪ ਅਤੇ ਰੈਪ ਨਾਲ ਕਰਾਈਮ ਵੱਲ ਮੋੜੇ ਗਏ ਸਨ ? ਇਸ ਦਾ ਭਾਵੇਂ ਕੋਈ ਸਪੱਸ਼ਟ ਜਾਂ ਪ੍ਰਮਾਣਿਤ ਸਬੂਤ ਨਹੀਂ ਮਿਲਦਾ ਕਿ ਕਿਸੇ ਗੁਪਤ ਪਲਾਨ ਨੇ ਜਾਣ ਬੁੱਝ ਕੇ ਬਲੈਕ ਨੌਜਵਾਨਾਂ ਨੂੰ ਹਿੱਪ-ਹੌਪ ਰਾਹੀਂ ਕਰਾਈਮ ਵੱਲ ਧੱਕਿਆ। ਪਰ ਇਹ ਜੱਗ ਜ਼ਾਹਿਰ ਹੈ ਕਿ ਬਲੈਕ ਇਲਾਕਿਆਂ ਨੂੰ ਜਾਣ-ਬੁੱਝ ਕੇ ਗ਼ਰੀਬ ਰੱਖਣ ਦੀ ਨੀਤੀ ਲੰਮੇ ਸਮੇਂ ਤੋਂ ਚੱਲ ਰਹੀ ਸੀ।

1930 ਤੋਂ 1960 ਦੇ ਵਿਚਕਾਰ ਸਰਕਾਰੀ ਨੀਤੀਆਂ ਨਾਲ ਬਲੈਕ ਇਲਾਕਿਆਂ ਨੂੰ ਖ਼ਤਰਨਾਕ ਘੋਸ਼ਿਤ ਕਰਕੇ ਇਨਵੈਸਟਮੈਂਟ ਰੋਕ ਦਿੱਤੀ ਗਈ, ਜਿਸ ਨਾਲ ਗ਼ਰੀਬੀ ਆਮ ਹੋ ਗਈ। 1980 ਦੇ ਦਹਾਕੇ ਵਿਚ ਨਸ਼ਿਆਂ ਵਿਰੁੱਧ ਜੰਗ ਨਾ ਦੀ ਨੀਤੀ ਨਾਲ ਬਲੈਕ ਇਲਾਕਿਆਂ ਵਿਚ ਭਾਰੀ ਪੁਲੀਸ ਕਾਰਵਾਈ ਕੀਤੀ ਗਈ, ਜਿਹੜੇ ਅਪਰਾਧ ਗੋਰੇ ਕਰਦੇ, ਉਨ੍ਹਾਂ ਨੂੰ ਘੱਟ ਸਜ਼ਾ ਤੇ ਜਿਹੜੇ ਬਲੈਕ ਕਰਦੇ, ਉਨ੍ਹਾਂ ਨੂੰ ਕਈ ਗੁਣਾ ਵੱਧ ਸਜ਼ਾ ਦਿੱਤੀ ਜਾਂਦੀ ਰਹੀ। ਇਸ ਨਾਲ ਬਲੈਕ ਨੌਜਵਾਨ ਜੇਲ੍ਹਾਂ ਵਿਚ ਸੁੱਟੇ ਗਏ। ਨਵੀ ਤਕਨਾਲੋਜੀ ਦੀ ਆਮਦ ਨਾਲ 1970 ਤੋਂ 1990 ’ਚ ਫੈਕਟਰੀਆਂ ਬੰਦ ਹੋਈਆਂ ਅਤੇ ਮਜ਼ਦੂਰੀ ਮਿਲਣੀ ਔਖੀ ਗਈ। ਬਲੈਕ ਇਲਾਕਿਆਂ ’ਚ ਨਵੀਆਂ ਨੌਕਰੀਆਂ ਆਈਆਂ ਹੀ ਨਹੀਂ। ਜੋ ਥੋੜ੍ਹੀਆਂ ਬਹੁਤ ਪਹਿਲਾਂ ਸਨ, ਖ਼ਤਮ ਹੋ ਗਈਆਂ। ਆਰਥਿਕ ਮੌਕਿਆਂ ਦੀ ਘਾਟ ਦੇ ਕਾਰਨ ਗ਼ਰੀਬ ਬਲੈਕ ਭਾਈਚਾਰੇ ਦੇ ਨੌਜਵਾਨਾਂ ਨੂੰ ਗਲੀਆਂ ਬਾਜ਼ਾਰਾਂ ’ਚ ਵਿਹਲੇ ਘੁੰਮਣ ਤੋਂ ਇਲਾਵਾ ਕੋਈ ਕੰਮ ਨਾ ਰਿਹਾ ਅਤੇ ਉਹ ਗੈਂਗ ਕਲਚਰ ਵੱਲ ਆਕਰਸ਼ਿਤ ਹੋਏ।

ਪਿਛਲੇ ਲੰਮੇ ਸਮੇ ਤੋਂ ਪੰਜਾਬ ਦੇ ਹਲਾਤ ਵੀ ਅਜਿਹੇ ਖ਼ਤਰਨਾਕ ਦੌਰ ਵਿਚ ਪਹੁੰਚ ਗਏ ਹਨ। ਭਾਰਤ ਦਾ ਸਿਰਮੌਰ ਇਕ ਨੰਬਰ ਦਾ ਪ੍ਰਾਂਤ ਬੇਰੁਜ਼ਗਾਰੀ , ਭ੍ਰਿਸ਼ਟਾਚਾਰ , ਰਾਜਨੀਤਕ ਬੇਭਰੋਸਗੀ ਦਾ ਸ਼ਿਕਾਰ ਹੈ। ਸਭ ਕੁਝ ਪਰੋਸ ਕੇ ਕਾਰਪੋਰੇਟ ਦੇ ਅੱਗੇ ਧਰ ਦਿੱਤਾ ਹੈ ਅਤੇ ਪਬਲਿਕ ਰਾਮ ਭਰੋਸੇ ਦਿਨ ਕੱਟੀ ਕਰਨ ਲਈ ਮਜਬੂਰ ਹੈ। ਧਾਰਮਿਕ ਵਖਰੇਵੇਂ ਵੱਧ ਰਹੇ ਹਨ, ਜਿਸ ਨਾਲ ਸਮਾਜ ਵਿਚ ਨਫ਼ਰਤ ਅਤੇ ਪਾੜਾ ਵਧਿਆ ਹੈ।

ਨੌਜਵਾਨੀ ਭਵਿੱਖ ਨੂੰ ਲੈ ਕੇ ਚਿੰਤਾ ਵਿਚ ਹੈ। ਥੋੜ੍ਹੇ ਬਹੁਤੇ ਲੋਕਾਂ ਨੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਵਿਦੇਸ਼ਾਂ ਵੱਲ ਮੂੰਹ ਕਰ ਲਿਆ ਸੀ ਪਰ ਹੁਣ ਪਰਵਾਸ ਵੀ ਔਖਾ ਹੈ। ਵਿਹਲੇ ਹੋਏ ਨੌਜਵਾਨ ਅਮਰੀਕਾ ਦੇ ਬਲੈਕ ਭਾਈਚਾਰੇ ਦਾ ਇਤਿਹਾਸ ਦੁਹਰਾਉਣ ਦੀ ਰਾਹ ’ਤੇ ਪੈ ਰਹੇ ਹਨ। ਹਰ ਛੋਟੇ ਵੱਡੇ ਕਸਬੇ ਅਤੇ ਸ਼ਹਿਰ ਵਿਚ ਪਈਆਂ ਖ਼ਾਲੀ ਥਾਵਾਂ ਵਿਚ ਰੈਪ ਕਲੱਬਾਂ ਹੋਂਦ ’ਚ ਆ ਰਹੀਆਂ ਹਨ। ਹੁਣ ਪੰਜਾਬੀ ਨੌਜਵਾਨ ਵੀ ਹਿੱਪ-ਹੌਪ ਸੰਗੀਤ ਰਾਹੀਂ ਆਪਣੀ ਸੋਚ, ਜੀਵਨ-ਸੰਘਰਸ਼, ਗੁੱਸਾ, ਭਵਿੱਖ ਦੇ ਸੁਪਨੇ ਅਤੇ ਡਰ ਸਭ ਕੁਝ ਪ੍ਰਗਟ ਕਰਦੇ ਨਜ਼ਰ ਆ ਰਹੇ ਹਨ। ਪੰਜਾਬੀ ਹਿੱਪ-ਹੋਪ ਵਿਚ ਨੌਜਵਾਨਾਂ ਦੀ ਸਿਸਟਮ ਨਾਲ ਨਾਰਾਜ਼ਗੀ, ਬੇਰੁਜ਼ਗਾਰੀ, ਨਸ਼ੇ ਦਾ ਮਾਹੌਲ, ਭ੍ਰਿਸ਼ਟਾਚਾਰ ਅਤੇ ਸਿੱਖਿਆ ਅਤੇ ਸਿਹਤ ਅਦਾਰਿਆਂ ਦੀ ਬੇਹਾਲੀ ਦਾ ਜ਼ਿਕਰ ਦਿਖਾਈ ਦਿੰਦਾ ਹੈ। ਪੰਜਾਬੀ ਰੈਪ ਦਾ ਇਕ ਵੱਡਾ ਹਿੱਸਾ ਆਪਣੀ ਪਛਾਣ ਆਪਣੀਆਂ ਜੜ੍ਹਾਂ, ਬੋਲੀ, ਪੇਂਡੂ ਸੱਭਿਅਚਾਰ ਅਤੇ ਸਵੈ-ਅਭਿਮਾਨ ਬਾਰੇ ਹੁੰਦਾ ਹੈ।

ਕਈ ਪੰਜਾਬੀ ਰੈਪਰ ਕਿਸਾਨ ਸੰਘਰਸ਼, ਹੱਕਾਂ, ਸਮਾਜਿਕ ਨਿਆਂ ਅਤੇ ਪੰਜਾਬੀਅਤ ਬਾਰੇ ਪ੍ਰੋਟੈਸਟ ਰੈਪ ਕਰਦੇ ਹਨ। ਪੰਜਾਬੀ ਰੈਪ ਵਿੱਚ ਇਕ ਬਹੁਤ ਵੱਡਾ ਜਜ਼ਬਾ ਕਿ ਮੈਂ ਅੱਗੇ ਵੱਧ ਕੇ ਵਿਖਾਵਾਂਗਾ, ਮੇਰੇ ਦਿਨ ਵੀ ਆਉਣਗੇ ਵੀ ਮਿਲਦਾ ਹੈ। ਪਰ ਇਸ ਦੇ ਨਾਲ ਨਾਲ ਨਸ਼ੇ ਦਾ ਰੁਝਾਨ, ਗੈਂਗਸਟਰ ਨੂੰ ਗਲੋਰੀਫਾਈ ਕਰਨ, ਹਿੰਸਾ ਨੂੰ ਪ੍ਰਮੋਟ ਕਰਨ, ਸ਼ੇਖੀਆਂ ਮਾਰਨ ਅਤੇ ਫੁਕਰਾਪੰਥੀ ਵਾਲਾ ਗ਼ਲਤ ਰਾਹ ਚੁਣਨ ਦੇ ਰੁਝਾਨ ਵਿੱਚ ਚਿੰਤਾਜਨਕ ਵਾਧਾ ਹੋ ਰਿਹਾ ਹੈ। ਇਹ ਸਭ ਰੁਝਾਨ ਨੌਜਵਾਨਾਂ ਨੂੰ ਵਿਰਸੇ ਤੋਂ ਦੂਰ ਅਤੇ ਨਕਲੀ ਹੀਰੋਇਜ਼ਮ ਵੱਲ ਲੈ ਕੇ ਜਾ ਰਹੇ ਹਨ। ਪੰਜਾਬੀ ਰੈਪ ਦੇ ਗ਼ਲਤ ਰੁਝਾਨ ਪੰਜਾਬ ਦੀਆ ਅਮੀਰ ਪ੍ਰੰਪਰਾਵਾਂ ਨਾਲ ਮੇਲ ਨਹੀਂ ਖਾਂਦੇ ਅਤੇ ਇਸ ਨਾਲ ਪੁਰਾਤਨ ਪ੍ਰੰਪਰਾਵਾਂ ਨਾਲ ਟਕਰਾਅ ਵੱਧ ਰਿਹਾ ਹੈ।

ਪੰਜਾਬ ਦੀ ਮਿੱਟੀ ਦੀ ਆਪਣੀ ਸ਼ਾਨਾਮੱਤੀ ਵਿਰਾਸਤ ਹੈ। ਪੁਰਾਣੇ ਪੰਜਾਬੀ ਲੋਕ ਗੀਤਾਂ ’ਚ ਸ਼ਬਦਾਂ ਦੀ ਮਿਠਾਸ, ਸ਼ਾਲੀਨਤਾ ਅਤੇ ਕਹਾਣੀ ਦਾ ਧੀਰਜ ਸੀ। ਅੱਜ ਦੇ ਰੈਪ ਗੀਤਾਂ ’ਚ ਗਾਲ੍ਹਾਂ ਵਰਗੇ ਬੇਸ਼ੁਮਾਰ ਗੰਦੇ ਸ਼ਬਦਾਂ ਦੀ ਭਰਮਾਰ ਹੈ। ਔਰਤਾਂ ਨੂੰ ਬਾਜ਼ਾਰੀ ਵਸਤਾਂ ਵਾਂਗਰ ਚਿਤਰਨਾ, ਅਸ਼ਲੀਲ ਇਸ਼ਾਰਿਆਂ ਨਾਲ ਹਿੰਸਕ ਭਾਵ ਪੈਦਾ ਕਰਨੇ, ਆਮ ਵਰਤਾਰਾ ਹੈ। ਇਹ ਸਭ ਪੰਜਾਬ ਦੀ ਗੁਰਮਤਿ ਕਾਵਿ-ਰਵਾਇਤ ਤੇ ਸੂਫ਼ੀਆਨਾ ਧਾਰਾ ਦੇ ਰੂਹਾਨੀ ਅਹਿਸਾਸ ਨਾਲ ਨਹੀਂ ਮਿਲਦੇ। ਚਾਹੀਦਾ ਇਹ ਹੈ ਕਿ ਨੌਜਵਾਨ ਆਪਣੇ ਵਿਰਸੇ, ਗੁਰਮਤਿ ਤੇ ਲੋਕ-ਧਰਮ ਤੋਂ ਤਾਕਤ ਲਵੇ ਤੇ ਕਲਾ ਨੂੰ ਵੀ ਇਮਾਨਦਾਰੀ ਨਾਲ ਨਿਭਾਵੇ।

## ਬੇਸ਼ੁਮਾਰ ਗੀਤਾਂ ਦੀ ਸ਼ਹਿਜ਼ਾਦੀ

# ਨੂਰ ਜਹਾਂ



ਕਈ ਦਹਾਕਿਆਂ ਤੱਕ ਸੰਗੀਤ ਪ੍ਰੇਮੀਆਂ ਦੇ ਦਿਲਾਂ ’ਤੇ ਰਾਜ ਕਰਨ ਵਾਲੀ ਗਾਇਕਾ, ਅਦਾਕਾਰਾ ਅਤੇ ਹਦਾਇਤਕਾਰਾ ਨੂਰ ਜਹਾਂ ਕਿਸੇ ਰਸਮੀ ਜਾਣ-ਪਛਾਣ ਦੀ ਮੁਹਤਾਜ਼ ਨਹੀਂ। ਨੂਰ ਜਹਾਂ ਦਾ ਜਨਮ ਪਿਤਾ ਇਮਦਾਦ ਅਲੀ ਤੇ ਮਾਤਾ ਫ਼ਤਿਹ ਬੀਬੀ ਦੇ ਘਰ 21 ਸਤੰਬਰ 1926 ਨੂੰ ਕਸੂਰ ਸ਼ਹਿਰ ਦੇ ਨੇੜਲੇ ਪਿੰਡ ਕੋਟ-ਮੁਗ਼ਲ ਵਿਖੇ ਹੋਇਆ ਸੀ। ਉਸ ਦਾ ਪਹਿਲਾ ਨਾਮ ਅੱਲਾ ਵਸਾਈ ਸੀ। ਅੱਲਾ ਵਸਾਈ (ਨੂਰ ਜਹਾਂ) ਅਜੇ ਬਚਪਨ ’ਚ ਹੀ ਸੀ ਕਿ ਇਨ੍ਹਾਂ ਦਾ ਪਰਿਵਾਰ ਕੋਲਕਾਤੇ (ਕਲਕੱਤਾ) ਆ ਕੇ ਰਹਿਣ ਲੱਗਾ ਸੀ। ਨੂਰ ਜਹਾਂ ਦੇ ਮਾਤਾ-ਪਿਤਾ ਥੀਏਟਰ ਕਲਾਕਾਰ ਸਨ। ਏਦਾਂ ਨੂਰ ਜਹਾਂ ’ਚ ਹੀ ਗਾਇਕੀ-ਅਦਾਕਾਰੀ ਦੇ ਪੈਦਾਇਸ਼ੀ ਗੁਣ ਸਨ। ਮਾਤਾ-ਪਿਤਾ ਨੇ ਬੇਟੀ ਦੀ ਗਾਇਕੀ ਦੀ ਸਿੱਖਿਆ ਲਈ ਘਰ ’ਚ ਹੀ ਉਸਤਾਦਾਂ ਦਾ ਪ੍ਰਬੰਧ ਕੀਤਾ ਸੀ। ਕਜ਼ਾਨ ਬਾਈ ਉਨ੍ਹਾਂ ਦੀ ਸਭ ਤੋਂ ਪਹਿਲੀ ਉਸਤਾਦ ਸੀ। ਇਸ ਪਿੱਛੋਂ ਕ੍ਰਮਵਾਰ ਬੜੇ ਗ਼ੁਲਾਮ ਅਲੀ ਖ਼ਾਨ ਤੇ ਗ਼ੁਲਾਮ ਮੁਹੰਮਦ ਸਾਹਿਬ ਉਨ੍ਹਾਂ ਦੇ ਉਸਤਾਦ ਰਹੇ। ਨੂਰ ਜਹਾਂ ’ਚ ਸਿੱਖਣ ਦੀ ਜਗਿਆਸਾ ਕਾਬਲੇ-ਤਾਰੀਫ਼ ਸੀ। ਉਹ ਗਾਇਕੀ ’ਚ ਜਲਦੀ ਪ੍ਰਵੀਨ ਹੋ ਗਈ।

ਸਾਲ 1938 ’ਚ ਬਾਲਪਨ ਦੀ ਉਮਰ ’ਚ ਹੀ ਉਨ੍ਹਾਂ ਨੂੰ ਫ਼ਿਲਮ ‘ਹਿੰਦ ਕੇ ਤਾਰੇ’ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ। ਉਹ ਮੂਕ ਫ਼ਿਲਮਾਂ ਦਾ ਦੌਰ ਸੀ। ਇਸ ਪਿੱਛੋਂ ਨੂਰਜਹਾਂ ਦੇ ਪਰਿਵਾਰ ਨੇ ਕੋਲਕਾਤੇ (ਕਲਕੱਤਾ) ਰਿਹਾਇਸ਼ ਕਰ ਲਈ। ਇਸੇ ਦੌਰਾਨ ਨੂਰਜਹਾਂ ਨੇ 11 ਮੂਕ ਫਿਲਮਾਂ ’ਚ ਕੰਮ ਕੀਤਾ। ਕੋਲਕਾਤੇ ਹੀ ਨੂਰਜਹਾਂ ਦੀ ਮੁਲਾਕਾਤ ਮਸ਼ਹੂਰ ਫ਼ਿਲਮਸਾਜ਼ ਦਲਸੁੱਖ ਪੰਚੋਲੀ ਨਾਲ ਹੋਈ। ਪੰਚੋਲੀ ਨੂੰ ਨੂਰ ਜਹਾਂ ਵਿੱਚ ਉੱਭਰਦੀ ਹੋਈ ਸਿਨੇ-ਤਾਰਿਕਾ ਦੀ ਝਲਕ ਨਜ਼ਰ ਆਈ।. ਸੋ ਉਨ੍ਹਾਂ ਨੇ ਆਪਣੀ ਫ਼ਿਲਮ ‘ਗੁਲੇਬਕਾਵਲੀ’ ਲਈ ਚੁਣ ਲਿਆ। ਇਸੇ ਫ਼ਿਲਮ ਵਿੱਚ ਨੂਰ ਜਹਾਂ ਨੇ ਆਪਣਾ ਪਹਿਲਾ ਗੀਤ ‘ਸ਼ਾਲਾ ਜਵਾਨੀਆਂ ਮਾਣੇ’ ਗਾਇਆ। ਲਗਪਗ ਤਿੰਨ ਸਾਲ ਤੱਕ ਕੋਲਕਾਤੇ ਰਹਿਣ ਮਗਰੋਂ ਨੂਰ ਜਹਾਂ ਵਾਪਸ ਲਾਹੌਰ ਆ ਗਈ। ਇੱਥੇ ਹੀ ਇਨ੍ਹਾਂ ਦੀ ਮੁਲਾਕਾਤ ਜੀ.ਏ. ਚਿਸ਼ਤੀ (ਫ਼ਿਲਮਸਾਜ਼) ਨਾਲ ਹੋਈ। ਜੀ.ਏ. ਚਿਸ਼ਤੀ ਦੇ ਹੀ ਕਹਿਣ ’ਤੇ ਨੂਰ ਜਹਾਂ ਸਟੇਜ ’ਤੇ ਗੀਤ ਅਤੇ ਨ੍ਰਿਤ ਕਰਨ ਲੱਗੀ, ਜਿਸ ਦੇ ਇਵਜ਼ ਵਜੋਂ ਨੂਰ ਜਹਾਂ ਨੂੰ ਸਾਢੇ ਸੱਤ ਆਨੇ ਮਿਲਦੇ ਸਨ।

**ਨਿਰਦੇਸ਼ਕ ਸ਼ੌਕਤ ਹੁਸੈਨ ਨਾਲ ਨਿਕਾਹ**

ਇਸ ਪਿੱਛੋਂ 1942 ਵਿੱਚ ਪੰਚੋਲੀ ਦੀ ਹੀ ਫਿਲਮ ‘ਖ਼ਾਨਦਾਨ’ ਦੀ ਸਫ਼ਲਤਾ ਤੋਂ ਬਾਅਦ ਨੂਰ ਜਹਾਂ ਨੇ ਅਦਾਕਾਰੀ ਵਿਚ ਜਬਰਦਸਤ ਮੁਕਾਮ ਹਾਸਲ ਕਰ ਲਿਆ। ਉਦੋਂ ਹੀ ਨੂਰ ਜਹਾਂ ਨੇ ‘ਖ਼ਾਨਦਾਨ’ ਫਿਲਮ ਦੇ ਨਿਰਦੇਸ਼ਕ ਸ਼ੌਕਤ ਹੁਸੈਨ ਨਾਲ ਨਿਕਾਹ ਕਰ ਲਿਆ ਸੀ। ਇਸੇ ਦੌਰਾਨ ਹੀ ਨੂਰ ਜਹਾਂ ਨੇ ‘ਜੁਗਨੀ’, ‘ਅਨਮੋਲ ਘੜੀ’, ‘ਮਿਰਜ਼ਾ ਸਾਹਿਬਾਂ’ ਤੇ ਪੰਜਾਬੀ ਫ਼ਿਲਮ ‘ਪਿੰਡ ਦੀ ਕੁੜੀ’ ਆਦਿ ਹਿੱਟ ਫਿਲਮਾਂ ਦਿੱਤੀਆਂ। 1947 ਵਿੱਚ ਦੇਸ਼ ਦੀ ਵੰਡ ਉਪਰੰਤ ਨੂਰ ਜਹਾਂ ਨੇ ਪਾਕਿਸਤਾਨ ਜਾਣ ਨੂੰ ਤਰਜੀਹ ਦਿੱਤੀ। ਇੱਧਰ ਆ ਕੇ ਉਨ੍ਹਾਂ ਆਪਣੇ ਨਿਰਦੇਸ਼ਨ ’ਚ ਫ਼ਿਲਮ ‘ਚੰਨ ਵੇ’ ਦਾ ਨਿਰਮਾਣ ਕੀਤਾ। ਇਸ ਤੋਂ ਬਾਅਦ ਫ਼ਿਲਮ ‘ਦੁਪੱਟਾ’ ਬਣਾਈ ਜੋ ਆਪਣੇ ਗੀਤ-ਸੰਗੀਤ ਕਰ ਕੇ ਬਹੁਤ ਸਫ਼ਲ ਰਹੀ।

ਇੰਟਰਨੈੱਟ ਦੇ ਅਜੋਕੇ ਯੁੱਗ ’ਚ ਲਹਿੰਦੇ ਪੰਜਾਬ ਦਾ ਕੋਈ ਵੀ ਗੀਤ ਸੁਣਿਆ ਜਾ ਸਕਦਾ ਹੈ। ਉਂਝ ਤਾਂ ਨੂਰ ਜਹਾਂ ਨੇ ਅਨੇਕਾਂ ਗੀਤਕਾਰਾਂ ਦੇ ਗੀਤਾਂ ਨੂੰ ਆਵਾਜ਼ ਦਿੱਤੀ ਪਰ ਜਿਨ੍ਹਾਂ ਗੀਤਕਾਰਾਂ ਦੇ ਗੀਤ ਜ਼ਿਆਦਾ ਚਰਚਿਤ ਹੋਏ, ਉਨ੍ਹਾਂ ’ਚ ਬਾਬਾ ਜੀਏ. ਚਿਸ਼ਤੀ, ਕਤੀਲ ਸ਼ਿਫ਼ਾਈ, ਸ਼ੈਵਨ ਰਿਜ਼ਵੀ, ਤਸਲੀਮ ਫ਼ਾਜ਼ਲੀ, ਮੁਨੀਰ ਨਿਆਜ਼ੀ, ਮੁਸ਼ੀਰ ਕਾਜ਼ਮੀ, ਸਲੀਮ ਜ਼ੁਬੇਰ, ਨਾਸਿਰ, ਲਿਆਕਤ ਅਲੀ, ਵਜ਼ਾਹਤ ਅਤਰੇ, ਸਲੀਮ ਅਹਿਮਦ, ਅਹਿਮਦ ਰਾਹੀ, ਹਜ਼ੀਮ ਕਾਦਰੀ, ਮਨਜ਼ੂਰ ਝੱਲਾ, ਵਾਰਿਸ ਲੁਧਿਆਣਵੀ, ਖ਼ਵਾਜ਼ਾ ਪਰਵੇਜ਼, ਤਨਵੀਰ ਨਕਵੀ, ਸਲੀਮ ਕੈਸਰ, ਮਸਰੂਰ ਅਨਵਰ, ਸਨਮੁੱਖ ਸਿੰਘ ਆਜ਼ਾਦ ਅਤੇ ਬੇਕਲ ਅੰਮ੍ਰਿਤਸਰੀ ਪ੍ਰਮੁੱਖ ਹਨ। ਨੂਰ ਜਹਾਂ ਨੇ ਵੱਖ-ਵੱਖ ਭਾਸ਼ਾਵਾਂ ਵਿੱਚ ਲਗਪਗ 6000 ਗੀਤ ਗਾਏ ਹਨ।

**ਚਾਰ ਵਿਆਹ ਕਰਵਾਏ**

ਮਲਿਕਾ ਤਰੁੰਨਮ ਨੂਰ ਜਹਾਂ ਗਿਆਰਾਂ ਭੈਣ-ਭਰਾ ਸਨ। ਨੂਰ ਜਹਾਂ ਨੇ ਆਪਣੀ ਜ਼ਿੰਦਗੀ ਵਿੱਚ ਚਾਰ ਵਿਆਹ ਕਰਵਾਏ। ਇਨ੍ਹਾਂ ਦਾ ਪਹਿਲਾ ਵਿਆਹ ਫਿਲਮ ਡਾਇਰੈਕਟਰ ਸ਼ੌਕਤ ਹੁਸੈਨ ਰਿਜ਼ਵੀ ਨਾਲ ਹੋਇਆ, ਜਿਸ ਤੋਂ ਦੋ ਪੁੱਤਰ—ਅਕਬਰ ਹੁਸੈਨ, ਸਾਗਰ ਹੁਸੈਨ ਅਤੇ ਇਕ ਧੀ ਹੁਮਾ ਨੇ ਜਨਮ ਲਿਆ। ਇਨ੍ਹਾਂ ਦੀ ਦੂਸਰੀ ਸ਼ਾਦੀ ਫਿਲਮੀ ਅਦਾਕਾਰ ਏਜਾਜ਼ ਦੁਰਾਨੀ ਨਾਲ ਹੋਈ। ਏਜਾਜ਼ ਦੁਰਾਨੀ ਪਾਕਿਸਤਾਨ ਦੇ ਮਸ਼ਹੂਰ ਅਦਾਕਾਰ ਸਨ ਜਿਨ੍ਹਾਂ ਨੇ ਪੰਜਾਬੀ, ਉਰਦੂ ਦੀਆਂ ਲਗਪਗ 150 ਫ਼ਿਲਮਾਂ ’ਚ ਕੰਮ ਕੀਤਾ। ਇਸ ਵਿਆਹ ਤੋਂ ਤਿੰਨ ਧੀਆਂ—ਸਾਜ਼ੀਆ, ਹਿਨਾ ਤੇ ਈਨਾ ਪੈਦਾ ਹੋਈਆਂ। ਏਜਾਜ਼ ਦੁਰਾਨੀ ਵੀ ਜਲਦੀ ਹੀ ਨੂਰ ਜਹਾਂ ਤੋਂ ਦੂਰੀ ਬਣਾ ਗਿਆ। ਨੂਰ ਜਹਾਂ ਦੀ ਤੀਸਰੀ ਸ਼ਾਦੀ ਯੂਸਫ਼ ਖ਼ਾਨ ਨਾਲ ਹੋਈ। ਯੂਸਫ਼ ਖ਼ਾਨ ਨੂੰ ਕਬੂਤਰ ਰੱਖਣ ਦਾ ਸ਼ੌਕ ਸੀ। ਕਬੂਤਰਾਂ ਦੀ ਪਰਵਰਿਸ਼ ਕਰਕੇ ਹੀ ਇਨ੍ਹਾਂ ਵਿੱਚ ਅਣਬਣ ਹੋਈ। ਫਿਰ ਗੱਲ ਤਲਾਕ ’ਤੇ ਖ਼ਤਮ ਹੋਈ। ਯੂਸਫ਼, ਨੂਰ ਜਹਾਂ ਤੋਂ ਤਕਰੀਬਨ 9 ਸਾਲ ਛੋਟੇ ਸਨ। ਨੂਰ ਜਹਾਂ ਦੀ ਚੌਥੀ ਸ਼ਾਦੀ ਮਸ਼ਹੂਰ ਸੰਗੀਤਕਾਰ ਨਜ਼ੀਰ ਅਲੀ ਨਾਲ ਹੋਈ ਜੋ ਪਹਿਲਾਂ ਹੀ ਵਿਆਹੁਤਾ ਸਨ।

(ਬਾਕੀ ਸਫ਼ਾ 27 ’ਤੇ)

## ਕਿਉਂ ਜਨਮ ਭੂਮੀ ਨੂੰ

ਜਿਸ ਤੋਂ ਪਤਾ ਚੱਲਦਾ ਹੈ ਕਿ ਵੱਡੀ ਗਿਣਤੀ ਭਾਰਤੀ ਲੋਕਾਂ ਦਾ ਹੁਣ ਪੰਜਾਬ ਵਿੱਚ ਦਿਲ ਨਹੀਂ ਲੱਗਦਾ ਅਤੇ ਉਹ ਹਰ ਹੀਲੇ ਵਿਦੇਸ਼ ਲਈ ਪ੍ਰਵਾਸ ਕਰਨਾ ਚਾਹੁੰਦੇ ਹਨ। ਕੁਝ ਬੁੱਧੀਜੀਵੀ ਕਹਿੰਦੇ ਹਨ ਕਿ ਭਾਰਤ ਅੰਦਰ ਪਿਛਲੇ ਕੁਝ ਸਾਲਾਂ ਤੋਂ ਅਜਿਹਾ ਮਾਹੌਲ ਬਣ ਗਿਆ ਹੈ ਕਿ ਨਿੱਕੀ ਜਿਹੀ ਗੱਲ 'ਤੇ ਹੀ ਦੰਗੇ ਭੜਕ ਜਾਂਦੇ ਹਨ, ਜਿਸ ਕਾਰਨ ਅਜਿਹੇ ਮਾਹੌਲ ਤੋਂ ਆਪਣੇ ਆਪ ਨੂੰ ਅਤੇ ਆਪਣੇ ਬੱਚਿਆਂ ਨੂੰ ਦੂਰ ਰੱਖਣ ਲਈ ਵੱਡੀ ਗਿਣਤੀ ਲੋਕ ਭਾਰਤ ਤੋਂ ਦੂਜੇ ਦੇਸ਼ਾਂ ਨੂੰ ਪ੍ਰਵਾਸ ਕਰਨਾ ਹੀ ਬਿਹਤਰ ਸਮਝਦੇ ਹਨ। ਦੂਜੇ ਪਾਸੇ ਅਮਰੀਕੀ ਡਾਲਰ ਦੀ ਮਜ਼ਬੂਤੀ ਵੀ ਭਾਰਤੀਆਂ ਨੂੰ ਅਮਰੀਕਾ ਅਤੇ ਹੋਰ ਦੇਸ਼ਾਂ ਵੱਲ ਪ੍ਰਵਾਸ ਕਰਨ ਲਈ ਮਜਬੂਰ ਕਰ ਰਹੀ ਹੈ।

ਚਾਹੀਦਾ ਤਾਂ ਇਹ ਹੈ ਕਿ ਭਾਰਤ ਸਰਕਾਰ ਅਤੇ ਵੱਖ- ਵੱਖ ਸੂਬਿਆਂ ਦੀ ਸਰਕਾਰਾਂ ਆਪਸ ਵਿੱਚ ਤਾਲਮੇਲ ਕਰਕੇ ਅਜਿਹੀਆਂ ਨੀਤੀਆਂ ਬਣਾਉਣ ਜਿਨ੍ਹਾਂ ਰਾਹੀਂ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਸਿਰਜੇ ਜਾਣ ਅਤੇ ਨੌਜਵਾਨਾਂ ਨੂੰ ਵੱਡੇ ਪੱਧਰ 'ਤੇ ਰੁਜ਼ਗਾਰ ਮਿਲੇ। ਇਸ ਤੋਂ ਇਲਾਵਾ ਸਵੈ ਰੁਜ਼ਗਾਰ ਕਰਨ ਵਾਲੇ ਨੌਜਵਾਨਾਂ ਨੂੰ ਵੀ ਉਤਸ਼ਾਹਿਤ ਕਰਨਾ ਚਾਹੀਦਾ ਹੈ। ਭਾਰਤ ਸਰਕਾਰ ਨੂੰ ਦੇਸ਼ ਅੰਦਰ ਅਜਿਹਾ ਮਾਹੌਲ ਬਣਾਉਣਾ ਚਾਹੀਦਾ ਹੈ ਜਿਸ ਨਾਲ ਭਾਈਚਾਰਕ ਸਾਂਝ ਮਜ਼ਬੂਤ ਹੋਵੇ ਅਤੇ ਇਥੋਂ ਦੇ ਵੱਖ ਵੱਖ ਧਰਮਾਂ ਦੇ ਲੋਕਾਂ ਵਿੱਚ ਆਪਸੀ ਮੇਲ-ਜੋਲ ਅਤੇ ਪਿਆਰ ਵੇਖ ਕੇ ਭਾਰਤੀਆਂ ਦਾ ਵਿਦੇਸ਼ ਜਾਣ ਲਈ ਦਿਲ ਨਾ ਕਰੇ।

***

## ਚੜ੍ਹਦੇ ਵਿਸ਼ਵ ਦੀ ਲਹਿੰਦੇ ਸੰਸਾਰ ਨੂੰ ਵੰਗਾਰ

ਪਹਿਲਾਂ ਹਾਲ ਇਹ ਹੁੰਦਾ ਸੀ ਕਿ ਪੱਛਮੀ ਦੇਸ਼ਾਂ ਵਿੱਚ ਜੋ ਸਮਾਨ ਬਣਦਾ ਸੀ, ਉਹ ਭਾਰਤ ਵਰਗੇ ਏਸ਼ੀਆਈ ਮੁਲਕਾਂ ਵਿੱਚ ਵੀ ਵੱਡੇ ਪੱਧਰ 'ਤੇ ਵੇਚਿਆ ਜਾਂਦਾ ਸੀ ਪਰ ਹੁਣ ਉਲਟਾ ਹੋਣ ਲੱਗਿਆ ਹੈ। ਹੁਣ ਭਾਰਤ ਅਤੇ ਚੀਨ ਵਰਗੇ ਏਸ਼ੀਆਈ ਮੁਲਕਾਂ ਵਿੱਚ ਬਣਿਆ ਵੱਖ- ਵੱਖ ਕਿਸਮ ਦਾ ਸਮਾਨ ਪੂਰੀ ਦੁਨੀਆ ਵਿੱਚ ਵੇਚਿਆ ਜਾਂਦਾ ਹੈ। ਵਿਸ਼ਵ ਦੇ ਵਪਾਰਕ ਬਾਜ਼ਾਰ ਭਾਵ ਟਰੇਡ ਮਾਰਕੀਟ 'ਤੇ ਹੁਣ ਚੀਨ ਵਰਗੇ ਮੁਲਕਾਂ ਦਾ ਕਬਜ਼ਾ ਹੋ ਚੁੱਕਿਆ ਹੈ। ਭਾਰਤ ਅਤੇ ਚੀਨ ਵਿੱਚ ਬਣਿਆ ਕੱਪੜੇ ਤੋਂ ਲੈ ਕੇ ਹੋਰ ਹਰ ਤਰ੍ਹਾਂ ਦਾ ਸਮਾਨ ਹੁਣ ਵਿਸ਼ਵ ਦੇ ਵੱਡੀ ਗਿਣਤੀ ਦੇਸ਼ਾਂ ਵਿੱਚ ਵੇਚਿਆ ਅਤੇ ਖ਼ਰੀਦਿਆ ਜਾਂਦਾ ਹੈ। ਅਜੇ ਕੁਝ ਸਾਲ ਪਹਿਲਾਂ ਦੀ ਗੱਲ ਹੈ ਜਦੋਂ ਬਰਤਾਨੀਆ ਅਤੇ ਹੋਰ ਪੱਛਮੀ ਦੇਸ਼ਾਂ ਦੇ ਫ਼ੈਸ਼ਨ ਭਾਰਤ ਵਰਗੇ ਦੇਸ਼ਾਂ ਵਿੱਚ ਵੀ ਪ੍ਰਚਲਿਤ ਹੁੰਦੇ ਸਨ ਪਰ ਹੁਣ ਪੱਛਮੀ ਦੇਸ਼ਾਂ ਦੇ ਲੋਕ ਭਾਰਤੀ ਕੱਪੜਿਆਂ ਦੇ ਫ਼ੈਸ਼ਨ ਦੇ ਦੀਵਾਨੇ ਹੋ ਰਹੇ ਹਨ। ਅਮਰੀਕਾ ਅਤੇ ਯੂਰੋਪੀਅਨ ਦੇਸ਼ਾਂ ਵਿੱਚ ਭਾਰਤੀ ਵਸਤੂਆਂ ਕਾਫ਼ੀ ਪ੍ਰਚਲਿਤ ਹੋ ਰਹੀਆਂ ਹਨ।

ਮੌਜੂਦਾ ਅੰਤਰਰਾਸ਼ਟਰੀ ਹਾਲਾਤਾਂ ਦਾ 'ਵਿਸ਼ਲੇਸ਼ਣ' ਕਰਦਿਆਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਪੂਰੇ ਵਿਸ਼ਵ ਵਿਚੋਂ ਹੀ ਹੁਣ ਅਮਰੀਕਾ ਅਤੇ ਯੂਰੋਪੀਅਨ ਦੇਸ਼ਾਂ ਦੀ 'ਸਰਦਾਰੀ' ਭਾਵ 'ਚੌਧਰ' ਨੂੰ ਖਤਰਾ ਪੈਦਾ ਹੋ ਗਿਆ ਹੈ। ਭਾਰਤ, ਚੀਨ ਅਤੇ ਰੂਸ ਅਮਰੀਕਾ ਅਤੇ ਯੂਰੋਪੀਅਨ ਯੂਨੀਅਨ ਨੂੰ ਸਖ਼ਤ ਚੁਣੌਤੀਆਂ ਦੇਣ ਲੱਗੇ ਹਨ। ਅਮਰੀਕਾ ਦੀਆਂ ਸਾਮਰਾਜਵਾਦੀ ਨੀਤੀਆਂ ਕਾਰਨ ਵਿਸ਼ਵ ਦੇ ਵੱਡੀ ਗਿਣਤੀ ਦੇਸ਼ ਉਸ ਤੋਂ ਦੂਰ ਹੁੰਦੇ ਜਾ ਰਹੇ ਹਨ। ਇਸ ਤੋਂ ਇਲਾਵਾ ਅਮਰੀਕਾ ਅਤੇ ਯੂਰੋਪੀਅਨ ਯੂਨੀਅਨ ਵਿਚਾਲੇ ਤਨਾਓ ਵੀ ਇਹਨਾਂ ਦੋਵੇਂ ਧਿਰਾਂ ਦੀ ਸ਼ਕਤੀ ਨੂੰ ਵੱਡਾ ਖੋਰਾ ਲਗਾ ਰਿਹਾ ਹੈ, ਜਿਸ ਦਾ ਲਾਭ ਉਠਾ ਕੇ ਰੂਸ, ਚੀਨ ਅਤੇ ਭਾਰਤ ਹੋਰ ਮਜ਼ਬੂਤ ਹੋ ਰਹੇ ਹਨ ਅਤੇ ਇਹ ਏਸ਼ੀਆਈ ਮੁਲਕ ਦੁਨੀਆ ਅੱਗੇ ਨਵੀਂ ਮਿਸਾਲ ਪੇਸ਼ ਕਰ ਰਹੇ ਹਨ।

***

## ਯੂ.ਕੇ. ਨੇ ਗੁਰਪ੍ਰੀਤ ਸਿੰਘ ਰੀਹਲ 'ਤੇ ਲਗਾਈਆਂ ਸਖ਼ਤ ਪਾਬੰਦੀਆਂ

ਸਿੱਖ ਜਥੇਬੰਦੀਆਂ ਨੇ ਇਸ ਨੂੰ 'ਨੋ ਡਿਊ ਪ੍ਰੋਸੈੱਸ' ਯਾਨੀ ਬਿਨਾਂ ਕਿਸੇ ਨਿਆਂਪੂਰਨ ਪ੍ਰਕਿਰਿਆ ਦੇ ਲਏ ਗਏ ਫੈਸਲੇ ਵਜੋਂ ਵੇਖਿਆ ਹੈ ਅਤੇ ਕਿਹਾ ਹੈ ਕਿ ਯੂ.ਕੇ. ਸਰਕਾਰ ਭਾਰਤ ਨਾਲ ਵਪਾਰਕ ਸਮਝੌਤੇ ਲਈ ਆਪਣੇ ਨਾਗਰਿਕ ਨੂੰ ਨਿਸ਼ਾਨਾ ਬਣਾ ਰਹੀ ਹੈ। ਉਹਨਾਂ ਕਿਹਾ ਕਿ ਜੇ ਅੱਜ ਗੁਰਪ੍ਰੀਤ ਰਹਿਲ ਨੂੰ ਬਿਨਾਂ ਸਬੂਤ ਦਬਾਇਆ ਜਾ ਸਕਦਾ ਹੈ, ਤਾਂ ਕੱਲ੍ਹ ਕਿਸੇ ਵੀ ਸਿੱਖ ਜਾਂ ਬੋਲਣ ਵਾਲੇ ਵਿਅਕਤੀ ਨੂੰ ਦਬਾਇਆ ਜਾ ਸਕਦਾ ਹੈ। ਇਹ ਸਿਰਫ਼ ਇੱਕ ਵਿਅਕਤੀ ਦੀ ਨਹੀਂ, ਸਗੋਂ ਬੋਲਣ ਦੀ ਆਜ਼ਾਦੀ, ਨੂੰ ਖ਼ਤਮ ਕਰਨ ਦੀ ਲੜਾਈ ਹੈ।

### ਵਿਸ਼ਵ ਭਰ ਦੀਆਂ ਸਿੱਖ ਜਥੇਬੰਦੀਆਂ ਕਿਉਂ ਚਿੰਤਤ ਹਨ?

ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਗੁਰਪ੍ਰੀਤ ਸਿੰਘ ਨੇ ਕਦੇ ਵੀ ਹਿੰਸਾ ਨੂੰ ਉਤਸ਼ਾਹਿਤ ਨਹੀਂ ਕੀਤਾ। ਉਹ ਸਿਰਫ਼ ਪੰਜਾਬ ਦੇ ਮਸਲਿਆਂ ਉੱਤੇ ਬੋਲ ਰਹੇ ਹਨ ਅਤੇ ਸੱਚਾਈ ਨੂੰ ਅੱਗੇ ਲਿਆ ਰਹੇ ਹਨ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨ (ਯੂ.ਕੇ.), ਵਰਲਡ ਸਿੱਖ ਪਾਰਲੀਮੈਂਟ, ਸਿੱਖ ਫੈਡਰੇਸ਼ਨ ਕੈਨੇਡਾ, ਸਿੱਖ ਈਸਟ ਕੋਸਟ ਕੋਆਰਡੀਨੇਸ਼ਨ ਕਮੇਟੀ ਅਤੇ ਓਨਟਾਰੀਓ ਗੁਰਦੁਆਰਾ ਕੌਂਸਲ ਵਰਗੀਆਂ ਜਥੇਬੰਦੀਆਂ ਨੇ ਕਿਹਾ ਹੈ ਕਿ ਇਹ ਪਾਬੰਦੀਆਂ ਭਾਰਤ ਦੇ ਰਾਜਨੀਤਕ ਦਬਾਅ ਕਾਰਨ ਲਗਾਈਆਂ ਗਈਆਂ ਹਨ। ਉਹਨਾਂ ਨੇ ਕਿਹਾ ਕਿ ਭਾਰਤ ਲੰਬੇ ਸਮੇਂ ਤੋਂ ਗੁਰਪ੍ਰੀਤ ਨੂੰ ਨਿਸ਼ਾਨਾ ਬਣਾ ਰਿਹਾ ਸੀ ਕਿਉਂਕਿ ਉਹ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬੀ ਮਸਲਿਆਂ ਨੂੰ ਉਭਾਰ ਰਹੇ ਸਨ। ਹੁਣ ਯੂ.ਕੇ. ਵੀ ਭਾਰਤ ਨੂੰ ਖੁਸ਼ ਕਰਨ ਲਈ ਅਜਿਹਾ ਕਰ ਰਿਹਾ ਹੈ। ਇਸ ਨਾਲ ਨਾ ਸਿਰਫ਼ ਗੁਰਪ੍ਰੀਤ ਨੂੰ ਨੁਕਸਾਨ ਹੋ ਰਿਹਾ ਹੈ ਬਲਕਿ ਉਹਨਾਂ ਦੀ ਸੰਸਥਾ ਸੇਵਿੰਗ ਪੰਜਾਬ ਨੂੰ ਵੀ ਬੰਦ ਕਰਨਾ ਪੈ ਰਿਹਾ ਹੈ। ਸਿੱਖ ਜਥੇਬੰਦੀਆਂ ਨੇ ਕਿਹਾ ਕਿ ਯੂ.ਕੇ. ਭਾਰਤ ਨਾਲ ਵਪਾਰਕ ਲਾਭ ਲਈ ਆਪਣੇ ਨਾਗਰਿਕ ਦੀ ਆਵਾਜ਼ ਨੂੰ ਦਬਾ ਰਿਹਾ ਹੈ ਅਤੇ ਇਹ ਗਲਤ ਹੈ।

### ਕੀ ਇਹ ਝੂਠਾ ਕੇਸ ਹੈ ਜਾਂ ਸਿੱਖਾਂ ਨਾਲ ਵਿਤਕਰਾ?

ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਨੇ ਇਸ ਨੂੰ ਝੂਠਾ ਕੇਸ ਕਿਹਾ ਹੈ ਕਿਉਂਕਿ ਯੂ.ਕੇ. ਸਰਕਾਰ ਨੇ ਕੋਈ ਵੀ ਸਬੂਤ ਅਦਾਲਤ ਵਿੱਚ ਨਹੀਂ ਪੇਸ਼ ਕੀਤੇ। ਉਹਨਾਂ ਨੇ ਕਿਹਾ ਕਿ ਇਹ ਸਿਰਫ਼ ਭਾਰਤ ਦੀਆਂ ਗੱਲਾਂ ਉੱਤੇ ਅਧਾਰਿਤ ਹੈ ਅਤੇ ਕੋਈ ਨਿਰਪੱਖ ਜਾਂਚ ਨਹੀਂ ਕੀਤੀ ਗਈ। ਵਿਸ਼ਵ ਸਿੱਖ ਪਾਰਲੀਮੈਂਟ ਨੇ ਕਿਹਾ ਕਿ ਗੁਰਪ੍ਰੀਤ ਭਾਰਤ ਦੀ ਟ੍ਰਾਂਸਨੈਸ਼ਨਲ ਰਿਪ੍ਰੈੱਸ਼ਨ ਦਾ ਨਵਾਂ ਸ਼ਿਕਾਰ ਹੈ, ਯਾਨੀ ਭਾਰਤ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਨੂੰ ਵੀ ਨਿਸ਼ਾਨਾ ਬਣਾ ਰਿਹਾ ਹੈ। ਉਹਨਾਂ ਨੇ ਉਦਾਹਰਣ ਵਜੋਂ ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਅਤੇ ਹੋਰ ਸਿੱਖ ਲੀਡਰਾਂ ਦੇ ਕਤਲਾਂ ਦੇ ਦੋਸ਼ ਲਗਾਏ। ਸਿੱਖ ਜਥੇਬੰਦੀਆਂ ਨੇ ਇਸ ਨੂੰ ਸਿੱਖਾਂ ਨਾਲ ਵਿਤਕਰਾ ਵੀ ਕਿਹਾ ਹੈ ਕਿਉਂਕਿ ਯੂ.ਕੇ. ਵਿੱਚ ਹੋਰ ਗਰੁੱਪਾਂ ਉੱਤੇ ਅਜਿਹੀਆਂ ਪਾਬੰਦੀਆਂ ਨਹੀਂ ਲਗਾਈਆਂ ਜਾਂਦੀਆਂ ਜੇ ਉਹ ਆਪਣੇ ਮਸਲਿਆਂ ਉੱਤੇ ਬੋਲਦੇ ਹਨ। ਉਹਨਾਂ ਨੇ ਕਿਹਾ ਕਿ ਇਹ ਫੈਸਲਾ ਸਿੱਖ ਆਵਾਜ਼ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਹੈ ਅਤੇ ਇਹ ਲੋਕਤੰਤਰ ਵਿੱਚ ਗਲਤ ਹੈ।

ਸਿੱਖ ਫੈਡਰੇਸ਼ਨ (ਯੂ.ਕੇ.), ਵਰਲਡ ਸਿੱਖ ਪਾਰਲੀਮੈਂਟ ਅਤੇ ਸਿੱਖ ਪ੍ਰੈੱਸ ਐਸੋਸੀਏਸ਼ਨ ਨੇ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਯੂ.ਕੇ. ਨੂੰ ਇਸ ਫੈਸਲੇ ਨੂੰ ਵਾਪਸ ਲੈਣਾ ਚਾਹੀਦਾ ਹੈ ਅਤੇ ਜੇ ਕੋਈ ਇਲਜ਼ਾਮ ਹੈ ਤਾਂ ਉਹ ਅਦਾਲਤ ਵਿੱਚ ਸਬੂਤ ਪੇਸ਼ ਕਰੇ। ਉਹਨਾਂ ਨੇ ਕਿਹਾ ਕਿ ਗੁਰਪ੍ਰੀਤ ਨੇ ਹਮੇਸ਼ਾ ਸ਼ਾਂਤੀਪੂਰਨ ਤਰੀਕੇ ਨਾਲ ਮਸਲੇ ਉਠਾਏ ਹਨ ਅਤੇ ਉਹਨਾਂ ਨੂੰ ਅੱਤਵਾਦੀ ਕਹਿਣਾ ਗਲਤ ਹੈ। ਸਿੱਖ ਈਸਟ ਕੋਸਟ ਕੋਆਰਡੀਨੇਸ਼ਨ ਕਮੇਟੀ ਨੇ ਕਿਹਾ ਕਿ ਇਹ ਭਾਰਤ ਦੀ ਵਧਦੀ ਵਿਦੇਸ਼ੀ ਦਖਲਅੰਦਾਜ਼ੀ ਦਾ ਹਿੱਸਾ ਹੈ ਅਤੇ ਸਿੱਖਾਂ ਨੂੰ ਡਰਾਉਣ ਲਈ ਕੀਤਾ ਜਾ ਰਿਹਾ ਹੈ। ਉਹਨਾਂ ਨੇ ਮੰਗ ਕੀਤੀ ਹੈ ਕਿ ਯੂ.ਕੇ. ਨੂੰ ਆਪਣੇ ਨਾਗਰਿਕਾਂ ਦੇ ਅਧਿਕਾਰਾਂ ਨੂੰ ਬਚਾਉਣਾ ਚਾਹੀਦਾ ਹੈ ਨਾ ਕਿ ਵਿਦੇਸ਼ੀ ਦਬਾਅ ਵਿੱਚ ਆਉਣਾ ਚਾਹੀਦਾ। ਬ੍ਰਿਟਿਸ਼ ਸਿੱਖ ਐਸੋਸੀਏਸ਼ਨ ਨੇ ਵੀ ਇਸ ਨੂੰ ਨਿੰਦਾ ਕੀਤੀ ਅਤੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ ਕਿ ਇਹ ਪੂਰੀ ਕੌਮ ਉੱਤੇ ਅਸਰ ਪਾਉਂਦੀਆਂ ਹਨ।

ਇਸ ਘਟਨਾ ਦਾ ਪਿੱਛਾ ਵੇਖੀਏ ਤਾਂ ਗੁਰਪ੍ਰੀਤ ਸਿੰਘ ਲੰਬੇ ਸਮੇਂ ਤੋਂ ਪੰਜਾਬ ਦੇ ਮਸਲਿਆਂ ਉੱਤੇ ਬੋਲ ਰਹੇ ਹਨ। ਉਹਨਾਂ ਨੇ ਮੋਰਕੈਮਬੇ ਫੁੱਟਬਾਲ ਕਲੱਬ ਨਾਲ ਵੀ ਜੁੜੇ ਰਹੇ ਹਨ ਅਤੇ ਸਿੱਖ ਕਮਿਊਨਿਟੀ ਲਈ ਕੰਮ ਕੀਤਾ ਹੈ। ਪਰ ਭਾਰਤ ਸਰਕਾਰ ਨੇ ਉਹਨਾਂ ਨੂੰ ਪ੍ਰੋ-ਖਾਲਿਸਤਾਨੀ ਕਹਿ ਕੇ ਨਿਸ਼ਾਨਾ ਬਣਾਇਆ ਹੈ। ਪੰਥਕ ਜਥੇਬੰਦੀਆਂ ਨੇ ਅਪੀਲ ਕੀਤੀ ਹੈ ਕਿ ਸਾਰੇ ਸਿੱਖ ਇੱਕਜੁੱਟ ਹੋ ਕੇ ਇਸ ਵਿਰੋਧ ਕਰਨ ਅਤੇ ਆਪਣੀ ਆਵਾਜ਼ ਨੂੰ ਮਜ਼ਬੂਤ ਕਰਨ।

***

## ਕੀ ਭਾਜਪਾ ਨਾਲ ਸਮਝੌਤਾ ਸੰਭਵ ਹੈ?

ਕਾਂਗਰਸ ਨੂੰ ਵੀ ਭ੍ਰਿਸ਼ਟਾਚਾਰ ਦੀ ਜਨਮਦਾਤਾ ਕਿਹਾ ਗਿਆ ਹੈ। ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੁੱਛਿਆ ਕਿ ਅਕਾਲੀ-ਭਾਜਪਾ ਜਿਨ੍ਹਾਂ ਮਸਲਿਆਂ 'ਤੇ ਅਲੱਗ ਹੋਏ ਸਨ, ਕੀ ਉਹ ਹੱਲ ਹੋ ਗਏ ਹਨ? ਇਸ ਨਾਲ ਸਪੱਸ਼ਟ ਹੈ ਕਿ ਗਠਜੋੜ ਨੂੰ ਲੈ ਕੇ ਵਿਰੋਧ ਵੀ ਹੈ।

ਆਮ ਲੋਕਾਂ ਵਿੱਚ ਅਕਾਲੀ ਅਤੇ ਭਾਜਪਾ ਪ੍ਰਤੀ ਨਿਰਾਸ਼ਾ ਹੈ। ਅਕਾਲੀ 8 ਸਾਲਾਂ ਤੋਂ ਸੱਤਾ ਤੋਂ ਬਾਹਰ ਹੈ ਅਤੇ ਭਾਜਪਾ ਨੇ ਵੋਟ ਵਧਾਏ ਹਨ ਪਰ ਪਿੰਡਾਂ ਵਿੱਚ ਉਹਨਾਂ ਨੂੰ ਦਾਖਲ ਨਹੀਂ ਹੋਣ ਦਿੱਤਾ ਜਾਂਦਾ। ਸੇਖੋਂ ਨੇ ਕਿਹਾ ਕਿ ਪੰਜਾਬ ਦਾ ਸਿਆਸੀ ਢਾਂਚਾ ਵੱਖਰਾ ਹੈ ਅਤੇ ਇੱਥੇ ਅਕਸਰ ਬਦਲਾਅ ਹੁੰਦਾ ਹੈ। ਜੇਕਰ ਗਠਜੋੜ ਹੋਇਆ ਤਾਂ ਸੀਟਾਂ ਦੀ ਵੰਡ ਅਤੇ ਲੀਡਰਸ਼ਿਪ ਦਾ ਮਸਲਾ ਵੱਡਾ ਹੋਵੇਗਾ। ਪਰ ਭਾਜਪਾ ਦੇ ਤਾਜ਼ਾ ਫ਼ੈਸਲੇ ਨਾਲ ਲੱਗਦਾ ਹੈ ਕਿ ਉਹ ਆਪਣਾ ਅਧਾਰ ਬਣਾਉਣਾ ਚਾਹੁੰਦੀ ਹੈ।

ਸਿੱਖ ਚਿੰਤਕ ਪ੍ਰੋਫ਼ੈਸਰ ਪਰਮਜੀਤ ਸਿੰਘ ਮਾਨਸਾ ਨੇ ਕਿਹਾ ਕਿ ਭਾਜਪਾ ਚਾਹੇਗੀ ਕਿ ਕੋਈ ਪਾਰਟੀ ਉਸਦੀ ਹਮਾਇਤ ਬਿਨ੍ਹਾਂ ਸਰਕਾਰ ਨਾ ਬਣਾ ਸਕੇ। ਸੋ ਅਕਾਲੀ ਧੜਿਆਂ ਨੂੰ ਸਿਆਸਤ ਵਿੱਚ ਪੈਰ ਬੋਚਕੇ ਤੁਰਨ ਦੀ ਲੋੜ ਹੈ। ਇਹ ਆਪਸ ਵਿਚ ਏਕਤਾ ਕਰ ਲੈਣ ਤਾਂ ਕਿਸੇ ਪਾਰਟੀ ਦੇ ਸਹਿਯੋਗ ਦੀ ਲੋੜ ਨਹੀਂ। ਭਾਜਪਾ ਦੀ ਈਗੋ ਨੂੰ ਠਿੱਬੀ ਦੇਣ ਲਈ ਪੰਥਕ ਗਠਜੋੜ ਹੋਣਾ ਜ਼ਰੂਰੀ ਹੈ।

ਅੰਤ ਵਿੱਚ, ਪੰਜਾਬ ਦੀ ਸਿਆਸਤ ਵਿੱਚ ਅਜੇ ਬਹੁਤ ਕੁਝ ਬਦਲ ਸਕਦਾ ਹੈ। ਅਕਾਲੀ ਦਲ ਨੂੰ ਏਕਤਾ ਦੀ ਲੋੜ ਹੈ, ਭਾਜਪਾ ਨੂੰ ਪੰਜਾਬੀ ਮਨ ਨੂੰ ਸਮਝਣ ਦੀ। ਜੇਕਰ ਗਠਜੋੜ ਨਹੀਂ ਹੋਇਆ ਤਾਂ ਚੌ-ਤਰਫ਼ਾ ਮੁਕਾਬਲਾ ਹੋਵੇਗਾ ਅਤੇ ਆਪ ਜਾਂ ਕਾਂਗਰਸ ਨੂੰ ਫ਼ਾਇਦਾ ਹੋ ਸਕਦਾ ਹੈ। ਸਿੱਖ ਰਾਜਨੀਤੀ ਨੂੰ ਨਵੇਂ ਆਗੂ ਅਤੇ ਨਵੇਂ ਵਿਚਾਰਾਂ ਦੀ ਲੋੜ ਹੈ ਤਾਂ ਜੋ ਲੋਕਾਂ ਦੇ ਮਸਲੇ ਹੱਲ ਹੋ ਸਕਣ।

ਪੰਜਾਬ ਦੇ ਲੋਕ ਬਦਲਾਅ ਚਾਹੁੰਦੇ ਹਨ ਅਤੇ ਉਹ ਵੋਟ ਨਾਲ ਫ਼ੈਸਲਾ ਕਰਨਗੇ। ਇਹ ਗੱਲਾਂ ਪੰਜਾਬ ਦੀ ਸਿਆਸੀ ਤਸਵੀਰ ਨੂੰ ਸਾਫ਼ ਕਰਦੀਆਂ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਵੱਡੇ ਬਦਲਾਅ ਦੀ ਸੰਭਾਵਨਾ ਹੈ।

***

## ਮੇਰਠ ਵਿੱਚ ਸਿੱਖ ਵਿਦਿਆਰਥੀ ਨਾਲ

ਇਸ ਘਟਨਾ ਨੇ ਸਿੱਖ ਭਾਈਚਾਰੇ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ। ਸਿੱਖ ਸੰਗਤਾਂ ਨੇ ਸੋਸ਼ਲ ਮੀਡੀਆ 'ਤੇ ਅਤੇ ਸੜਕਾਂ 'ਤੇ ਵਿਰੋਧ ਜਤਾਇਆ ਹੈ। ਕਈ ਸਿੱਖ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਕਾਲਜ ਪ੍ਰਸ਼ਾਸਨ ਉੱਪਰ ਵੀ ਕਾਰਵਾਈ ਹੋਵੇ।

ਇਹ ਘਟਨਾ ਇਕੱਲੀ ਨਹੀਂ ਹੈ। ਭਾਰਤ ਵਿੱਚ ਸਮੇਂ-ਸਮੇਂ ਤੇ ਸਿੱਖਾਂ ਨਾਲ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ। 1984 ਦੇ ਸਿੱਖ ਵਿਰੋਧੀ ਕਤਲੇਆਮ ਤੋਂ ਲੈ ਕੇ ਹਾਲੀਆ ਸਾਲਾਂ ਵਿੱਚ ਵੀ ਕਈ ਮਾਮਲੇ ਸਾਹਮਣੇ ਆਏ ਹਨ ਜਿੱਥੇ ਸਿੱਖ ਵਿਦਿਆਰਥੀਆਂ ਜਾਂ ਨੌਜਵਾਨਾਂ ਨੂੰ ਉਨ੍ਹਾਂ ਦੀ ਪਛਾਣ ਕਾਰਨ ਨਿਸ਼ਾਨਾ ਬਣਾਇਆ ਗਿਆ। ਪਰ ਇਹ ਸੱਚ ਹੈ ਕਿ ਅਜਿਹੇ ਮਾਮਲੇ ਵਧਣ ਨਾਲ ਸਮਾਜ ਵਿੱਚ ਅਸਹਿਣਸ਼ੀਲਤਾ ਵਧ ਰਹੀ ਹੈ।

ਸਿੱਖ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਸਰਕਾਰ ਨੂੰ ਸਕੂਲਾਂ ਅਤੇ ਕਾਲਜਾਂ ਵਿੱਚ ਧਾਰਮਿਕ ਸਿੱਖਿਆ ਅਤੇ ਸਹਿਣਸ਼ੀਲਤਾ ਦੇ ਪਾਠ ਸ਼ਾਮਲ ਕਰਨੇ ਚਾਹੀਦੇ ਹਨ। ਨਾਲ ਹੀ, ਅਜਿਹੇ ਮਾਮਲਿਆਂ ਵਿੱਚ ਤੁਰੰਤ ਅਤੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ ਤਾਂ ਜੋ ਦੋਸ਼ੀਆਂ ਨੂੰ ਸਬਕ ਮਿਲੇ।

***

## ਹੁਣ ਗਰਭਵਤੀ ਭਾਰਤੀ ਔਰਤਾਂ ਨੂੰ

ਅਮਰੀਕੀ ਧਰਤੀ ਉਪਰ ਜਨਮ ਲੈਣ ਵਾਲਾ ਬੱਚਾ ਆਪਣੇ ਆਪ ਅਮਰੀਕੀ ਨਾਗਰਿਕ ਬਣ ਜਾਂਦਾ ਹੈ, ਭਾਵੇਂ ਉਸ ਦੇ ਮਾਪੇ ਕਿਸੇ ਵੀ ਦੇਸ਼ ਦੇ ਹੋਣ ਜਾਂ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਕੁਝ ਵੀ ਹੋਵੇ। ਇਸ ਨੂੰ 'ਬਰਥਰਾਈਟ ਸਿਟੀਜ਼ਨਸ਼ਿਪ' ਕਿਹਾ ਜਾਂਦਾ ਹੈ। ਇਹ ਨਾਗਰਿਕਤਾ ਬੱਚੇ ਨੂੰ ਅਮਰੀਕੀ ਪਾਸਪੋਰਟ, ਵੋਟ ਪਾਉਣ ਅਤੇ ਹੋਰ ਅਧਿਕਾਰ ਦਿੰਦੀ ਹੈ, ਪਰ ਮਾਪਿਆਂ ਨੂੰ ਨਹੀਂ। ਇਸ ਨੀਤੀ ਨੂੰ ਅਮਰੀਕਾ ਵਿੱਚ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ ਅਤੇ ਇਹ 1868 ਵਿੱਚ ਲਾਗੂ ਹੋਈ ਸੀ। ਪਰ ਇਸ ਨੂੰ ਲੈ ਕੇ ਵਿਵਾਦ ਵੀ ਹੈ ਕਿ ਕੁਝ ਲੋਕ ਇਸ ਦਾ ਗਲਤ ਫਾਇਦਾ ਉਠਾਉਂਦੇ ਰਹੇ ਹਨ।

***

## ਬਚਪਨ 'ਚ 1 ਅਰਬ ਤੋਂ ਵੱਧ ਔਰਤਾਂ

ਕਿ 15 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ 608 ਮਿਲੀਅਨ ਔਰਤਾਂ ਕਦੇ ਨਾ ਕਦੇ ਨਜ਼ਦੀਕੀ ਸਾਥੀ ਦੀ ਹਿੰਸਾ ਦਾ ਸ਼ਿਕਾਰ ਹੋਈਆਂ ਸਨ, ਅਤੇ 15 ਸਾਲ ਅਤੇ ਇਸ ਤੋਂ ਵੱਧ ਉਮਰ ਦੇ 1.01 ਅਰਬ ਵਿਅਕਤੀਆਂ ਨੇ ਬਚਪਨ ਵਿੱਚ ਜਿਨਸੀ ਹਿੰਸਾ ਦਾ ਅਨੁਭਵ ਕੀਤਾ ਸੀ।'

ਚਿੰਤਾ ਅਤੇ ਵੱਡੇ ਡਿਪਰੈਸ਼ਨ ਸੰਬੰਧੀ ਵਿਕਾਰ ਨਜ਼ਦੀਕੀ ਸਾਥੀ ਦੀ ਹਿੰਸਾ ਦੇ ਨਤੀਜੇ ਵਜੋਂ ਪੈਦਾ ਹੋਣ ਵਾਲੀ ਅਪੰਗਤਾ ਦੇ ਅੱਠ ਪ੍ਰਮੁੱਖ ਕਾਰਨਾਂ ਵਿੱਚੋਂ ਸਨ, ਜਦੋਂ ਕਿ ਬਚਪਨ ਵਿੱਚ ਜਿਨਸੀ ਹਿੰਸਾ ਦਾ ਅਨੁਭਵ 14 ਸਿਹਤ ਨਤੀਜਿਆਂ ਨਾਲ ਜੁੜਿਆ ਹੋਇਆ ਸੀ, ਜਿਸ ਵਿੱਚ ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ ਅਤੇ ਪੁਰਾਣੀਆਂ ਬਿਮਾਰੀਆਂ ਸ਼ਾਮਲ ਹਨ।

ਬਚਪਨ ਵਿੱਚ ਜਿਨਸੀ ਹਿੰਸਾ ਕਾਰਨ ਪੈਦਾ ਹੋਣ ਵਾਲੀ ਅਪੰਗਤਾ ਦੇ ਪ੍ਰਮੁੱਖ ਕਾਰਨਾਂ ਵਿੱਚ ਸਵੈ-ਨੁਕਸਾਨ ਪਾਏ ਗਏ।

ਖੋਜਕਰਤਾਵਾਂ ਨੇ ਕਿਹਾ ਕਿ ਔਰਤਾਂ ਅਤੇ ਬੱਚਿਆਂ ਵਿਰੁੱਧ ਹਿੰਸਾ ਦਾ ਨਿਪਟਾਰਾ ਕਰਨਾ ਨਾ ਸਿਰਫ਼ ਮਨੁੱਖੀ ਅਧਿਕਾਰਾਂ ਦਾ ਮਾਮਲਾ ਹੈ, ਸਗੋਂ ਇੱਕ ਮਹੱਤਵਪੂਰਨ ਜਨਤਕ ਸਿਹਤ ਤਰਜੀਹ ਵੀ ਹੈ ਜੋ ਲੱਖਾਂ ਜਾਨਾਂ ਬਚਾ ਸਕਦੀ ਹੈ, ਮਾਨਸਿਕ ਸਿਹਤ ਦੇ ਨਤੀਜਿਆਂ ਵਿੱਚ ਸੁਧਾਰ ਕਰ ਸਕਦੀ ਹੈ, ਅਤੇ ਲਚਕੀਲੇ ਸਮਾਜਾਂ ਦਾ ਨਿਰਮਾਣ ਕਰ ਸਕਦੀ ਹੈ।

'ਤੇ ਜ਼ੋਰ ਮਿਲਦਾ ਹੈ, ਜਿਵੇਂ ਕਿ ਕਾਨੂੰਨੀ ਢਾਂਚੇ ਨੂੰ ਮਜ਼ਬੂਤ ਕਰਨਾ, ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰਨਾ ਅਤੇ ਹਿੰਸਾ ਕਾਰਨ ਹੋਣ ਵਾਲੇ ਸਿਹਤ ਦੇ ਨੁਕਸਾਨ ਨੂੰ ਘਟਾਉਣ ਲਈ ਪੀੜਤਾਂ ਲਈ ਸਹਾਇਤਾ ਸੇਵਾਵਾਂ ਦਾ ਵਿਸਥਾਰ ਕਰਨਾ।

ਵਿਸ਼ਵ ਸਿਹਤ ਸੰਗਠਨ ਨੇ ਨਵੰਬਰ ਵਿੱਚ ਪ੍ਰਕਾਸ਼ਿਤ ਇੱਕ ਗਲੋਬਲ ਰਿਪੋਰਟ ਵਿੱਚ ਅੰਦਾਜ਼ਾ ਲਗਾਇਆ ਸੀ ਕਿ 2023 ਵਿੱਚ ਭਾਰਤ ਵਿੱਚ 15-49 ਸਾਲ ਦੀ ਉਮਰ ਦੀਆਂ ਇੱਕ ਪੰਜਵੇਂ ਤੋਂ ਵੱਧ ਔਰਤਾਂ ਨਜ਼ਦੀਕੀ ਸਾਥੀ ਦੀ ਹਿੰਸਾ ਦਾ ਸ਼ਿਕਾਰ ਹੋਈਆਂ ਸਨ, ਜਦੋਂ ਕਿ ਲਗਪਗ 30 ਫੀਸਦੀ ਉਨ੍ਹਾਂ ਦੇ ਜੀਵਨ ਕਾਲ ਦੌਰਾਨ ਪ੍ਰਭਾਵਿਤ ਹੋਈਆਂ ਹਨ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਸ਼ਵ ਭਰ ਵਿੱਚ, ਲਗਪਗ ਤਿੰਨ ਵਿੱਚੋਂ ਇੱਕ, ਜਾਂ 840 ਮਿਲੀਅਨ ਔਰਤਾਂ ਨੇ ਆਪਣੇ ਜੀਵਨ ਕਾਲ ਦੌਰਾਨ ਸਾਥੀ ਜਾਂ ਜਿਨਸੀ ਹਿੰਸਾ ਦਾ ਸਾਹਮਣਾ ਕੀਤਾ ਹੈ - ਇਹ ਅੰਕੜਾ 2000 ਤੋਂ ਲੈ ਕੇ ਹੁਣ ਤੱਕ ਬਹੁਤ ਘੱਟ ਬਦਲਿਆ ਹੈ।



## ਪੱਗ ਤੇ ਇੱਜ਼ਤ

ਆਪਾਂ ਨੂੰ ਇਹ ਪੈਸੇ ਮੋੜ ਦੇਣੇ ਚਾਹੀਦੇ ਨੇ।" ਪਹਿਲਾਂ ਮੈਨੂੰ ਇਉਂ ਸੀ ਕਿ ਸ਼ਾਇਦ ਗੋਗੂ ਨੇ ਮੰਨਣਾ ਨਹੀਂ, ਪਰ ਉਹ ਮੇਰੀ ਗੱਲ ਪਹਿਲੀ ਸੱਟੇ ਹੀ ਮੰਨ ਗਿਆ। ਅਸੀਂ ਦੂਜੇ ਦਿਨ ਭਾਨੂੰ ਪ੍ਰਤਾਪ ਦਾ ਜਾ ਬੂਹਾ ਖੜਕਾਇਆ। ਉਸਨੂੰ ਦਸ ਹਜ਼ਾਰ ਰੁਪਏ ਫੜਾ ਕੇ ਅਸੀਂ ਕਿਹਾ, "ਭਾਨੂੰ ਪ੍ਰਤਾਪ ਜੀ ਅਸੀਂ ਭੁਲੇਖੇ ਨਾਲ ਕਿਸੇ ਹੋਰ ਦੀ ਜ਼ਮੀਨ ਦਾ ਸੌਦਾ ਕਰ ਬੈਠੇ ਸੀ। ਅਸਲ ਵਿੱਚ ਸਾਨੂੰ ਸਾਡੀ ਆਪਣੀ ਜ਼ਮੀਨ ਬਾਰੇ ਪਤਾ ਨਹੀਂ ਸੀ। ਅਸੀਂ ਹੁਣ ਪੈਸੇ ਮੋੜਨ ਆਏ ਆਂ।" ਭਾਨੂੰ ਪ੍ਰਤਾਪ ਦਸ ਹਜ਼ਾਰ ਫੜ ਕੇ ਬੋਲਿਆ, "ਸਰਦਾਰ ਜੀ! ਥੋਡੀ ਕੌਮ 'ਚ ਥੋਡੇ ਗੁਰੂਆਂ ਨੇ ਸਬਰ ਤੇ ਸੰਤੋਖ ਭਰਿਐ... ਪੈਸੇ ਮੋੜ ਕੇ ਤੁਸੀਂ ਪੱਗ ਦੀ ਲਾਜ ਰੱਖ ਲਈ ਐ... ਮੈਂ ਵੀ ਤੁਹਾਨੂੰ ਸਰਦਾਰ ਦੇਖ ਕੇ ਬਿਨਾਂ ਜਾਣ-ਪਛਾਣ ਤੋਂ ਐਵੇਂ ਹੀ ਸਾਈ ਫੜਾ ਬੈਠਾ ਸਾਂ।" ਸਾਈ ਦੇ ਦਸ ਹਜ਼ਾਰ ਮੋੜ ਕੇ ਅਸੀਂ ਦੋਵੇਂ ਜੇਤੂ ਅੰਦਾਜ਼ ਵਿੱਚ ਵਾਪਸ ਆਉਣ ਲਈ ਉੱਠੇ ਤਾਂ ਸਾਨੂੰ ਇਉਂ ਮਹਿਸੂਸ ਹੋਇਆ ਜਿਵੇਂ ਸਾਡਾ ਪੱਗ ਵਾਲਾ ਸਿਰ ਗਿੱਠ ਉੱਚਾ ਹੋ ਗਿਆ ਹੋਵੇ।

***

## ਬੇਸ਼ੁਮਾਰ ਗੀਤਾਂ ਦੀ ਸ਼ਹਿਜ਼ਾਦੀ

ਵਿਆਹ ਤੋਂ ਥੋੜ੍ਹੀ ਦੇਰ ਬਾਅਦ ਹੀ ਨੂਰ ਜਹਾਂ ਨੇ ਕੁਝ ਸ਼ਰਤਾਂ ਰੱਖੀਆਂ ਜੋ ਨਜ਼ੀਰ ਅਲੀ ਨੇ ਨਾਮਨਜ਼ੂਰ ਕਰ ਦਿੱਤੀਆਂ। ਇਹ ਸ਼ਾਦੀ ਵੀ ਤਲਾਕ 'ਤੇ ਖ਼ਤਮ ਹੋਈ।

**ਮਾਣ-ਸਨਮਾਨ**

1965, 1981 ਤੇ 1990 'ਚ 'ਹੁਸਨ-ਏ-ਕਾਰਕਰਦਗੀ' ਵਰਗੇ ਕੌਮੀ ਇਨਾਮ ਨੂਰ ਜਹਾਂ ਨੂੰ ਮਿਲੇ। 1996 ਵਿੱਚ ਸੰਗੀਤ ਲਈ ਪੰਜਾਹ ਸਾਲ ਸੇਵਾਵਾਂ ਦੇਣ ਬਦਲੇ 'ਇਲਿਆਸ ਰਸ਼ੀਦੀ ਗੋਲਡ ਮੈਡਲ' ਪਹਿਲੀ ਵਾਰ ਨੂਰ ਜਹਾਂ ਨੂੰ ਮਿਲਿਆ। ਮਲਿਕਾ ਤਰੰਨਮ ਨੂੰ ਦੋ ਵੱਡੇ ਵਕਾਰੀ ਪੁਰਸਕਾਰ ਨਾਲ ਨਿਵਾਜਿਆ ਗਿਆ ਸੀ। ਸਾਲ 1999 'ਚ ਪਾਕਿਸਤਾਨ ਸਿਨੇਮਾ ਵੱਲੋਂ 'ਮਿਲੇਨੀਅਮ ਪੁਰਸਕਾਰ' ਦਿੱਤਾ ਗਿਆ ਅਤੇ ਫਿਰ ਜਨਵਰੀ 2020 'ਚ ਪਾਕਿਸਤਾਨ ਟੈਲੀਵਿਜ਼ਨ ਵੱਲੋਂ ਇਨ੍ਹਾਂ ਨੂੰ 'ਵਾਇਸ ਆਫ਼ ਸੈਂਚੁਰੀ' ਨਾਲ ਨਿਵਾਜਿਆ ਗਿਆ।

**ਗ਼ਜ਼ਲ ਗਾਇਨ 'ਚ ਕੀਰਤੀਮਾਨ**

ਮਲਿਕਾ ਤਰੰਨਮ ਨੂਰ ਜਹਾਂ ਨੂੰ ਗ਼ਜ਼ਲ-ਗਾਇਕੀ 'ਚ ਅਬੂਰ ਹਾਸਿਲ ਸੀ। ਇਨ੍ਹਾਂ ਨੇ ਗ਼ਜ਼ਲ ਗਾਇਨ 'ਚ ਜੋ ਕੀਰਤੀਮਾਨ ਪੈਦਾ ਕੀਤੇ, ਉਹ ਕਿਸੇ ਵੀ ਗ਼ਜ਼ਲ ਪ੍ਰੇਮੀ ਤੋਂ ਗੁੱਝੇ ਨਹੀਂ। ਉਨ੍ਹਾਂ ਵੱਡੇ-ਵੱਡੇ ਮਾਇਆਨਾਜ਼ ਗ਼ਜ਼ਲਕਾਰਾਂ ਦੇ ਕਲਾਮ ਨੂੰ ਆਵਾਜ਼ ਦਿੱਤੀ। ਰੇਡੀਓ ਲਾਹੌਰ ਤੋਂ ਹੀ ਸਵੇਰ ਦੀ ਸਭਾ ਵਿੱਚ 'ਸੁਬਹੇ ਗ਼ਜ਼ਲ' ਨਾਮਕ ਨਿਰੋਲ ਗ਼ਜ਼ਲ 'ਤੇ ਆਧਾਰਿਤ ਪ੍ਰੋਗਰਾਮ ਹੁੰਦਾ ਸੀ ਜਿਸ ਵਿੱਚ ਨੂਰ ਜਹਾਂ ਦੀਆਂ ਗ਼ਜ਼ਲਾਂ ਨੂੰ ਵਿਸ਼ੇਸ਼ ਮੁਕਾਮ ਹਾਸਿਲ ਸੀ। ਇਨ੍ਹਾਂ ਦੀਆਂ ਗਾਈਆਂ ਗ਼ਜ਼ਲਾਂ ਜਿਵੇਂ 'ਚਲੇ ਤੋ ਕੱਟ ਹੀ ਜਾਏਗਾ ਯੇ ਸਫ਼ਰ', 'ਨੀਅਤ-ਏ-ਸ਼ੌਕ ਭਰ ਨਾ ਜਾਏ ਕਹੀਂ', 'ਕਿਸੀ ਕਾ ਨਾਮ ਲੋ', 'ਦਿਲ ਧੜਕਨੇ ਕਾ ਸਬੱਬ ਯਾਦ ਆਇਆ', 'ਕਭੀ ਕਹਾ ਨਾ ਕਿਸੀ ਸੇ ਤੇਰੇ ਫਸਾਨੇ ਕੋ', 'ਵੋਹ ਮੇਰਾ ਹੋ ਨਾ ਸਕਾ' 'ਦਿਲ ਹੀ ਦਿਲ ਮੇਂ ਸੁਲਘ ਕੇ ਬੁੱਝੇ ਹਮ', 'ਤੇਰੀ ਬਾਤੇਂ ਹੀ ਸੁਨਾਨੇ ਆਏ', ਤੁਮ ਆਏ ਹੋ ਨਾ ਸ਼ਬੇ ਇੰਤਜ਼ਾਰ' ਅਤੇ 'ਇੱਕ ਵਾਰ ਹੀ ਜੀ ਭਰ ਕੇ ਸਜ਼ਾ ਕਿਉਂ' ਅੱਜ ਵੀ ਬੜੀ ਸ਼ਿੱਦਤ ਨਾਲ ਸੁਣੀਆਂ ਜਾ ਰਹੀਆਂ ਹਨ।

**ਪੰਜਾਬੀ 'ਚ ਗਾਏ ਬੇਸ਼ੁਮਾਰ ਗੀਤ**

ਤਿੰਨ ਸਾਲ ਪਿੱਛੋਂ ਨੂਰ ਜਹਾਂ ਫਿਲਮਾਂ ਵੱਲੋਂ ਧਿਆਨ ਹਟਾ ਕੇ, ਸਿਰਫ਼ ਗੀਤ-ਸੰਗੀਤ ਵੱਲ ਮੁੜੀ। ਉਨ੍ਹਾਂ ਨੇ ਉਰਦੂ, ਸਿੰਧੀ ਅਤੇ ਪੰਜਾਬੀ 'ਚ ਬੇਸ਼ੁਮਾਰ ਗੀਤ ਗਾਏ। ਉਨ੍ਹਾਂ ਨੂੰ ਗਾਇਨ ਦੀਆਂ ਵੱਖ-ਵੱਖ ਸਿਨਫ਼ਾਂ ਜਿਵੇਂ ਕਿ ਠੁਮਰੀ, ਨਾਅਤ, ਦਾਦਰਾ, ਸੋਲੋ ਗਾਇਕੀ, ਦੋਗਾਣਾ ਗਾਇਕੀ, ਦੇਸ਼ ਪ੍ਰੇਮ ਦੇ ਗੀਤਾਂ 'ਤੇ ਅਬੂਰ ਹਾਸਿਲ ਸੀ। ਦੇਸ਼ ਦੀ ਵੰਡ ਉਪਰੰਤ, ਉਸਦੇ ਗੀਤ, ਭਾਰਤੀ ਪੰਜਾਬੀ ਲੋਕ ਰੇਡੀਓ ਲਾਹੌਰ ਨੰਬਰ ਇਕ ਤੋਂ ਸੁਣਦੇ ਰਹੇ ਹਨ। ਅਖ਼ੀਰ ਬੇਸ਼ੁਮਾਰ ਗੀਤਾਂ ਦੀ ਸ਼ਹਿਜ਼ਾਦੀ 23 ਦਸੰਬਰ, 2000 ਨੂੰ ਇਸ ਦੁਨੀਆ ਤੋਂ ਰੁਖ਼ਸਤ ਹੋ ਗਈ।

***

## ਇੰਡੀਗੋ ਦਾ ਸੰਕਟ, ਹਵਾਈ ਅਜਾਰੇਦਾਰੀ ਤੇ

ਲਗਾਤਾਰ ਤੀਜੇ ਦਿਨ ਸੈਂਕੜੇ ਉਡਾਣਾਂ ਰੱਦ ਹੋਣ ਤੋਂ ਬਾਅਦ,ਰਾਹੁਲ ਗਾਂਧੀ ਨੇ ਆਪਣੇ ਉਸ ਲੇਖ ਨੂੰ ਦੁਬਾਰਾ ਸਾਂਝਾ ਕਰਦਿਆਂ ਮੌਜੂਦਾ ਸਥਿਤੀ ਲਈ ਕੇਂਦਰ ਸਰਕਾਰ ਦੇ ਏਕਾਧਿਕਾਰ ਮਾਡਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਆਪਣੇ ਲੇਖ ਵਿੱਚ ਰਾਹੁਲ ਗਾਂਧੀ ਨੇ ਦਲੀਲ ਦਿੱਤੀ ਕਿ ਭਾਰਤ ਇੱਕ ਅਜਿਹੇ ਚੌਰਾਹੇ 'ਤੇ ਖੜ੍ਹਾ ਹੈ ਜਿੱਥੇ ਇਸ ਨੂੰ ਨਿਰਪੱਖ ਮੁਕਾਬਲੇ ਅਤੇ ਏਕਾਧਿਕਾਰ ਵਿਚੋਂ ਇੱਕ ਦੀ ਚੋਣ ਕਰਨੀ ਪਵੇਗੀ। ਰਾਹੁਲ ਨੇ ਚੇਤਾਵਨੀ ਦਿੱਤੀ ਕਿ ਆਧੁਨਿਕ ਏਕਾਧਿਕਾਰਵਾਦੀ ਈਸਟ ਇੰਡੀਆ ਕੰਪਨੀ ਵਾਂਗ ਹੀ ਡਰ ਪੈਦਾ ਕਰ ਰਹੇ ਹਨ ਅਤੇ ਆਮ ਭਾਰਤੀ ਇਸ ਦੀ ਕੀਮਤ ਚੁਕਾ ਰਹੇ ਹਨ। ਇੰਡੀਗੋ ਸੰਕਟ ਬਾਰੇ ਰਾਹੁਲ ਗਾਂਧੀ ਨੇ ਇੰਸਟਾਗ੍ਰਾਮ 'ਤੇ ਲਿਖਿਆ ਕਿ ਇੰਡੀਗੋ ਦੀ ਅਸਫਲਤਾ ਸਰਕਾਰ ਦੇ ਏਕਾਧਿਕਾਰ ਮਾਡਲ ਦੀ ਕੀਮਤ ਹੈ। ਇੱਕ ਵਾਰ ਫਿਰ ਆਮ ਭਾਰਤੀ ਦੇਰੀ, ਰੱਦ ਅਤੇ ਬੇਵੱਸੀ ਵਿੱਚ ਕੀਮਤ ਚੁਕਾ ਰਹੇ ਹਨ। ਆਪਣੀ ਗੱਲ ਖ਼ਤਮ ਕਰਨ ਤੋਂ ਪਹਿਲਾਂ ਮੈਂ ਇੱਕ ਪਹਿਲੂ 'ਤੇ ਗੱਲ ਕਰਾਂਗਾ, ਜਿਸ ਬਾਰੇ ਲੋਕ ਆਮ ਤੌਰ 'ਤੇ ਚਰਚਾ ਕਰਨ ਤੋਂ ਬਚਦੇ ਹਨ: ਏਕਾਧਿਕਾਰ ਕਿਵੇਂ ਬਣਦਾ ਹੈ। ਏਕਾਧਿਕਾਰ ਉਦੋਂ ਤੱਕ ਨਹੀਂ ਬਣਾਇਆ ਜਾ ਸਕਦਾ ਜਦੋਂ ਤੱਕ ਇਸ ਦੇ ਰਾਜਨੀਤਿਕ ਮਾਲਕ ਅਜਿਹਾ ਨਹੀਂ ਚਾਹੁੰਦੇ। ਡੀ.ਜੀ.ਸੀ.ਏ. ਵਰਗੇ ਅਦਾਰੇ ਏਕਾਧਿਕਾਰ ਨਹੀਂ ਬਣਾ ਸਕਦੇ। ਇੰਡੀਗੋ ਦਾ ਏਕਾਧਿਕਾਰ ਮੋਦੀ ਸਰਕਾਰ ਦਾ ਤੋਹਫ਼ਾ ਹੈ। ਦੁਨੀਆ ਦੇ ਕਿਸੇ ਹੋਰ ਦੇਸ਼ ਨੇ ਇੰਨੀ ਵੱਡੀ ਹਵਾਬਾਜ਼ੀ ਏਕਾਧਿਕਾਰ ਨਹੀਂ ਦੇਖੀ ਹੈ। ਦਰਅਸਲ ਇਹ ਪਹਿਲੀ ਨਜ਼ਰ ਵਿੱਚ ਸਪੱਸ਼ਟ ਹੈ ਕਿ ਇੰਡੀਗੋ ਦੇ ਮਾਲਕਾਂ ਦੇ ਮੁਨਾਫ਼ੇ ਦਾ ਇੱਕ ਮਹੱਤਵਪੂਰਨ ਹਿੱਸਾ ਸੱਤਾ ਵਿੱਚ ਬੈਠੇ ਲੋਕਾਂ ਦੀਆਂ ਜੇਬਾਂ ਵਿੱਚ ਜਾਂਦਾ ਹੈ। ਮੇਰਾ ਮੰਨਣਾ ਹੈ ਕਿ ਹਰ ਸਾਲ ਇੱਕ ਵੱਡੀ ਰਕਮ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਟ੍ਰਾਂਸਫਰ ਕੀਤੀ ਜਾਂਦੀ ਹੈ। ਸਰਕਾਰ ਕੋਲ ਏਕਾਧਿਕਾਰ ਤੋੜਨ ਲਈ ਕਾਨੂੰਨ ਹਨ; ਜੇ ਇੱਛਾ ਸ਼ਕਤੀ ਹੋਵੇ ਤਾਂ ਇਸ ਏਕਾਧਿਕਾਰ ਨੂੰ ਇੱਕ ਪਲ ਵਿੱਚ ਤੋੜਿਆ ਜਾ ਸਕਦਾ ਹੈ। ਜੇ ਸਰਕਾਰ ਚਾਹੇ ਤਾਂ ਕੋਈ ਹੋਰ ਏਅਰਲਾਈਨ ਜੋ ਇੰਡੀਗੋ ਨਾਲ ਮੁਕਾਬਲਾ ਕਰ ਸਕਦੀ ਹੈ, ਸ਼ੁਰੂ ਕੀਤੀ ਜਾ ਸਕਦੀ ਹੈ। ਪਰ ਅਜਿਹਾ ਨਹੀਂ ਕੀਤਾ ਗਿਆ ਹੈ। ਅੱਜ ਪੂਰਾ ਦੇਸ਼ ਇਸ ਦਾ ਨਤੀਜਾ ਭੁਗਤ ਰਿਹਾ ਹੈ।

***

## ਪੰਜਾਬ 'ਚ ਸਿੱਖ ਆਬਾਦੀ ਦਾ ਘਟਣਾ:

ਨੀਵੀਂ ਜਨਨ ਦਰ ਅਤੇ ਪ੍ਰਵਾਸ ਨੂੰ ਰੋਕਣ ਲਈ ਸਿੱਖ ਫ਼ੈਮਿਲੀਆਂ ਨੂੰ 2-3 ਬੱਚਿਆਂ ਦੀ ਨੀਤੀ ਅਪਣਾਉਣੀ ਚਾਹੀਦੀ ਹੈ।' ਉਹ ਸਿੱਖ ਇੰਸਟੀਚਿਊਟ ਨੂੰ ਮਜ਼ਬੂਤ ਕਰਨ ਅਤੇ ਸਿੱਖੀ ਪਛਾਣ ਨੂੰ ਬਚਾਉਣ ਦੀ ਗੱਲ ਕਰਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ 2020 ਵਿੱਚ ਤੇ ਹੁਣ ਐਕਟਿੰਗ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸੰਦੇਸ਼ ਵਿੱਚ ਕਿਹਾ ਸੀ ਕਿ 'ਕੌਮ ਨੂੰ ਆਬਾਦੀ ਘਟਣ ਤੋਂ ਸੁਚੇਤ ਹੋਣਾ ਚਾਹੀਦਾ ਹੈ। ਚੰਗੀ ਆਰਥਿਕ ਹਾਲਤ ਵਾਲੇ ਘਰਾਂ ਨੂੰ 3 ਬੱਚੇ ਅਤੇ ਆਮ ਘਰਾਂ ਨੂੰ 2 ਬੱਚੇ ਪੈਦਾ ਕਰਨੇ ਚਾਹੀਦੇ ਹਨ।' ਇਹ ਸੁਝਾਅ ਅੱਜ ਵੀ ਪ੍ਰਸੰਗਿਕ ਹੈ।

ਸਿੱਖ ਚਿੰਤਕ ਡਾਕਟਰ ਸਵਰਾਜ ਸਿੰਘ ਨੇ ਕਿਹਾ ਕਿ, 'ਡੈਮੋਗ੍ਰਾਫ਼ਿਕ ਡਿਕਲਾਈਨ ਨੂੰ ਰੋਕਣ ਲਈ ਸਿੱਖਾਂ ਨੂੰ ਕਿਰਦਾਰ,ਐਜੂਕੇਸ਼ਨ ਅਤੇ ਹੈਲਥਕੇਅਰ ਤੇ ਜਨਸੰਖਿਆ ਵਲ ਧਿਆਨ ਦੇਣਾ ਚਾਹੀਦਾ ਹੈ। ਦਿਹਾਤੀ ਅਰਥਵਿਵਸਥਾ ਨੂੰ ਮਜ਼ਬੂਤ ਕਰੋ ਅਤੇ ਪ੍ਰਵਾਸ ਨੂੰ ਰੋਕੋ।

**ਭਵਿੱਖ ਲਈ ਕਾਰਵਾਈ ਦੀ ਲੋੜ**

ਪੰਜਾਬ ਦੀ ਲੋਕਸੰਖਿਆ ਬਦਲਾਅ ਸਿਰਫ਼ ਅੰਕੜੇ ਨਹੀਂ, ਸਗੋਂ ਇੱਕ ਕੌਮੀ ਸੰਕਟ ਹੈ। ਏਸ਼ੀਆ ਸਮਾਚਾਰ ਨੇ ਦਸੰਬਰ 2024 ਵਿੱਚ ਲਿਖਿਆ ਕਿ 2025-26 ਦੀ ਜਨਗਣਨਾ ਵਿੱਚ ਸਿੱਖਾਂ ਦਾ ਹਿੱਸਾ ਹੋਰ ਘਟੇਗਾ। ਜੇਕਰ ਸਿੱਖ ਰਹਿਨੁਮਾ ਅਤੇ ਭਾਈਚਾਰਾ ਏਕਤਾ ਨਾਲ ਨਹੀਂ ਉੱਠੇ ਤਾਂ ਪੰਜਾਬੀ ਸੂਬੇ ਦੀ ਸਿੱਖੀ ਵਿਰਾਸਤ ਖ਼ਤਮ ਹੋ ਜਾਵੇਗੀ। ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਆਖਦੇ ਹਨ ਕਿ ਪਰਿਵਾਰ ਵਧਾਓ, ਸਿੱਖੀ ਨੂੰ ਅਪਣਾਓ, ਕਿਰਦਾਰ ਗੁਰਮਤਿ ਅਨੁਸਾਰ ਰੱਖੋ ਅਤੇ ਪੰਜਾਬ ਨੂੰ ਮਜ਼ਬੂਤ ਬਣਾਓ। ਇਹ ਸਮਾਂ ਚਿੰਤਾ ਕਰਨ ਦਾ ਨਹੀਂ, ਕਾਰਵਾਈ ਕਰਨ ਦਾ ਹੈ। ਜੇਕਰ ਅਸੀਂ ਹੁਣ ਨਹੀਂ ਜਾਗੇ ਤਾਂ ਭਵਿੱਖ ਵਿੱਚ ਕੋਈ ਖੇਤਰ ਨਹੀਂ ਰਹੇਗਾ ਜਿੱਥੇ ਸਿੱਖ ਬਹੁਗਿਣਤੀ ਹੋਵੇ। ਚੜ੍ਹਦੀਕਲਾ ਵਿੱਚ ਰਹਿਣ ਲਈ, ਸਾਨੂੰ ਨਵੀਂ ਪੀੜ੍ਹੀ ਨੂੰ ਵਧਾਉਣਾ ਪਵੇਗਾ।

***

## ਜਰਮਨ ਚਰਚਾਂ ਵਿੱਚ ਬੱਚਿਆਂ ਨਾਲ

ਵੈਟੀਕਨ ਅਤੇ ਪੋਪ ਵੀ ਅਸਿੱਧੇ ਤੌਰ ਤੇ ਜ਼ਿੰਮੇਵਾਰ ਮੰਨੇ ਜਾਂਦੇ ਹਨ ਕਿਉਂਕਿ ਉਹਨਾਂ ਨੂੰ ਪਿਛਲੇ ਸਾਲਾਂ ਵਿੱਚ ਬਹੁਤ ਸਾਰੀਆਂ ਸ਼ਿਕਾਇਤਾਂ ਮਿਲੀਆਂ ਪਰ ਤੇਜ਼ੀ ਨਾਲ ਕਾਰਵਾਈ ਨਹੀਂ ਕੀਤੀ ਗਈ। ਉਦਾਹਰਨ ਵਜੋਂ, 2010 ਵਿੱਚ ਇੱਕ ਮਾਮਲੇ ਵਿੱਚ ਪੀੜਤਾਂ ਨੇ ਪੋਪ ਨੂੰ ਸ਼ਿਕਾਇਤ ਕੀਤੀ ਪਰ ਕੁਝ ਨਹੀਂ ਹੋਇਆ।

ਕੀ ਕਾਰਵਾਈ ਹੋਈ ਹੈ ?

ਰਿਪੋਰਟ ਆਉਣ ਤੋਂ ਬਾਅਦ ਬਿਸ਼ਪ ਓਸਟਰ ਨੇ ਮੁਆਫ਼ੀ ਮੰਗੀ ਅਤੇ ਚਰਚ ਵਿੱਚ ਸੰਸਕ੍ਰਿਤੀ ਬਦਲਾਵ ਦੀ ਗੱਲ ਕੀਤੀ। ਚਰਚ ਨੇ ਹੁਣ ਬੱਚਿਆਂ ਦੀ ਸੁਰੱਖਿਆ ਲਈ ਨਵੇਂ ਨਿਯਮ ਬਣਾਏ ਹਨ ਜਿਵੇਂ ਸਖ਼ਤ ਸਿਖਲਾਈ ਅਤੇ ਰਿਪੋਰਟਿੰਗ ਸਿਸਟਮ। ਜਰਮਨੀ ਵਿੱਚ ਪੁਲਿਸ ਅਤੇ ਅਦਾਲਤਾਂ ਨੇ ਕਈ ਮਾਮਲਿਆਂ ਵਿੱਚ ਜਾਂਚ ਸ਼ੁਰੂ ਕੀਤੀ ਹੈ ਅਤੇ ਕੁਝ ਪਾਦਰੀਆਂ ਨੂੰ ਸਜ਼ਾ ਵੀ ਹੋਈ ਹੈ। ਉਦਾਹਰਨ ਵਜੋਂ, ਇੱਕ ਮਾਮਲੇ ਵਿੱਚ ਇੱਕ ਪਾਦਰੀ ਨੂੰ 7 ਸਾਲਾਂ ਦੀ ਜੇਲ੍ਹ ਹੋਈ ਪਰ ਚਰਚ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਸੀ। 2018 ਦੀ ਰਾਸ਼ਟਰੀ ਰਿਪੋਰਟ ਤੋਂ ਬਾਅਦ ਚਰਚ ਨੇ ਵੱਡੇ ਪੱਧਰ ਤੇ ਜਾਂਚਾਂ ਸ਼ੁਰੂ ਕੀਤੀਆਂ ਅਤੇ ਕਈ ਬਿਸ਼ਪਾਂ ਨੂੰ ਅਸਤੀਫ਼ਾ ਦੇਣਾ ਪਿਆ। ਪਰ ਬਹੁਤੇ ਲੋਕ ਮੰਨਦੇ ਹਨ ਕਿ ਅਜੇ ਵੀ ਵੱਡੇ ਸੁਧਾਰਾਂ ਦੀ ਜ਼ਰੂਰਤ ਹੈ ਜਿਵੇਂ ਵੈਟੀਕਨ ਵੱਲੋਂ ਵੱਧ ਨਿਗਰਾਨੀ ਅਤੇ ਪੀੜਤਾਂ ਨੂੰ ਮੁਆਵਜ਼ਾ।

ਵਿਸ਼ਵ ਵਿੱਚ ਇਸ ਰਿਪੋਰਟ 'ਤੇ ਕੀ ਪ੍ਰਤੀਕਿਰਿਆ ਹੈ ?

ਵਿਸ਼ਵ ਅਖ਼ਬਾਰਾਂ ਨੇ ਇਸ ਨੂੰ ਵੱਡੇ ਪੱਧਰ 'ਤੇ ਕਵਰ ਕੀਤਾ ਹੈ। ਡੀਪੀਏ ਨਿਊਜ਼ ਏਜੰਸੀ ਨੇ ਲਿਖਿਆ, 'ਪਾਸਾਊ ਡਾਇਓਸੀਸ ਵਿੱਚ 700 ਬੱਚੇ ਸ਼ੋਸ਼ਣ ਦਾ ਸ਼ਿਕਾਰ ਹੋਏ, ਇਹ ਚਰਚ ਦੀ ਵੱਡੀ ਨਾਕਾਮੀ ਹੈ।' ਸਪੀਗਲ ਮੈਗਜ਼ੀਨ ਨੇ ਕਿਹਾ, 'ਸੈਂਕੜੇ ਮਾਮਲੇ ਸਾਹਮਣੇ ਆਏ ਹਨ ਅਤੇ ਇਹ ਚਰਚ ਵਿੱਚ ਸੈਕੰਡਲਾਂ ਨੂੰ ਦਬਾਉਣ ਦੀ ਰੁਚੀ ਤੇ ਚੁੱਪੀ ਨੂੰ ਦਰਸਾਉਂਦੇ ਹਨ।' ਰੈਲੀਜਨ ਡਿਜੀਟਲ ਨੇ ਬਿਸ਼ਪ ਦੇ ਬਿਆਨ ਨੂੰ ਹਾਈਲਾਈਟ ਕੀਤਾ, 'ਸਿਰਫ਼ ਮੁਆਫ਼ੀ ਮੰਗੀ ਜਾ ਸਕਦੀ ਹੈ।'

ਲੋਕਾਂ ਦੀ ਪ੍ਰਤੀਕਿਰਿਆ ਵੀ ਤਿੱਖੀ ਹੈ। ਸੋਸ਼ਲ ਮੀਡੀਆ ਐਕਸ ਤੇ ਬਹੁਤ ਸਾਰੀਆਂ ਪੋਸਟਾਂ ਆਈਆਂ ਹਨ। ਟੌਮੀ ਰਿਚਰਡਜ਼ ਨੇ ਲਿਖਿਆ, 'ਇਹ 77 ਸਾਲਾਂ ਦੀ ਲੁਕੀ ਵਹਿਸ਼ਤ ਹੈ, 700 ਪੀੜਤ ਅਤੇ 154 ਦੋਸ਼ੀ।'

ਵਿਸ਼ਵ ਭਰ ਵਿੱਚ ਲੋਕ ਚਰਚ ਨੂੰ ਵੱਧ ਪਾਰਦਰਸ਼ੀ ਅਤੇ ਜ਼ਿੰਮੇਵਾਰ ਬਣਾਉਣ ਦੀ ਮੰਗ ਕਰ ਰਹੇ ਹਨ। ਬਹੁਤੇ ਅਖ਼ਬਾਰਾਂ ਨੇ ਇਸ ਨੂੰ ਚਰਚ ਦੀ ਵੱਡੀ ਨਾਕਾਮੀ ਦੱਸਿਆ ਅਤੇ ਪੀੜਤਾਂ ਲਈ ਇਨਸਾਫ਼ ਦੀ ਮੰਗ ਕੀਤੀ। ਇਹ ਰਿਪੋਰਟ ਨੇ ਫਿਰ ਤੋਂ ਸਾਬਤ ਕੀਤਾ ਹੈ ਕਿ ਚਰਚ ਨੂੰ ਆਪਣੇ ਅੰਦਰ ਵੱਡੇ ਬਦਲਾਵ ਲਿਆਉਣੇ ਚਾਹੀਦੇ ਹਨ ਤਾਂ ਜੋ ਭਵਿੱਖ ਵਿੱਚ ਅਜਿਹੇ ਕੰਮ ਨਾ ਵਾਪਰਨ।

ਇਹ ਰਿਪੋਰਟ ਪਾਸਾਊ ਯੂਨੀਵਰਸਿਟੀ ਵੱਲੋਂ ਤਿਆਰ ਕੀਤੀ ਗਈ ਹੈ ਅਤੇ ਇਸ ਨੂੰ ਮੁੱਖ ਤੌਰ 'ਤੇ 8 ਦਸੰਬਰ 2025 ਨੂੰ ਪ੍ਰਕਾਸ਼ਿਤ ਕੀਤੀ ਗਈ ਸੀ। ਇਹ ਪਹਿਲਾਂ ਬਿਸ਼ਪ ਅਤੇ ਬੈਠਕਾਂ ਨੂੰ ਦਿੱਤੀ ਗਈ ਸੀ ਅਤੇ ਫਿਰ ਆਨਲਾਈਨ ਅਤੇ ਅਖ਼ਬਾਰਾਂ ਵਿੱਚ ਆਈ ਸੀ।

***

## ਅਮਰੀਕਾ, ਚੀਨ, ਰੂਸ ਤੇ ਜਾਪਾਨ

ਯੂਰਪ ਨੂੰ ਸੀ5 ਵਿੱਚ ਸ਼ਾਮਲ ਨਾ ਕਰਨਾ ਇਹ ਦਰਸਾਉਂਦਾ ਹੈ ਕਿ ਟਰੰਪ, ਰੂਸ ਨੂੰ ਇਹੋ-ਜਿਹੀ ਤਾਕਤ ਵਜੋਂ ਦੇਖਦੇ ਹਨ, ਜੋ ਕਿ ਯੂਰਪ ਵਿੱਚ ਆਪਣਾ ਦਬਦਬਾ ਕਾਇਮ ਕਰਨ ਵਿੱਚ ਸਮਰੱਥ ਹੈ।

ਯੂਰਪ ਦੇ ਨਾਲ ਨਾਟੋ ਦੀ ਖੇਡ ਹੋਵੇਗੀ ਖ਼ਤਮ ਰਾਸ਼ਟਰਪਤੀ ਟਰੰਪ ਮੰਨਦੇ ਹਨ ਕਿ ਹੁਣ ਯੂਰਪ ਤੇ ਨਾਟੋ ਅਮਰੀਕਾ ਲਈ ਫ਼ਾਇਦੇਮੰਦ ਨਹੀਂ ਰਹੇ। ਉਹ ਲੰਮੇ ਸਮੇਂ ਤੋਂ ਨਾਟੋ ਦੇ ਮੈਂਬਰ ਮੁਲਕਾਂ ਦੀ ਨੁਕਤਾਚੀਨੀ ਕਰਦੇ ਆਏ ਹਨ ਤੇ ਕਈ ਵਾਰ ਫੰਡ ਵਿਚ ਕਟੌਤੀ ਕਰਨ ਦੀ ਧਮਕੀ ਦੇ ਚੁੱਕੇ ਹਨ।

**ਕਵਾਡ ਦਾ ਭਵਿੱਖ ਖ਼ਤਰੇ 'ਚ**

ਮਾਹਿਰਾਂ ਦਾ ਕਹਿਣਾ ਹੈ ਕਿ ਕੋਰ-5 ਗਰੁੱਪ ਬਣਨ ਨਾਲ ਨਾ-ਸਿਰਫ਼ ਨਾਟੋ ਸਗੋਂ ਕਵਾਡ ਦਾ ਵੀ ਖ਼ਾਤਮਾ ਹੋਣਾ ਤੈਅ ਹੈ। ਦੱਸਣਯੋਗ ਹੈ ਕਿ ਨਾਟੋ ਦਾ ਗਠਨ ਰੂਸ ਦੇ ਵਿਰੁੱਧ ਤੇ ਕਵਾਡ ਦਾ ਗਠਨ ਚੀਨ ਵਿਰੁੱਧ ਕੀਤਾ ਗਿਆ ਸੀ। ਹੁਣ ਇਹ ਦੋਵੇਂ ਮੁਲਕ ਅਮਰੀਕਾ ਨਾਲ ਇੱਕੋ ਧੜੇ ਵਿੱਚ ਸ਼ਮੂਲੀਅਤ ਕਰਨਗੇ।

***

## ਕੈਨੇਡਾ ਨੇ ਆਪਣੀਆਂ ਇਮੀਗ੍ਰੇਸ਼ਨ ਨੀਤੀਆਂ

ਪਹਿਲਾਂ ਕੰਮ ਕਾਫ਼ੀ ਸੌਖਾ ਸੀ, ਜਦੋਂ ਕੋਈ ਵਿਅਕਤੀ ਸ਼ਰਨ ਲਈ ਅਪਲਾਈ ਕਰਦਾ ਸੀ ਤਾਂ ਉਸ ਦਾ ਕੇਸ ਖੁੱਲ੍ਹਣ ਨੂੰ ਆਮ ਤੌਰ 'ਤੇ 4 ਸਾਲ ਲੱਗ ਜਾਂਦੇ ਸੀ ਅਤੇ ਉਦੋਂ ਤੱਥ ਉਹ ਵਿਅਕਤੀ ਵਰਕ ਪਰਮਿਟ 'ਤੇ ਕਮ ਕਰ ਸਕਦਾ ਸੀ। ਇਸ ਤੋਂ ਇਲਾਵਾ ਸੋਸ਼ਲ ਸਿਕਿਓਰਿਟੀ ਦਾ ਅਧਿਕਾਰ ਵੀ ਸ਼ਰਨ ਅਪਲਾਈ ਕਰਨ ਵਾਲਿਆਂ ਨੂੰ ਮਿਲਦੇ ਤਾਂ ਹੀ ਬਹੁਤੇ ਲੋਕਾਂ ਵੱਲੋਂ ਇਸ ਕੈਟਾਗਿਰੀ ਵਿਚ ਅਪਲਾਈ ਕੀਤਾ ਗਿਆ।

ਸ਼ਰਨਾਰਥੀ ਵੀਜ਼ਾ ਸਬੰਧੀ ਕੈਨੇਡਾ ਦੇ ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ ਕੈਨੇਡਾ ਵਿੱਚ ਸ਼ਰਨਾਰਥੀ ਦਾਅਵੇ ਕਰਨ ਵਾਲੇ ਦੇਸ਼ਾਂ ਦੇ ਲੋਕਾਂ ਵਿੱਚ ਜਿੱਥੇ ਹਾਲੇ ਵੀ ਭਾਰਤੀਆਂ ਦੀ ਗਿਣਤੀ ਜ਼ਿਆਦਾ ਹੈ, ਉਥੇ ਹੀ ਅਰਜ਼ੀਆਂ ਦੇ ਰੱਦ ਹੋਣ ਦੀ ਦਰ ਵੀ ਜ਼ਿਆਦਾ ਹੈ। ਇਸ ਕਰਕੇ ਰੱਦ ਕੀਤੇ ਗਏ ਲੋਕਾਂ ਨੂੰ ਕੈਨੇਡਾ ਨੇ ਸਿੱਧਾ ਡਿਪੋਰਟ ਕਰਨਾ ਹੀ ਸ਼ੁਰੂ ਕਰ ਦਿੱਤਾ। ਕੈਨੇਡਾ ਸਰਕਾਰ ਦੇ ਸਟੇਟਿਕਸ ਵਿਭਾਗ ਵੱਲੋਂ ਜਾਰੀ ਅੰਕੜਿਆਂ ਦੇ ਮੁਤਾਬਕ ਜਨਵਰੀ ਤੋਂ ਸਤੰਬਰ 2025 ਦੌਰਾਨ 13912 ਭਾਰਤੀਆਂ ਨੇ ਸ਼ਰਨ ਲਈ ਅਪਲਾਈ ਕੀਤਾ। 1568 ਅਰਜ਼ੀਆਂ ਸਵੀਕਾਰ ਹੋਈਆਂ ਜਦਕਿ 1600 ਅਰਜ਼ੀਆਂ ਰੱਦ ਹੋਈਆਂ। 3319 ਵਿਅਕਤੀਆਂ ਨੇ ਅਰਜ਼ੀਆਂ ਨੂੰ ਅੱਧ ਵਿਚਾਲੇ ਛੱਡ ਦਿੱਤਾ। 710 ਲੋਕਾਂ ਨੇ ਆਪਣੀਆਂ ਅਰਜ਼ੀਆਂ ਵਾਪਸ ਲੈ ਲਈਆਂ। ਮੌਜੂਦਾ ਸਮੇਂ ਤੱਕ ਵਿਭਾਗ ਕੋਲ 43380 ਅਰਜ਼ੀਆਂ ਵਿਚਾਰ ਅਧੀਨ ਨੇ। ਸਾਲ 2024 ਦੌਰਾਨ 32563 ਭਾਰਤੀਆਂ ਨੇ ਸ਼ਰਨ ਸਬੰਧੀ ਕੇਸ ਅਪਲਾਈ ਕੀਤੇ ਸੀ।

ਕੈਨੇਡਾ ਵਿੱਚ ਸ਼ਰਨ ਮੰਗਣ ਵਾਲਿਆਂ ਵਿੱਚ ਭਾਰਤੀ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਐ, ਜਿਨ੍ਹਾਂ ਵਿਚੋਂ ਜ਼ਿਆਦਾ ਗਿਣਤੀ ਸੈਲਾਨੀ ਵੀਜ਼ੇ 'ਤੇ ਆਏ ਲੋਕਾਂ ਦੀ ਅਤੇ ਕੁੱਝ ਕੌਮਾਂਤਰੀ ਵਿਦਿਆਰਥੀਆਂ ਦੀ ਹੈ। ਕੈਨੇਡਾ ਸੰਘੀ ਅੰਕੜੇ ਦਰਸਾਉਂਦੇ ਨੇ ਕਿ ਸਾਲ 2024 ਵਿੱਚ ਕੌਮਾਂਤਰੀ ਵਿਦਿਆਰਥੀਆਂ ਨੇ ਰਿਕਾਰਡ 20245 ਸ਼ਰਨ ਦੇ ਦਾਅਵੇ ਕੀਤੇ ਜੋ ਸਾਲ 2023 ਦੇ ਮੁਕਾਬਲੇ ਦੁੱਗਣੇ ਅਤੇ 2019 ਦੇ ਮੁਕਾਬਲੇ ਛੇ ਗੁਣਾ ਵੱਧ ਸਨ। ਸਭ ਤੋਂ ਖ਼ਾਸ ਗੱਲ ਇਹ ਹੈ ਕਿ ਜ਼ਿਆਦਾਤਰ ਸ਼ਰਨ ਦੇ ਕੇਸ ਓਂਟਾਰੀਓ ਅਤੇ ਕਿਊਬਕ ਸੂਬਿਆਂ ਵਿੱਚ ਅਪਲਾਈ ਹੋਏ। ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ 2022 ਵਿੱਚ 3237 ਭਾਰਤੀਆਂ ਨੇ ਸ਼ਰਨ ਦੇ ਕੇਸ ਅਪਲਾਈ ਕੀਤੇ। 2023 ਵਿੱਚ ਇਹ ਅੰਕੜਾ 9060 ਸੀ। 2024 ਵਿੱਚ ਇਹ ਅੰਕੜਾ ਤਿੰਨ ਗੁਣਾ ਵਧ ਕੇ 32563 ਹੋ ਗਿਆ। 2025 ਵਿੱਚ ਵੀ ਭਾਵੇਂ ਸ਼ਰਨ ਮੰਗਣ 'ਚ ਭਾਰਤੀ ਮੋਹਰੀ ਨੇ, ਪਰ ਇਮੀਗ੍ਰੇਸ਼ਨ ਸਖ਼ਤੀਆਂ ਕਾਰਨ ਹੁਣ ਇਹ ਅੰਕੜਾ ਘਟ ਜਾਵੇਗਾ।

ਦੱਸ ਦਈਏ ਕਿ ਕੈਨੇਡਾ ਵਿੱਚ ਇਸ ਸਮੇਂ ਵੱਖ-ਵੱਖ ਦੇਸ਼ਾਂ ਦੇ ਨਾਗਰਿਕਾਂ ਦੀਆਂ ਕਰੀਬ ਪੰਜ ਲੱਖ ਸ਼ਰਨਾਰਥੀ ਅਰਜ਼ੀਆਂ ਵਿਚਾਰ ਅਧੀਨ ਚੱਲ ਰਹੀਆਂ ਨੇ। ਭਾਰਤ ਤੋਂ ਬਾਅਦ ਹੈਤੀ ਦਾ ਨੰਬਰ ਆਉਂਦੈ, ਜਿਸ ਦੇ 11820 ਨਾਗਰਿਕਾਂ ਨੇ ਇਸ ਸਾਲ ਕੈਨੇਡਾ ਵਿੱਚ ਸ਼ਰਨ ਲੈਣ ਲਈ ਅਪਲਾਈ ਕੀਤਾ ਪਰ ਇਸ ਵਿਚੋਂ 2541 ਅਰਜ਼ੀਆਂ ਹੀ ਮਨਜ਼ੂਰ ਹੋ ਸਕੀਆਂ, ਪਰ ਜੇਕਰ ਹੁਣ ਤੱਕ ਦੇ ਸਾਰੇ ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ ਹੈਤੀ ਦੇ ਨਾਗਰਿਕਾਂ ਦੀਆਂ 29565 ਅਰਜ਼ੀਆਂ ਹਾਲੇ ਵੀ ਪੈਂਡਿੰਗ ਪਈਆਂ ਹੋਈਆਂ ਨੇ, ਪਰ ਹੁਣ ਕੈਨੇਡਾ ਵੱਲੋਂ ਅਮਰੀਕਾ ਦੀ ਤਰ੍ਹਾਂ ਆਪਣੀਆਂ ਇਮੀਗ੍ਰੇਸ਼ਨ ਨੀਤੀਆਂ ਨੂੰ ਕਾਫ਼ੀ ਸਖ਼ਤ ਕੀਤਾ ਜਾ ਰਿਹਾ ਹੈ, ਜਿਸ ਤੋਂ ਇਹ ਜਾਪਦਾ ਹੈ ਕਿ ਕੈਨੇਡਾ ਰਹਿੰਦੇ ਬਹੁਤ ਸਾਰੇ ਲੋਕਾਂ ਨੂੰ ਕੈਨੇਡਾ ਤੋਂ ਗੋ-ਬੈਕ ਹੋਣਾ ਪਵੇਗਾ।

***

## ਇੱਕੋ ਮੰਚ 'ਤੇ ਨਜ਼ਰ ਆਏ

ਅਤੇ ਰੋਡਰੀਗੋ ਡੀ ਪੌਲ ਵੀ ਮੌਜੂਦ ਸਨ। ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵਿੰਦਰ ਫੜਨਵੀਸ ਨੇ ਇਸ ਮੌਕੇ ਸੂਬੇ ਵਿੱਚ ਨੌਜਵਾਨ ਫ਼ੁੱਟਬਾਲ ਖਿਡਾਰੀਆਂ ਨੂੰ ਤਿਆਰ ਕਰਨ ਲਈ 'ਪ੍ਰਾਜੈਕਟ ਮਹਾ-ਦੇਵਾ' ਦੀ ਸ਼ੁਰੂਆਤ ਕੀਤੀ। ਸਮਾਗਮ ਦੌਰਾਨ ਭਾਰਤੀ ਫ਼ੁੱਟਬਾਲ ਆਈਕਨ ਸੁਨੀਲ ਛੇਤਰੀ ਵੀ ਮੌਜੂਦ ਸੀ, ਜਿਸ ਨੂੰ ਮੈਸੀ ਨੇ ਅਰਜਨਟੀਨਾ ਦੀ ਜਰਸੀ ਭੇਟ ਕੀਤੀ। ਇਸ ਦੌਰਾਨ ਪ੍ਰਦਰਸ਼ਨੀ ਮੈਚ ਵੀ ਖੇਡਿਆ ਗਿਆ। ਜ਼ਿਕਰਯੋਗ ਹੈ ਕਿ ਬੀਤੇ ਦਿਨ ਭਾਵੇਂ ਕੋਲਕਾਤਾ ਵਿੱਚ ਹੰਗਾਮਾ ਹੋਇਆ ਸੀ ਪਰ ਹੈਦਰਾਬਾਦ ਅਤੇ ਮੁੰਬਈ ਦੇ ਸਮਾਗਮ ਪੂਰੀ ਤਰ੍ਹਾਂ ਸ਼ਾਂਤਮਈ ਰਹੇ। ਮੈਸੀ ਅਤੇ ਉਸ ਦੇ ਸਾਥੀਆਂ ਨੇ ਦਰਸ਼ਕਾਂ ਦਾ ਪਿਆਰ ਕਬੂਲਿਆ ਅਤੇ ਸਟੇਡੀਅਮ ਦਾ ਚੱਕਰ ਲਾਇਆ। ਵਾਨਖੇੜੇ ਆਉਣ ਤੋਂ ਪਹਿਲਾਂ ਮੈਸੀ ਨੇ ਕ੍ਰਿਕਟ ਕਲੱਬ ਆਫ ਇੰਡੀਆ (ਸੀ ਸੀ ਆਈ) ਦਾ ਦੌਰਾ ਵੀ ਕੀਤਾ।

***

## ਕੈਨੇਡਾ 'ਚ ਪੰਜਾਬੀਆਂ ਉੱਪਰ ਗੈਂਗ ਹਿੰਸਾ

ਕੈਨੇਡਾ ਸਰਕਾਰ ਦਾ ਕਹਿਣਾ ਹੈ ਕਿ ਉਸਨੇ ਕਦਮ ਚੁੱਕੇ ਹਨ, ਪਰ ਪੰਜਾਬੀ ਭਾਈਚਾਰਾ ਸੰਤੁਸ਼ਟ ਨਹੀਂ ਹੈ। ਨਵੰਬਰ 2025 ਵਿੱਚ ਟ੍ਰਾਇਲੈਟਰਲ ਸੰਮੇਲਨ ਵਿੱਚ ਬੀਸੀ, ਓਂਟਾਰੀਓ ਅਤੇ ਫੈਡਰਲ ਸਰਕਾਰ ਨੇ ਫਿਰੌਤੀ ਵਿਰੁੱਧ ਸਖ਼ਤ ਕਾਰਵਾਈ ਦਾ ਵਾਅਦਾ ਕੀਤਾ ਸੀ ਅਤੇ 1 ਮਿਲੀਅਨ ਡਾਲਰ ਵਿਕਟਿਮ ਸਪੋਰਟ ਲਈ ਦਿੱਤੇ ਸਨ। ਬੀਸੀ ਨੇ ਐਕਸਟੌਰਸ਼ਨ ਟਾਸਕ ਫੋਰਸ ਬਣਾਈ ਸੀ ਅਤੇ 15 ਫਿਰੌਤੀ ਸ਼ੱਕੀਆਂ ਉਪਰ ਕਾਰਵਾਈ ਕਰਨ ਦਾ ਐਲਾਨ ਕੀਤਾ ਸੀ। ਅਲਬਰਟਾ ਨੇ ਸਾਈਬਰਕ੍ਰਾਈਮ ਟਾਸਕ ਫੋਰਸ ਲਾਂਚ ਕੀਤੀ ਸੀ, ਜੋ ਡਿਜੀਟਲ ਧਮਕੀਆਂ ਨੂੰ ਟਰੈਕ ਕਰੇਗੀ। ਨਿਆਂ ਮੰਤਰੀ ਮਿੱਕੀ ਅਮੇਰੀ ਨੇ ਕਿਹਾ, 'ਅਲਬਰਟਾ ਵਿੱਚ ਜ਼ੀਰੋ ਟਾਲਰੈਂਸ ਹੈ। ਅਸੀਂ ਅਪਰਾਧੀਆਂ ਨੂੰ ਤੇਜ਼ੀ ਨਾਲ ਨਿਸ਼ਾਨਾ ਬਣਾਵਾਂਗੇ।'

***

## ਬ੍ਰਿਟਿਸ਼ ਸਿੱਖ ਕੈਪਟਨ ਨੂੰ ਪ੍ਰਿੰਸੈੱਸ ਰਾਇਲ ਐਨ. ਨੇ

ਕੈਪਟਨ ਸਿੰਘ-ਸੋਹਲ ਨੇ ਇਸ ਯਾਦਗਾਰ ਨੂੰ ਬਣਵਾ ਕੇ ਇਨ੍ਹਾਂ ਵੀਰਾਂ ਦੀਆਂ ਕੁਰਬਾਨੀਆਂ ਨੂੰ ਸਦਾ ਲਈ ਜਿਊਂਦਾ ਰੱਖਿਆ ਹੈ। ਉਨ੍ਹਾਂ ਨੇ ਇਸ ਤੋਂ ਇਲਾਵਾ ਵੀ ਬਹੁਤ ਸਾਰੇ ਪ੍ਰੋਗਰਾਮ ਅਤੇ ਈਵੈਂਟ ਕਰਵਾਏ ਹਨ ਜਿੱਥੇ ਲੋਕਾਂ ਨੂੰ ਸਿੱਖ ਸਿਪਾਹੀਆਂ ਦੇ ਯੋਗਦਾਨ ਬਾਰੇ ਦੱਸਿਆ ਜਾਂਦਾ ਹੈ। ਉਹ ਕਾਮਨਵੈਲਥ ਵਾਰ ਗ੍ਰੇਵਜ਼ ਕਮਿਸ਼ਨ ਦੇ ਫ਼ਾਊਂਡੇਸ਼ਨ ਦੇ ਟਰੱਸਟੀ ਵੀ ਹਨ ਅਤੇ 2017 ਤੋਂ ਇਸ ਵਿੱਚ ਕੰਮ ਕਰ ਰਹੇ ਹਨ।

ਕੈਪਟਨ ਸਿੰਘ ਸੋਹਲ ਨੇ ਅਵਾਰਡ ਲੈਣ ਤੋਂ ਬਾਅਦ ਕਿਹਾ ਕਿ ਉਹ ਇਸ ਮਾਣ ਤੋਂ ਬਹੁਤ ਖ਼ੁਸ਼ ਹਨ। ਉਨ੍ਹਾਂ ਨੇ ਕਿਹਾ, 'ਇਹ ਸਿੱਖ ਕੌਮ ਲਈ ਮਾਣ ਵਾਲੀ ਗੱਲ ਹੈ ਅਤੇ ਬ੍ਰਿਟਿਸ਼ ਇਤਿਹਾਸ ਵਿੱਚ ਸਿੱਖਾਂ ਦਾ ਯੋਗਦਾਨ ਹੈ। ਮੈਂ ਆਸ ਕਰਦਾ ਹਾਂ ਕਿ ਇਹ ਨੌਜਵਾਨਾਂ ਨੂੰ ਪ੍ਰੇਰਿਤ ਕਰੇਗਾ ਕਿ ਉਹ ਵੀ ਆਪਣੇ ਦੇਸ਼ ਲਈ ਸੇਵਾ ਕਰਨ।' ਉਨ੍ਹਾਂ ਨੇ ਇਹ ਐਵਾਰਡ ਆਪਣੇ ਦਾਦਾ-ਦਾਦੀ ਨੂੰ ਸਮਰਪਿਤ ਕੀਤਾ, ਜੋ 1960 ਦੇ ਦਹਾਕੇ ਵਿੱਚ ਬ੍ਰਿਟੇਨ ਆਏ ਸਨ ਅਤੇ ਮਿਹਨਤਕਸ਼ ਜੀਵਨ ਜਿਊਂਦੇ ਹੋਏ ਸਿੱਖ ਕਦਰਾਂ ਕੀਮਤਾਂ ਨੂੰ ਕਾਇਮ ਰੱਖਿਆ।

ਬ੍ਰਿਟਿਸ਼ ਆਰਮੀ ਵਿੱਚ ਕੈਪਟਨ ਸਿੰਘ ਸੋਹਲ ਦਾ ਯੋਗਦਾਨ ਵੀ ਬਹੁਤ ਮਹੱਤਵਪੂਰਨ ਹੈ। ਉਹ ਰਿਜ਼ਰਵਿਸਟ ਹੋਣ ਦੇ ਨਾਲ-ਨਾਲ ਸਿੱਖ ਇਤਿਹਾਸ ਨੂੰ ਪ੍ਰਮੋਟ ਕਰਦੇ ਹਨ। ਉਨ੍ਹਾਂ ਨੇ ਸਾਰਾਗੜ੍ਹੀ ਦੀ ਲੜਾਈ ਵਰਗੇ ਈਵੈਂਟ ਵੀ ਬ੍ਰਿਟੇਨ ਵਿੱਚ ਮਨਾਏ ਹਨ। ਉਨ੍ਹਾਂ ਦੇ ਕੰਮ ਨਾਲ ਨਾ ਸਿਰਫ਼ ਸਿੱਖ ਕੌਮ ਨੂੰ ਮਾਣ ਮਿਲਿਆ ਹੈ, ਸਗੋਂ ਵੱਖ-ਵੱਖ ਭਾਈਚਾਰਿਆਂ ਨੂੰ ਵੀ ਬ੍ਰਿਟਿਸ਼ ਫ਼ੌਜ ਵਿੱਚ ਸੇਵਾ ਕਰਨ ਲਈ ਪ੍ਰੇਰਨਾ ਮਿਲੀ ਹੈ। ਇਹ ਐਵਾਰਡ ਪੰਜਾਬੀ ਅਤੇ ਸਿੱਖ ਵਿਰਸੇ ਨੂੰ ਵਿਸ਼ਵ ਪੱਧਰ 'ਤੇ ਮਾਣ ਦਿੰਦਾ ਹੈ। ਇਹ ਦਿਖਾਉਂਦਾ ਹੈ ਕਿ ਸਿੱਖਾਂ ਨੇ ਨਾ ਸਿਰਫ਼ ਪੰਜਾਬ ਵਿੱਚ, ਸਗੋਂ ਵਿਦੇਸ਼ਾਂ ਵਿੱਚ ਵੀ ਆਪਣੀ ਬਹਾਦਰੀ ਅਤੇ ਸੇਵਾ ਨਾਲ ਨਾਮ ਕਮਾਇਆ ਹੈ। ਇਸ ਐਵਾਰਡ ਨਾਲ ਪੂਰੀ ਸਿੱਖ ਕੌਮ ਨੂੰ ਮਾਣ ਮਹਿਸੂਸ ਹੋ ਰਿਹਾ ਹੈ ਅਤੇ ਇਹ ਪੰਜਾਬੀਆਂ ਲਈ ਵੀ ਇੱਕ ਵੱਡੇ ਮਾਣ ਵਾਲੀ ਗੱਲ ਹੈ।

RAISING VOICE FOR TRUTH
ਹੋਕਾ TV

# HOKA TV
# (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

**ਮੁਫ਼ਤ ਉਪਲੱਬਧ ਹੈ**

Download on the App Store

GET IT ON Google Play

**ਹੋਰ ਜਾਣਕਾਰੀ ਲਈ ਵੇਖੋ**

**https://hokatv.com/guest/home**